# ਮਾਰਕਸ

# ਪੂੰਜੀ ਦੀ ਉਤਪਤੀ

ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

**ਕਾਰਲ ਮਾਰਕਸ**

# ਪੂੰਜੀ ਦੀ ਉਤਪਤੀ



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)**

ਇਸ ਪੁਸਤਕ ਵਿੱਚ ਕਾਰਲ ਮਾਰਕਸ ਦੀ ਰਚਨਾ "ਪੂੰਜੀ" ਦੇ ਪਹਿਲੇ ਅੰਗ੍ਰੇਜ਼ੀ ਐਡੀਸ਼ਨ ਦੇ ਅਠਵੇਂ ਹਿੱਸੇ ਦਾ ਅਨੁਵਾਦ ਦਿੱਤਾ ਗਿਆ ਹੈ।

ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1976 ਸੋਵੀਅਤ ਯੂਨੀਅਨ ਵਿੱਚ ਛਪਿਆ।

ਇਹ ਐਡੀਸ਼ਨ — ਸਤੰਬਰ 2011

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 45 ਰੁਪਏ**

# ਤਤਕਰਾ


ਆਰੰਭਕ ਇਕੱਤ੍ਰੀਕਰਨ ਦਾ ਰਹੱਸ ........................................ 5

ਜ਼ਰਾਇਤੀ ਵੱਸੋਂ ਦੀ ਜ਼ਮੀਨ ਤੋਂ ਬੇਦਖਲੀ ........................................ 9

ਬੇਦਖਲ ਕੀਤੇ ਗਏ ਲੋਕਾਂ ਵਿਰੁੱਧ 15ਵੀਂ ਸਦੀ ਤੋਂ ਲੈ ਕੇ ਖ਼ੂਨੀ
ਕਾਨੂੰਨਾਂ ਦਾ ਬਣਨਾ। ਪਾਰਲੀਮੈਂਟ ਦੁਆਰਾ ਕਾਨੂੰਨਾਂ
ਰਾਹੀਂ ਉਜਰਤਾਂ ਨੂੰ ਜ਼ਬਰਦਸਤੀ ਘਟਾਉਣਾ ........................................ 25

ਪੂੰਜੀਵਾਦੀ ਕਾਸ਼ਤਕਾਰ ਦੀ ਉਤਪਤੀ ........................................ 47

ਜ਼ਰਾਇਤੀ ਇਨਕਲਾਬ ਦਾ ਸਨਅਤ ਉਪਰ ਪ੍ਰਤਿਕਰਮ।
ਸਨਅਤੀ ਪੂੰਜੀ ਲਈ ਘਰੇਲੂ ਮੰਡੀ ਦੀ ਸਿਰਜਨਾ ........................................ 50

ਸਨਅਤੀ ਪੂੰਜੀਪਤੀ ਦੀ ਉਤਪਤੀ ........................................ 56

ਪੂੰਜੀਵਾਦੀ ਇਕੱਤ੍ਰੀਕਰਨ ਦੀ ਇਤਿਹਾਸਕ ਪ੍ਰਵਿਰਤੀ ........................................ 72

ਬਸਤੀਆਂ ਬਣਾਉਣ ਦਾ ਆਧੁਨਿਕ ਸਿਧਾਂਤ ........................................ 76

# ਆਰੰਭਕ ਇਕੱਤ੍ਰੀਕਰਨ ਦਾ ਰਹੱਸ

ਅਸੀਂ ਇਹ ਦੇਖ ਚੁੱਕੇ ਹਾਂ ਕਿ ਮੁਦਰਾ ਨੂੰ ਪੂੰਜੀ ਵਿੱਚ ਕਿਵੇਂ ਬਦਲਿਆ ਜਾਂਦਾ ਹੈ; ਕਿਵੇਂ ਪੂੰਜੀ ਰਾਹੀਂ ਵਾਧੂ-ਕਦਰ ਪੈਦਾ ਕੀਤੀ ਜਾਂਦੀ ਹੈ, ਅਤੇ ਵਾਧੂ-ਕਦਰ ਤੋਂ ਹੋਰ ਪੂੰਜੀ ਬਣਾਈ ਜਾਂਦੀ ਹੈ। ਪਰ ਪੂੰਜੀ ਦੇ ਇਕੱਤ੍ਰੀਕਰਨ ਲਈ ਵਾਧੂ-ਕਦਰ ਪੂਰਵ-ਨਿਸ਼ਚਿਤ ਹੈ; ਵਾਧੂ-ਕਦਰ ਲਈ ਪੂੰਜੀਵਾਦੀ ਉਤਪਾਦਨ ਪੂਰਵ-ਨਿਸ਼ਚਿਤ ਹੈ; ਪੂੰਜੀਵਾਦੀ ਉਤਪਾਦਨ ਲਈ ਜਿਣਸਾਂ ਦੇ ਉਤਪਾਦਕਾਂ ਦੇ ਹੱਥਾਂ ਵਿੱਚ ਪੂੰਜੀ ਅਤੇ ਕਿਰਤ-ਸ਼ਕਤੀ ਦੀ ਚੋਖੀ ਵੱਡੀ ਮਾਤਰਾ ਦਾ ਪਹਿਲਾਂ ਤੋਂ ਹੀ ਹੋਣਾ ਪੂਰਵ-ਨਿਸ਼ਚਿਤ ਹੈ। ਇਸ ਲਈ, ਇਸ ਤਰ੍ਹਾਂ ਜਾਪਦਾ ਹੈ ਕਿ ਇਹ ਪੂਰੀ ਕਿਰਿਆ ਇੱਕ ਵਿਹੁਚੱਕਰ ਵਿੱਚ ਚੱਲਦੀ ਰਹਿੰਦੀ ਹੈ, ਜਿਸ ਵਿੱਚੋਂ ਅਸੀਂ ਕੇਵਲ ਤਾਂ ਹੀ ਨਿਕਲ ਸਕਦੇ ਹਾਂ ਜੇ ਇਹ ਮੰਨ ਲਈਏ ਕਿ ਪੂੰਜੀਵਾਦੀ ਇਕੱਤ੍ਰੀਕਰਨ ਤੋਂ ਪਹਿਲਾਂ "ਆਰੰਭਕ" ਇਕੱਤ੍ਰੀਕਰਨ ਹੋਇਆ ਸੀ (ਜਿਸ ਨੂੰ ਐਡਮ ਸਮਿੱਥ ਨੇ ਪੂਰਬਲਾ ਇਕੱਤ੍ਰੀਕਰਨ «Previous accumulation» ਆਖਿਆ ਹੈ); ਭਾਵ ਐਸਾ ਇਕੱਤ੍ਰੀਕਰਨ ਜੋ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦਾ ਸਿੱਟਾ ਨਹੀਂ ਸੀ ਸਗੋਂ ਇਸ ਦਾ ਆਰੰਭਕ ਬਿੰਦੂ ਸੀ।

ਇਹ ਆਰੰਭਕ ਇਕੱਤ੍ਰੀਕਰਨ ਰਾਜਨੀਤਕ ਆਰਥਕਤਾ ਵਿੱਚ ਉਹ ਰੋਲ ਅਦਾ ਕਰਦਾ ਹੈ ਜੋ ਧਰਮ-ਸ਼ਾਸਤਰ ਵਿੱਚ ਮੂਲ ਪਾਪ। ਆਦਮ ਨੇ ਸੇਬ ਚੱਖਿਆ ਤੇ ਇਸ ਕਰਕੇ ਮਨੁੱਖ ਜਾਤੀ ਪਾਪਾਂ ਦੀ ਭਾਗੀ ਹੋ ਗਈ। ਜਦੋਂ ਇਸ ਨੂੰ ਬੀਤੇ ਦੀ ਇੱਕ ਕਹਾਣੀ ਕਰਕੇ ਸੁਣਾਇਆ ਜਾਂਦਾ ਹੈ ਤਾਂ ਇਸ ਦੇ ਮੂਲ ਦੀ ਵਿਆਖਿਆ ਹੋ ਗਈ ਸਮਝੀ ਜਾਂਦੀ ਹੈ। ਬਹੁਤ ਸਮਾਂ ਬੀਤ ਗਿਆ ਹੈ ਜਦੋਂ ਦੁਨੀਆਂ ਵਿੱਚ ਦੋ ਤਰ੍ਹਾਂ ਦੇ ਲੋਕ ਰਹਿੰਦੇ ਸਨ; ਇੱਕ ਬਹੁਤ ਹੀ ਮਿਹਨਤੀ, ਬੁੱਧੀਮਾਨ, ਅਤੇ ਸਭ ਤੋਂ ਵੱਡੀ ਗੱਲ, ਸੰਜਮੀ ਪ੍ਰਤਿਸ਼ਠਤ ਲੋਕ ਸਨ; ਦੂਸਰੇ ਸਨ ਸੁਸਤ ਬਦਮਾਸ਼ ਜਿਹੜੇ ਆਪਣਾ ਸੱਤ-ਸਾਰ ਭੋਗ-ਵਿਲਾਸ ਤੇ ਝਗੜੇ ਝਾਂਜਿਆਂ ਵਾਲੇ ਜੀਵਨ ਵਿੱਚ ਗੁਜ਼ਾਰਦੇ ਸਨ। ਧਰਮ-ਸ਼ਾਸਤਰ ਦੇ ਮੂਲ ਪਾਪ ਦੀ ਕਥਾ ਸਾਨੂੰ ਇਹ ਨਿਸ਼ਚਿਤ ਰੂਪ ਵਿੱਚ ਦਸਦੀ ਹੈ ਕਿ ਆਦਮੀ ਇਸ ਹੋਣੀ ਦਾ ਭਾਗੀ ਕਿਵੇਂ ਹੋਇਆ ਕਿ ਉਹ ਆਪਣੀ ਰੋਟੀ ਆਪਣੇ ਲਹੂ ਪਸੀਨੇ ਵਿੱਚ ਭਿਉਂ ਕੇ ਖਾਏ; ਪਰ ਆਰਥਕ ਮੂਲ ਪਾਪ ਦਾ ਇਤਿਹਾਸ ਸਾਨੂੰ ਇਹ ਦੱਸਦਾ ਹੈ ਕਿ ਕੁਝ ਅਜਿਹੇ ਲੋਕ ਹਨ ਜਿਨ੍ਹਾਂ ਲਈ ਇੰਝ ਕਰਨਾ ਇਸੇ ਤਰ੍ਹਾਂ ਵੀ ਜ਼ਰੂਰੀ ਨਹੀਂ। ਖੈਰ ਛੱਡੋ ਇਸ ਗੱਲ ਨੂੰ! ਸੋ ਹੋਇਆ ਇਹ ਕਿ ਪਹਿਲੀ ਕਿਸਮ ਦੇ ਲੋਕਾਂ ਨੇ ਦੌਲਤ ਇਕੱਤਰ ਕਰ ਲਈ, ਅਤੇ ਦੂਜੀ ਕਿਸਮ ਦੇ ਲੋਕਾਂ ਕੋਲ ਅਖ਼ੀਰ ਆਪਣੀਆਂ ਚਮੜੀਆਂ ਤੋਂ ਸਿਵਾ ਵੇਚਣ ਲਈ ਹੋਰ ਕੁਝ ਨਾ ਰਿਹਾ। ਅਤੇ ਇਸ ਮੂਲ ਮਾਪ ਦੀ ਘੜੀ ਤੋਂ ਹੀ ਵੱਡੀ ਬਹੁ-ਗਿਣਤੀ ਦੀ ਗਰੀਬੀ ਦਾ, ਜਿਸ ਕੋਲ, ਆਪਣੀ ਸਾਰੀ ਕਿਰਤ ਦੇ ਬਾਵਜੂਦ, ਆਪਣੇ ਆਪ ਤੋਂ ਇਲਾਵਾ ਵੇਚਣ ਲਈ ਹੋਰ ਕੁਝ ਨਹੀਂ, ਅਤੇ ਕੁਝ ਲੋਕਾਂ ਦੀ ਦੌਲਤ ਦਾ ਇਤਿਹਾਸ ਆਰੰਭ ਹੁੰਦਾ ਹੈ ਜਿਹੜੀ ਲਗਾਤਾਰ ਵਧਦੀ ਜਾਂਦੀ ਹੈ ਭਾਵੇਂ ਉਹਨਾਂ ਨੇ ਢੇਰ ਚਿਰ ਤੋਂ ਕੰਮ

ਕਰਨਾ ਛੱਡ ਦਿੱਤਾ ਹੋਇਆ ਹੈ। Propriété [ਜਾਇਦਾਦ] ਦੀ ਹਮਾਇਤ ਵਿੱਚ ਹਰ ਰੋਜ਼ ਸਾਨੂੰ ਇਸ ਕਿਸਮ ਦੀ ਬਚਗਾਨਾ ਬਕਵਾਸ ਸੁਣਾਈ ਜਾਂਦੀ ਹੈ। ਮਿਸਾਲ ਲਈ, ਐਮ. ਥੀਏਰ ਨੇ ਪੂਰੇ ਆਤਮ-ਵਿਸ਼ਵਾਸ ਨਾਲ਼ ਇਹ ਗੱਲ ਇੱਕ ਰਾਜਨੇਤਾ ਵਾਲੀ ਪੂਰੀ ਗੰਭੀਰਤਾ ਨਾਲ਼ ਫ਼ਰਾਂਸੀਸੀ ਕੌਮ ਦੇ ਸਾਹਮਣੇ ਦੁਹਰਾਈ ਸੀ ਜਿਹੜੀ ਇੱਕ ਸਮੇਂ ਬੜੀ ਪ੍ਰਤਿਭਾਸ਼ਾਲੀ ਕੌਮ ਸੀ। ਪਰ ਜਿਵੇਂ ਹੀ ਜਾਇਦਾਦ ਦਾ ਸਵਾਲ ਉੱਠਦਾ ਹੈ, ਤਾਂ ਇਹ ਪਵਿੱਤਰ ਫਰਜ਼ ਬਣ ਜਾਂਦਾ ਹੈ ਕਿ ਬਾਲ ਦੀ ਬੌਧਿਕ ਖ਼ੁਰਾਕ ਹੀ ਸਭਨਾਂ ਉਮਰਾਂ ਲਈ ਤੇ ਵਿਕਾਸ ਦੇ ਸਭਨਾਂ ਪੜਾਵਾਂ ਲਈ ਯੋਗ ਖੁਰਾਕ ਘੋਸ਼ਤ ਕੀਤੀ ਜਾਏ। ਵਾਸਤਵਿਕ ਇਤਿਹਾਸ ਵਿੱਚ ਇਹ ਗੱਲ ਬਦਨਾਮ ਹੈ ਕਿ ਜਿੱਤਾਂ ਜਿੱਤਣ, ਦੂਜਿਆਂ ਨੂੰ ਗੁਲਾਮ ਬਣਾਉਣ, ਡਾਕਾਜ਼ਨੀ, ਕਤਲ, ਸੰਖੇਪ ਵਿੱਚ ਬਲ-ਪ੍ਰਯੋਗ ਦਾ ਮਹਾਨ ਰੋਲ ਹੈ। ਪਰ ਰਾਜਨੀਤਕ ਆਰਥਕਤਾ ਦੇ ਕੋਮਲ ਇਤਿਹਾਸ ਵਿੱਚ, ਬਾਬਾ ਆਦਮ ਦੇ ਜ਼ਮਾਨੇ ਤੋਂ ਹੀ ਮਨਮੋਹਣੀਆਂ ਕਾਵਿਕ ਕਹਾਣੀਆਂ ਦੀ ਹੀ ਚਰਚਾ ਰਹੀ ਹੈ। ਅਧਿਕਾਰ ਅਤੇ "ਕਿਰਤ" ਸਦਾ ਤੋਂ ਹੀ ਅਮੀਰ ਬਣਨ ਦਾ ਇੱਕੋ ਇੱਕ ਸਾਧਨ ਰਹੇ ਹਨ, ਨਿਰਸੰਦੇਹ, "ਚਾਲੂ ਸਾਲ" ਨੂੰ ਹਮੇਸ਼ਾ ਛੱਡ ਕੇ। ਸੱਚੀ ਗੱਲ ਤਾਂ ਇਹ ਹੈ ਕਿ ਆਰੰਭਕ ਇਕੱਤ੍ਰੀਕਰਨ ਦੇ ਢੰਗ ਹੋਰ ਭਾਵੇਂ ਕੁਝ ਵੀ ਹੋਣ ਸੁੰਦਰ ਉੱਕਾ ਹੀ ਨਹੀਂ ਸਨ।

ਜਿਵੇਂ ਉਤਪਾਦਨ ਅਤੇ ਉਪਜੀਵਕਾ ਦੇ ਸਾਧਨ ਆਪਣੇ ਆਪ ਵਿੱਚ ਪੂੰਜੀ ਨਹੀਂ ਹੁੰਦੇ ਤਿਵੇਂ ਹੀ ਮੁਦਰਾ ਅਤੇ ਜਿਣਸਾਂ ਆਪਣੇ ਆਪ ਵਿੱਚ ਪੂੰਜੀ ਨਹੀਂ ਹੁੰਦੀਆਂ। ਉਹਨਾਂ ਦੀ ਪੂੰਜੀ ਵਿੱਚ ਤਬਦੀਲੀ ਕਰਨੀ ਪੈਂਦੀ ਹੈ। ਪਰ ਇਹ ਤਬਦੀਲੀ ਖੁਦ ਨਿਸ਼ਚਿਤ ਹਾਲਾਤ ਅਧੀਨ ਹੀ ਹੋ ਸਕਦੀ ਹੈ। ਇਹਨਾਂ ਹਾਲਾਤ ਦੀ ਕੇਂਦਰੀ ਗੱਲ ਇਹ ਹੈ ਕਿ ਦੋ ਬਿਲਕੁਲ ਹੀ ਵੱਖ ਵੱਖ ਕਿਸਮ ਦੇ ਜਿਣਸ-ਮਾਲਕਾਂ ਨੂੰ ਇੱਕ ਦੂਜੇ ਦੇ ਸਨਮੁੱਖ ਅਤੇ ਸੰਪਰਕ ਵਿੱਚ ਆਉਣਾ ਚਾਹੀਦਾ ਹੈ; ਇੱਕ ਪਾਸੇ ਮੁਦਰਾ ਦੇ, ਉਤਪਾਦਨ ਦੇ ਸਾਧਨਾਂ ਦੇ, ਉਪਜੀਵਕਾ ਦੇ ਸਾਧਨਾਂ ਦੇ ਮਾਲਕ ਹੁੰਦੇ ਹਨ ਜਿਹੜੇ ਦੂਜੇ ਲੋਕਾਂ ਦੀ ਕਿਰਤ-ਸ਼ਕਤੀ ਨੂੰ ਖ਼ਰੀਦ ਕੇ ਉਹਨਾਂ ਕਦਰਾਂ ਦਾ, ਜੋ ਉਹਨਾਂ ਦੇ ਪਾਸ ਹਨ, ਕੁੱਲ ਜੋੜ ਵਧਾਉਣ ਲਈ ਉਤਸੁਕ ਹੁੰਦੇ ਹਨ; ਦੂਜੇ ਪਾਸੇ ਹੁੰਦੇ ਹਨ ਸੁਤੰਤਰ ਮਜ਼ਦੂਰ, ਆਪਣੀ ਕਿਰਤ ਸ਼ਕਤੀ ਨੂੰ, ਅਤੇ ਇਸੇ ਲਈ ਹੀ ਆਪਣੀ ਕਿਰਤ ਨੂੰ ਵੇਚਣ ਵਾਲੇ। ਇਹ ਕਿਰਤੀ ਇਹਨਾਂ ਦੂਹਰੇ ਅਰਥਾਂ ਵਿੱਚ ਸੁਤੰਤਰ ਹੁੰਦੇ ਹਨ ਕਿ ਉਹ ਨਾ ਤਾਂ ਖ਼ੁਦ ਉਤਪਾਦਨ ਦੇ ਸਾਧਨਾਂ ਦਾ ਅੰਗ ਹੀ ਹੁੰਦੇ ਹਨ ਜਿਵੇਂ ਕਿ ਗੁਲਾਮਾਂ, ਭੂਮੀ-ਗੁਲਾਮਾਂ ਆਦਿ ਦੀ ਸੂਰਤ ਵਿੱਚ ਹੁੰਦਾ ਹੈ ਅਤੇ ਨਾ ਹੀ ਉਤਪਾਦਨ ਦੇ ਸਾਧਨ ਉਹਨਾਂ ਦੀ ਮਲਕੀਅਤ ਹੁੰਦੇ ਹਨ ਜਿਵੇਂ ਕਿ ਮਾਲਕ-ਕਿਸਾਨਾਂ ਦੀ ਹਾਲਾਤ ਵਿੱਚ ਹੁੰਦਾ ਹੈ; ਇਸ ਲਈ ਉਹ ਆਪਣੇ ਕਿਸੇ ਵੀ ਉਤਪਾਦਨ ਦੇ ਸਾਧਨ ਤੋਂ ਸੁਤੰਤਰ, ਉਸ ਦੇ ਭਾਰ ਤੋਂ ਮੁਕਤ ਹੁੰਦੇ ਹਨ। ਜਿਣਸਾਂ ਦੀ ਮੰਡੀ ਦੇ ਇਸ ਧਰੁਵੀਕਰਨ ਨਾਲ਼ ਪੂੰਜੀਵਾਦੀ ਉਤਪਾਦਨ ਦੀਆਂ ਬੁਨਿਆਦੀ ਪ੍ਰਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਪੂੰਜੀਵਾਦੀ ਪ੍ਰਬੰਧ ਉਹਨਾਂ ਸਾਧਨਾਂ ਵਿਚਲੀ ਸਾਰੀ ਜਾਇਦਾਦ ਤੋਂ, ਜਿਨ੍ਹਾਂ ਦੀ ਮਦਦ ਨਾਲ਼ ਉਹ ਆਪਣੀ ਕਿਰਤ ਨੂੰ ਸਾਕਾਰ ਕਰ ਸਕਦੇ ਹਨ, ਕਿਰਤੀਆਂ ਦੀ ਪੂਰਨ ਅਲਹਿਦਗੀ ਪੂਰਵ-ਨਿਸ਼ਚਿਤ ਕਰਦਾ ਹੈ। ਜਿਵੇਂ ਹੀ ਪੂੰਜੀਵਾਦੀ ਉਤਪਾਦਨ ਇੱਕ ਵਾਰੀ ਆਪਣੇ ਪੈਰਾਂ 'ਤੇ ਖੜਾ ਹੋ ਜਾਂਦਾ ਹੈ, ਉਹ ਇਸ ਅਲਹਿਦਗੀ ਨੂੰ ਕਾਇਮ ਹੀ ਨਹੀਂ

ਰੱਖਦਾ, ਸਗੋਂ ਲਗਾਤਾਰ ਵਧਦੇ ਪੈਮਾਨੇ ਉੱਤੇ ਇਸ ਦਾ ਪੁਨਰ-ਉਤਪਾਦਨ ਕਰਦਾ ਜਾਂਦਾ ਹੈ। ਇਸ ਲਈ ਜਿਹੜਾ ਅਮਲ ਪੂੰਜੀਵਾਦੀ ਪ੍ਰਬੰਧ ਲਈ ਰਾਹ ਸਾਫ਼ ਕਰਦਾ ਹੈ ਉਹ ਉਸ ਅਮਲ ਤੋਂ ਬਿਨਾਂ ਹੋਰ ਕੁਝ ਨਹੀਂ ਹੋ ਸਕਦਾ ਜਿਹੜਾ ਕਿਰਤੀ ਤੋਂ ਉਸ ਦੇ ਉਤਪਾਦਨ ਦੇ ਸਾਧਨਾਂ ਦੀ ਮਾਲਕੀ ਖੋਹ ਲੈ ਜਾਂਦਾ ਹੈ; ਇਕ ਐਸਾ ਅਮਲ ਜਿਹੜਾ, ਇੱਕ ਪਾਸੇ, ਉਪਜੀਵਕਾ ਦੇ ਅਤੇ ਉਤਪਾਦਨ ਦੇ ਸਾਮਜੀ ਸਾਧਨਾਂ ਨੂੰ ਪੂੰਜੀ ਦਾ ਰੂਪ ਦੇ ਦੇਂਦਾ ਹੈ ਅਤੇ, ਦੂਜੇ ਪਾਸੇ, ਸਿੱਧੇ ਉਤਪਾਦਕਾਂ ਨੂੰ ਉਜਰਤੀ-ਕਿਰਤੀ ਬਣਾ ਦੇਂਦਾ ਹੈ। ਇਸ ਲਈ, ਅਖੌਤੀ ਆਰੰਭਕ ਇਕੱਤ੍ਰੀਕਰਨ ਉਤਪਾਦਨ ਦੇ ਸਾਧਨਾਂ ਤੋਂ ਉਤਪਾਦਕ ਨੂੰ ਅਲੱਗ ਕਰਨ ਦੇ ਇਤਿਹਾਸਕ ਅਮਲ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਹ "ਆਰੰਭਕ" ਇਸ ਲਈ ਜਾਪਦਾ ਹੈ ਕਿਉਂਕਿ ਇਹ ਪੂੰਜੀ ਦੇ ਅਤੇ ਇਸ ਦੇ ਨਾਲ਼ ਮੇਲ ਖਾਂਦੀ ਉਤਪਾਦਨ ਪ੍ਰਣਾਲੀ ਦੇ ਪੂਰਵ-ਇਤਿਹਾਸਕ ਦੌਰ ਦਾ ਰੂਪ ਹੈ।

ਪੂੰਜੀਵਾਦੀ ਸਮਾਜ ਦਾ ਆਰਥਕ ਢਾਂਚਾ ਸਾਮੰਤੀ ਸਮਾਜ ਦੇ ਆਰਥਕ ਢਾਂਚੇ ਵਿਚੋਂ ਹੀ ਜਨਮਿਆ ਹੈ। ਸਾਮੰਤੀ ਸਮਾਜ ਦੇ ਆਰਥਕ ਢਾਂਚੇ ਦਾ ਖਾਤਮਾ ਪੂੰਜੀਵਾਦੀ ਸਮਾਜ ਦੇ ਆਰਥਕ ਢਾਂਚੇ ਦੇ ਤੱਤਾਂ ਨੂੰ ਆਜ਼ਾਦ ਕਰ ਦੇਂਦਾ ਹੈ।

ਸਿੱਧਾ ਉਤਪਾਦਕ, ਕਿਰਤੀ, ਕੇਵਲ ਉਦੋਂ ਹੀ ਆਪਣੇ ਆਪ ਨੂੰ ਵੇਚ ਸਕਦਾ ਹੈ ਜਦੋਂ ਉਹ ਧਰਤੀ ਨਾਲ਼ ਸਬੰਧਤ ਨਹੀਂ ਰਹਿੰਦਾ ਅਤੇ ਉਹ ਗੁਲਾਮ, ਭੂਮੀ-ਗੁਲਾਮ ਜਾਂ ਕਿਸੇ ਹੋਰ ਦਾ ਦਾਸ ਨਹੀਂ ਰਹਿੰਦਾ। ਕਿਰਤ-ਸ਼ਕਤੀ ਦਾ ਸੁਤੰਤਰ ਵਿਕਰੇਤਾ ਬਣਨ ਲਈ, ਜਿਹੜਾ ਆਪਣੀ ਜਿਣਸ ਨੂੰ ਉੱਥੇ ਹੀ ਲੈ ਜਾਂਦਾ ਹੈ ਜਿੱਥੇ ਉਸ ਲਈ ਮੰਡੀ ਹੁੰਦੀ ਹੈ, ਉਸ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਗਿਲਡਾਂ ਦੇ ਸ਼ਾਸਨ ਤੋਂ, ਸ਼ਾਗਿਰਦਾਂ ਅਤੇ ਮਜ਼ਦੂਰ-ਕਾਰੀਗਰਾਂ ਲਈ ਉਹਨਾਂ ਦੇ ਨੇਮਾਂ ਤੋਂ, ਅਤੇ ਉਹਨਾਂ ਦੇ ਕਿਰਤ ਕਾਇਦਿਆਂ ਦੀਆਂ ਰੁਕਾਵਟਾਂ ਤੋਂ ਮੁਕਤ ਹੋਵੇ। ਇਸ ਲਈ, ਉਹ ਇਤਿਹਾਸਕ ਅਮਲ ਜਿਹੜਾ ਉਤਪਾਦਕਾਂ ਨੂੰ ਉਜਰਤੀ-ਮਜ਼ਦੂਰ ਬਣਾ ਦੇਂਦਾ ਹੈ, ਇਕ ਪਾਸੇ, ਭੂਮੀ-ਗੁਲਾਮੀ ਤੋਂ ਅਤੇ ਗਿਲਡਾਂ ਦੀਆਂ ਕੜੀਆਂ ਤੋਂ ਉਹਨਾਂ ਦੀ ਨਿਜਾਤ ਪ੍ਰਤੀਤ ਹੁੰਦੀ ਹੈ, ਅਤੇ ਸਾਡੇ ਬੁਰਜੂਆ ਇਤਿਹਾਸਕਾਰਾਂ ਨੂੰ ਇਸ ਦਾ ਕੇਵਲ ਇਹੋ ਪੱਖ ਹੀ ਨਜ਼ਰ ਆਉਂਦਾ ਹੈ। ਪਰ, ਦੂਜੇ ਪਾਸੇ, ਇਹ ਨਵੇਂ ਬਣੇ ਸੁਤੰਤਰ ਲੋਕ ਆਪਣੇ ਆਪ ਨੂੰ ਵੇਚਣ ਵਾਲੇ ਕੇਵਲ ਓਦੋਂ ਹੀ ਬਣੇ ਜਦੋਂ ਉਹਨਾਂ ਕੋਲੋਂ ਉਹਨਾਂ ਦੇ ਸਭੇ ਉਤਪਾਦਨ ਦੇ ਸਾਧਨ ਅਤੇ ਜੀਵਨ-ਨਿਰਬਾਹ ਦੀਆਂ ਉਹ ਸਭੇ ਗਰੰਟੀਆਂ ਖੋਹ ਲਈਆਂ ਗਈਆਂ ਜੋ ਪੁਰਾਣੀ ਸਾਮੰਤੀ ਵਿਵਸਥਾ ਨੇ ਉਹਨਾਂ ਨੂੰ ਦਿੱਤੀਆਂ ਸਨ। ਅਤੇ ਇਸ ਗੱਲ ਦੀ, ਉਹਨਾਂ ਨੂੰ ਸੰਪਤੀਹੀਣ ਕਰਨ ਦੀ ਕਹਾਣੀ ਲਹੂ ਤੇ ਅੱਗ ਦੇ ਅੱਖਰਾਂ ਵਿੱਚ ਮਨੁੱਖਤਾ ਦੇ ਇਤਿਹਾਸ ਵਿੱਚ ਲਿਖੀ ਪਈ ਹੈ।

ਇਹਨਾਂ ਨਵੇਂ ਸ਼ਕਤੀਮਾਨਾਂ ਨੇ, ਸਨਅਤੀ ਪੂੰਜੀਪਤੀਆਂ ਨੇ, ਆਪਣੀ ਵਾਰੀ ਕੇਵਲ ਦਸਤਕਾਰੀਆਂ ਦੇ ਗਿਲਡ ਮਾਲਕਾਂ ਦਾ ਹੀ ਨਹੀਂ ਸਗੋਂ ਸਾਮੰਤੀ ਪ੍ਰਭੂਆਂ ਦਾ, ਦੌਲਤ ਦੇ ਸੋਮਿਆਂ ਦੇ ਮਾਲਕਾਂ ਦਾ ਵੀ ਸਥਾਨ ਮੱਲਣਾ ਸੀ। ਇਸ ਪੱਖ ਤੋਂ ਉਹਨਾਂ ਵੱਲੋਂ ਸਮਾਜਿਕ ਸੱਤਾ ਦੀ ਇਹ ਵਿਜੈ ਸਾਮੰਤੀ ਪ੍ਰਭੂਆਂ ਅਤੇ ਉਹਨਾਂ ਦੇ ਘਿਣਾਉਣੇ ਸ਼ਾਹੀ-ਅਧਿਕਾਰਾਂ ਦੇ

ਖਿਲਾਫ ਅਤੇ ਗਿਲਡਾਂ ਅਤੇ ਉਤਪਾਦਨ ਦੇ ਸੁਤੰਤਰ ਵਿਕਾਸ ਅਤੇ ਮਨੁੱਖ ਦੁਆਰਾ ਮਨੁੱਖ ਦੀ ਸੁਤੰਤਰ ਲੁੱਟ-ਖਸੁੱਟ ਉੱਤੇ ਇਹਨਾਂ ਵੱਲੋਂ ਲਾਏ ਬੰਧਨਾਂ ਦੇ ਖਿਲਾਫ਼ ਜੇਤੂ ਸੰਗਰਾਮ ਦਾ ਇੱਕ ਫਲ਼ ਪ੍ਰਤੀਤ ਹੁੰਦੀ ਹੈ। ਪਰੰਤੂ ਸਨਅਤ ਦੇ ਯੋਧੇ ਤਲਵਾਰ ਦੇ ਯੋਧਿਆਂ ਦੀ ਥਾਂ ਸੰਭਾਲ ਲੈਣ ਵਿੱਚ ਕੇਵਲ ਤਾਂ ਹੀ ਸਫ਼ਲ ਹੋਏ ਕਿਉਂਕਿ ਉਹਨਾਂ ਨੇ ਕੁਝ ਉਹਨਾਂ ਘਟਨਾਵਾਂ ਦਾ ਲਾਭ ਉਠਾਇਆ ਜਿਨ੍ਹਾਂ ਸਬੰਧੀ ਉਹ ਖੁਦ ਉੱਕਾ ਹੀ ਜ਼ਿੰਮੇਵਾਰ ਨਹੀਂ ਸਨ। ਉਹਨਾਂ ਨੇ ਉੱਪਰ ਉੱਠਣ ਵਾਸਤੇ ਓਨੇ ਹੀ ਘਟੀਆ ਢੰਗ ਵਰਤੇ ਜਿਨੇ ਘਟੀਆ ਢੰਗ ਰੋਮ ਦੇ ਮੁਕਤ-ਦਾਸਾਂ ਨੇ ਆਪਣੇ ਮਾਲਕਾਂ ਦੇ ਮਾਲਕ ਬਣਨ ਲਈ ਵਰਤੇ ਸਨ।

ਉਸ ਵਿਕਾਸ-ਕ੍ਰਮ ਦਾ ਆਰੰਭ-ਬਿੰਦੂ, ਜਿਸ ਤੋਂ ਉਜਰਤੀ-ਮਜ਼ਦੂਰ ਅਤੇ ਪੂੰਜੀਪਤੀ ਦਾ ਜਨਮ ਹੋਇਆ, ਕਿਰਤੀ ਦੀ ਗ਼ੁਲਾਮੀ ਸੀ। ਉੱਨਤੀ ਇਸ ਗੱਲ ਵਿੱਚ ਹੋਈ ਸੀ ਕਿ ਇਸ ਗ਼ੁਲਾਮੀ ਦਾ ਰੂਪ ਬਦਲ ਗਿਆ, ਸਾਮੰਤੀ ਲੁੱਟ-ਖਸੁੱਟ ਦੀ ਪੂੰਜੀਵਾਦੀ ਲੁੱਟ-ਖਸੁੱਟ ਵਿੱਚ ਤਬਦੀਲੀ ਹੋ ਗਈ। ਇਸ ਦੀ ਗਤੀ ਨੂੰ ਸਮਝਣ ਲਈ ਸਾਨੂੰ ਬਹੁਤ ਪਿੱਛੇ ਜਾਣ ਦੀ ਲੋੜ ਨਹੀਂ। ਭਾਵੇਂ ਪੂੰਜੀਵਾਦੀ ਉਤਪਾਦਨ ਦੇ ਪਹਿਲੇ ਆਰੰਭ ਕਿਧਰੇ ਕਿਧਰੇ 14ਵੀਂ ਜਾਂ 15ਵੀਂ ਸਦੀ ਦੇ ਸ਼ੁਰੂ ਵਿੱਚ ਹੀ ਭੂਮੱਧ-ਸਾਗਰ ਦੇ ਕੁਝ ਨਗਰਾਂ ਵਿੱਚ ਦਿਖਾਈ ਦੇਂਦੇ ਹਨ, ਪਰ ਪੰਜੀਵਾਦੀ ਜੁਗ ਦਾ ਮੁਢ 16ਵੀਂ ਸਦੀ ਵਿੱਚ ਹੀ ਬੱਝਦਾ ਹੈ। ਜਿੱਥੇ ਕਿਤੇ ਵੀ ਇਹ ਪ੍ਰਗਟ ਹੁੰਦਾ ਹੈ, ਉੱਥੇ ਢੇਰ ਚਿਰ ਤੋਂ ਭੂਮੀ-ਗ਼ੁਲਾਮੀ ਦਾ ਖਾਤਮਾ ਹੋ ਚੁੱਕਾ ਹੁੰਦਾ ਹੈ, ਅਤੇ ਮੱਧ-ਕਾਲੀਨ ਸਮੇਂ ਦਾ ਉੱਚਤਮ ਵਿਕਾਸ, ਖੁਦ ਮੁਖਤਾਰ ਨਗਰਾਂ ਦੀ ਹੋਂਦ, ਢੇਰ ਚਿਰ ਤੋਂ ਪਤਨ ਦੀ ਸਥਿਤੀ ਵਿੱਚ ਹੁੰਦੀ ਹੈ।

ਆਰੰਭਕ ਇਕੱਤ੍ਰੀਕਰਨ ਦੇ ਇਤਿਹਾਸ ਵਿੱਚ, ਸਾਰੇ ਇਨਕਲਾਬ ਜੁਗ-ਪਲਟਾਊ ਹੁੰਦੇ ਹਨ ਜਿਹੜੇ ਪੂੰਜੀਵਾਦੀ ਜਮਾਤ ਲਈ ਇਸ ਦੀ ਰਚਨਾ ਦੇ ਦੌਰਾਨ ਇਸ ਦੇ ਲੀਵਰਾਂ ਦਾ ਕੰਮ ਦੇਂਦੇ ਹਨ; ਪਰ, ਸਭ ਤੋਂ ਵਧ, ਉਹ ਪਲ ਇਹ ਅਹਿਮੀਅਤ ਰੱਖਦੇ ਹਨ ਜਦੋਂ ਮਨੁੱਖਾਂ ਦੇ ਭਾਰੀ ਸਮੂਹ ਅਚਾਨਕ ਅਤੇ ਜ਼ਬਰਦਸਤੀ ਆਪਣੇ ਉਪਜੀਵਕਾ ਦੇ ਸਾਧਨਾਂ ਤੋਂ ਵੱਖ ਕਰ ਦਿੱਤੇ ਜਾਂਦੇ ਹਨ, ਅਤੇ ਸੁਤੰਤਰ ਅਤੇ “ਨਿਰ ਸਬੰਧਤ” ਪ੍ਰੋਲੇਤਾਰੀ ਬਣਾਕੇ ਕਿਰਤ ਦੀ ਮੰਡੀ ਵਿੱਚ ਸੁੱਟ ਦਿੱਤੇ ਜਾਂਦੇ ਹਨ। ਖੇਤੀ ਦੇ ਉਤਪਾਦਕ ਤੋਂ, ਕਿਸਾਨ ਤੋਂ, ਉਸ ਦੀ ਜ਼ਮੀਨ ਖੋਹ ਲੈਣਾ ਹੀ ਇਸ ਸਮੁੱਚੇ ਅਮਲ ਦਾ ਆਧਾਰ ਹੈ। ਇਸ ਤਰ੍ਹਾਂ ਜ਼ਮੀਨ ਖੋਹਣ ਦਾ ਇਤਿਹਾਸ, ਵੱਖ ਵੱਖ ਦੇਸ਼ਾਂ ਵਿੱਚ, ਵੱਖ ਵੱਖ ਰੂਪ ਧਾਰਨ ਕਰਦਾ ਹੈ, ਅਤੇ ਵੱਖ ਵੱਖ ਸਮਿਆਂ ਤੇ ਵੱਖਰੀ ਵੱਖਰੀ ਤਰਤੀਬ ਵਿੱਚ ਆਪਣੇ ਭਿੰਨ ਭਿੰਨ ਪੜਾਵਾਂ ਵਿਚੋਂ ਦੀ ਲੰਘਦਾ ਹੈ। ਇਸ ਦਾ ਇੱਕ ਕਲਾਸਕੀ ਰੂਪ ਇੰਗਲੈਂਡ ਵਿੱਚ ਹੀ ਮਿਲਦਾ ਹੈ ਜਿਸ ਨੂੰ ਅਸੀਂ ਉਦਾਹਰਣ ਵਜੋਂ ਲੈ ਰਹੇ ਹਾਂ।*

---

* ਇਟਲੀ ਵਿੱਚ, ਜਿੱਥੇ ਪੂੰਜੀਵਾਦੀ ਉਤਪਾਦਨ ਸਭ ਤੋਂ ਪਹਿਲਾਂ ਵਿਕਸਤ ਹੋਇਆ, ਹੋਰ ਥਾਵਾਂ ਦੇ ਮੁਕਾਬਲੇ ਉਤੇ ਭੂਮੀ-ਗ਼ੁਲਾਮੀ ਵੀ ਸਭ ਤੋਂ ਪਹਿਲਾਂ ਖ਼ਤਮ ਹੋਈ। ਭੂਮੀ-ਗ਼ੁਲਾਮ ਵੱਲੋਂ ਜ਼ਮੀਨ ਉੱਤੇ ਕੋਈ ਜੱਦੀ-ਪੁਸ਼ਤੀ ਵਸੇਬੇ ਕਾਰਨ ਅਧਿਕਾਰ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਉਸ ਦੇਸ਼ ਵਿੱਚ ਉਸ ਨੂੰ ਮੁਕਤ ਕਰ ਦਿੱਤਾ ਗਿਆ। ਉਸ ਦੀ ਮੁਕਤੀ ਨੇ ਉਸ ਨੂੰ ਇਕਦਮ ਇਕ ਸੁਤੰਤਰ ➪

# ਜ਼ਰਾਇਤੀ ਵੱਸੋਂ ਦੀ ਜ਼ਮੀਨ ਤੋਂ ਬੇਦਖ਼ਲੀ

ਇੰਗਲੈਂਡ ਵਿੱਚ 14ਵੀਂ ਸਦੀ ਦੇ ਆਖਰੀ ਹਿੱਸੇ ਵਿੱਚ ਭੂਮੀ-ਗੁਲਾਮੀ ਅਮਲੀ ਤੌਰ ’ਤੇ ਖਤਮ ਹੋ ਗਈ ਸੀ। ਉਸ ਵੇਲੇ, ਅਤੇ 15ਵੀਂ ਸਦੀ ਵਿੱਚ ਹੋਰ ਵੀ ਵਡੇਰੀ ਹੱਦ ਤੱਕ, ਵਸੋਂ* ਦੀ ਭਾਰੀ ਬਹੁ-ਗਿਣਤੀ, ਸੁਤੰਤਰ ਕਿਸਾਨ ਮਾਲਕਾਂ ਦੀ ਸੀ ਭਾਵੇਂ ਕਿ ਸੰਪਤੀ ਪ੍ਰਤੀ

---

⇨ ਪ੍ਰੋਲੇਤਾਰੀ ਬਣਾ ਦਿੱਤਾ, ਜਿਸ ਨੂੰ ਉਸ ਦਾ ਮਾਲਕ ਉਹਨਾਂ ਨਗਰਾਂ ਵਿੱਚ ਇੰਤਜ਼ਾਰ ਕਰਦਾ ਮਿਲਿਆ ਜਿਹੜੇ ਬਹੁਤ ਕਰਕੇ ਰੋਮਨ ਕਾਲ ਤੋਂ ਵਿਰਸੇ ਵਿੱਚ ਮਿਲੇ ਹੋਏ ਸਨ। ਜਦੋਂ 15ਵੀਂ ਸਦੀ ਦੇ ਅੰਤ ਦੇ ਆਸ ਪਾਸ ਸੰਸਾਰ ਮੰਡੀ ਵਿੱਚ ਆਏ ਇਨਕਲਾਬ ਨੇ (ਸੰਸਾਰ-ਮੰਡੀ ਵਿੱਚ ਇਨਕਲਾਬ ਤੋਂ ਮਾਰਕਸ ਦਾ ਭਾਵ ਉਸ ਰੋਲ ਵਿੱਚ ਆਈ ਤਿੱਖੀ ਅਧੋਗਤੀ ਤੋਂ ਹੈ ਜਿਹੜਾ ਜੇਨੋਆ, ਵੀਨਸ ਅਤੇ ਉੱਤਰੀ ਇਟਲੀ ਦੇ ਦੂਜੇ ਸ਼ਹਿਰ ਲੰਘ-ਲੰਘਾਈ ਦੇ ਵਪਾਰ ਵਿੱਚ ਕਰਦੇ ਸਨ। ਇਹ ਗੱਲ 15ਵੀਂ ਸਦੀ ਦੇ ਅਖੀਰ ਵਿੱਚ ਵਾਪਰੀ ਜਿਸ ਦਾ ਕਾਰਨ ਮਹਾਨ ਭੂਗੋਲਿਕ ਲੱਭਤਾਂ ਸੀ ਜਿਵੇਂ ਕਿਊਬਾ, ਹਾਈਤੀ, ਬਾਹਾਮਾ ਟਾਪੂਆਂ, ਉੱਤਰੀ ਅਮਰੀਕਾ, ਅਫ਼ਰੀਕਾ ਦੁਆਲਿਓ ਭਾਰਤ ਨੂੰ ਸਮੁੰਦਰੀ ਰਾਹ, ਅਤੇ ਅਖੀਰ, ਦੱਖਣੀ ਅਫ਼ਰੀਕਾ ਦੀ ਲੱਭਤ। – ਸੰਪਾਦਕ) ਉੱਤਰੀ ਇਟਲੀ ਦੀ ਵਣਜੀ ਸ੍ਰੇਸ਼ਠਤਾ ਖ਼ਤਮ ਕਰ ਦਿੱਤੀ, ਤਾਂ ਇੱਕ ਉਲਟੇ ਪਾਸੇ ਦੀ ਲਹਿਰ ਦਾ ਆਰੰਭ ਹੋ ਗਿਆ। ਸ਼ਹਿਰਾਂ ਦੇ ਕਿਰਤੀ ਵੱਡੀ ਗਿਣਤੀ ਵਿੱਚ ਪਿੰਡਾਂ ਵੱਲ ਭੱਜ ਗਏ, ਅਤੇ ਇਸ ਨਾਲ਼ ਬਾਗਬਾਨੀ ਦੇ ਰੂਪ ਵਿੱਚ ਛੋਟੇ ਪੈਮਾਨੇ ਦੀ ਖੇਤੀ ਨੂੰ ਐਸਾ ਉਤਸ਼ਾਹ ਮਿਲਿਆ ਜੋ ਪਹਿਲਾਂ ਕਦੇ ਦੇਖਣ ਵਿੱਚ ਨਹੀਂ ਸੀ ਆਇਆ।

*“ਛੋਟੇ ਮਾਲਕ ਜਿਹੜੇ ਆਪਣੇ ਹੱਥਾਂ ਨਾਲ਼ ਆਪਣੇ ਖੇਤਾਂ ਵਿੱਚ ਕਾਸ਼ਤ ਕਰਦੇ ਸਨ ਅਤੇ ਜਿਹੜੇ ਨਿਰਮਾਣ ਜਿਹੀ ਸਮਰਥਾ ਦੇ ਮਾਲਕ ਸਨ... ਉਸ ਵੇਲੇ ਅੱਜ ਦੇ ਮੁਕਾਬਲੇ ਰਾਸ਼ਟਰ ਦਾ ਬਹੁਤ ਵਧੇਰੇ ਮਹੱਤਵਪੂਰਨ ਹਿੱਸਾ ਸਨ। ਜੇ ਅਸੀਂ ਉਸ ਯੁਗ ਦੇ ਸਭ ਤੋਂ ਚੰਗੇ ਅੰਕੜੇ ਦੇਣ ਵਾਲੇ ਲੇਖਕਾਂ ਉੱਤੇ ਵਿਸ਼ਵਾਸ ਕਰੀਏ ਤਾਂ, ਐਸੇ ਮਾਲਕਾਂ ਦੀ ਗਿਣਤੀ 1,60,000 ਤੋਂ ਘੱਟ ਨਹੀਂ ਸੀ ਜਿਹੜੇ, ਆਪਣੇ ਪਰਵਾਰਾਂ ਸਮੇਤ, ਪੂਰੀ ਵਸੋਂ ਦੇ ਸੱਤਵੇਂ ਹਿੱਸੇ ਨਾਲੋਂ ਵਧੇਰੇ ਸਨ ਅਤੇ ਜਿਹੜੇ ਛੋਟੀਆਂ (freehold) ਪੂਰਨ-ਮਾਲਕੀ ਦੀਆਂ ਜ਼ਿਮੀਦਾਰੀਆਂ ਤੋਂ ਆਪਣੀ ਉਪਜੀਵਕਾ ਪ੍ਰਾਪਤ ਕਰਦੇ ਸਨ। ਇਹਨਾਂ ਛੋਟੇ ਭੂਮੀਪਤੀਆਂ ਦੀ ਔਸਤ ਆਮਦਨ... ਅੰਦਾਜ਼ਨ 60 ਅਤੇ 70 ਪੌਂਡ ਸਾਲਾਨਾ ਦੇ ਵਿਚਕਾਰ ਸੀ। ਲੇਖਾ ਲਾਇਆ ਗਿਆ ਸੀ ਕਿ ਐਸੇ ਲੋਕਾਂ ਦੀ ਗਿਣਤੀ ਜਿਹੜੇ ਆਪਣੀ ਜ਼ਮੀਨ ਵਾਹੁੰਦੇ ਸਨ ਉਹਨਾਂ ਲੋਕਾਂ ਦੀ ਗਿਣਤੀ ਨਾਲੋਂ ਜ਼ਿਆਦਾ ਸੀ ਜਿਹੜੇ ਦੂਜਿਆਂ ਦੀ ਜ਼ਮੀਨ ਉੱਤੇ ਖੇਤੀ ਕਰਦੇ ਸਨ। (Macaulay «History of England», 10th. ed. London, 1854, v. I, pp. 333, 334) 17ਵੀਂ ਸਦੀ ਦੀ ਆਖਰੀ ਤਿਹਾਈ ਵਿੱਚ ਵੀ ਇੰਗਲੈਂਡ ਵਿੱਚ ਰਹਿੰਦੇ ਲੋਕਾਂ ਦੇ ਪੰਜਾਂ ਵਿੱਚੋਂ ਚਾਰ ਬੰਦੇ ਖੇਤੀ ਕਰਦੇ ਸਨ। (ਉਪਰੋਕਤ ਪੁਸਤਕ, ਪੰਨੇ 413) ਮੈਂ ਮੈਕਾਲੇ ਦਾ ਹਵਾਲਾ ਇਸ ਕਰਕੇ ਦਿੱਤਾ ਹੈ ਕਿਉਂਕਿ ਉਹ ਇਤਿਹਾਸ ਨੂੰ ਬਾਕਾਇਦਾ ਵਿਗਾੜ ਕੇ ਪੇਸ਼ ਕਰਨ ਵਾਲੇ ਦੀ ਹੈਸੀਅਤ ਵਿੱਚ ਇਸ ਕਿਸਮ ਦੇ ਤੱਥਾਂ ਨੂੰ ਜਿੱਥੋਂ ਤੱਕ ਸੰਭਵ ਹੋਵੇ ਘਟਾ ਕੇ ਪੇਸ਼ ਕਰਦਾ ਹੈ।

ਉਹਨਾਂ ਦਾ ਅਧਿਕਾਰ ਕਿਸੇ ਵੀ ਸਾਮੰਤੀ ਉੱਪਾਧੀ ਪਿੱਛੇ ਛੁਪਿਆ ਹੋਇਆ ਸੀ। ਵਧੇਰੇ ਵੱਡੀਆਂ ਜਾਗੀਰਾਂ ਉੱਤੇ ਪੁਰਾਣੇ bailiff (ਕਰਿੰਦੇ) ਦੀ ਥਾਂ, ਜੋ ਕਦੇ ਆਪ ਭੂਮੀ-ਗੁਲਾਮ ਹੁੰਦਾ ਸੀ, ਸੁਤੰਤਰ ਕਿਸਾਨ ਨੇ ਲੈ ਲਈ ਸੀ। ਜ਼ਰਾਇਤ ਦੇ ਉਜਰਤੀ-ਕਿਰਤੀਆਂ ਦਾ ਇੱਕ ਹਿੱਸਾ ਉਹਨਾਂ ਕਿਸਾਨਾਂ ਉੱਤੇ ਆਧਾਰਤ ਸੀ ਜਿਹੜੇ ਵੱਡੀਆਂ ਜਾਗੀਰਾਂ ਉੱਤੇ ਕੰਮ ਕਰਕੇ ਆਪਣੇ ਵਿਹਲੇ ਸਮੇਂ ਦੀ ਵਰਤੋਂ ਕਰਦੇ ਸਨ, ਅਤੇ ਇੱਕ ਹਿੱਸਾ ਉਜਰਤੀ ਕਿਰਤੀਆਂ ਦੀ ਇੱਕ ਸੁਤੰਤਰ ਵਿਸ਼ੇਸ਼ ਜਮਾਤ ਦਾ ਸੀ ਜਿਨ੍ਹਾਂ ਦੀ ਗਿਣਤੀ ਸਬੰਧਕੀ ਰੂਪ ਵਿੱਚ ਅਤੇ ਨਿਰਪੇਖ ਰੂਪ ਵਿੱਚ ਥੋੜ੍ਹੀ ਸੀ। ਦੂਜੀ ਪ੍ਰਕਾਰ ਦੇ ਕਿਰਤੀ ਅਮਲੀ ਤੌਰ 'ਤੇ ਕਿਸਾਨ ਵੀ ਸਨ ਕਿਉਂਕਿ ਉਹਨਾਂ ਨੂੰ ਘਰਾਂ ਦੇ ਨਾਲ਼ ਨਾਲ਼ 4 ਏਕੜ ਜਾਂ ਇਸ ਤੋਂ ਵੱਧ ਵਾਹੀਯੋਗ ਜ਼ਮੀਨ ਵੀ ਅਲਾਟ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ, ਉਹਨਾਂ ਨੂੰ ਬਾਕੀ ਦੇ ਕਿਸਾਨਾਂ ਵਾਂਗ ਹੀ, ਸਾਂਝੀ ਜ਼ਮੀਨ ਵਰਤਣ ਦਾ ਹੱਕ ਸੀ, ਜਿੱਥੇ ਉਹਨਾਂ ਦਾ ਮਾਲ-ਡੰਗਰ ਚਰਦਾ ਸੀ, ਜਿੱਥੋਂ ਉਹਨਾਂ ਨੂੰ ਇਮਾਰਤੀ ਲਕੜੀ, ਬਾਲਣ ਦੀ ਲਕੜੀ ਅਤੇ ਘਾਹ-ਪੱਠਾ ਆਦਿਕ ਵੀ ਮਿਲਦਾ ਸੀ।* ਯੂਰਪ ਦੇ ਸਭਨਾਂ ਦੇਸ਼ਾਂ ਵਿੱਚ, ਜਾਗੀਰਦਾਰੀ ਪੈਦਾਵਾਰ ਦਾ ਲੱਛਣ ਇਹ ਹੈ ਕਿ ਜ਼ਮੀਨ ਉਪ-ਜਾਗੀਰਦਾਰਾਂ ਦੀ ਵੱਧ ਤੋਂ ਵੱਧ ਗਿਣਤੀ ਵਿੱਚ ਵੰਡੀ ਹੋਈ ਹੁੰਦੀ ਹੈ। ਰਾਜੇ ਵਾਂਗ ਹੀ, ਸਾਮੰਤੀ ਪ੍ਰਭੂ ਦੀ ਸ਼ਕਤੀ ਉਸ ਵੱਲੋਂ ਇਕੱਠੇ ਕੀਤੇ ਜਾਂਦੇ ਲਗਾਨ ਦੀ ਮਾਤਰਾ ਉੱਤੇ ਨਹੀਂ, ਸਗੋਂ ਉਸ ਦੀ ਪਰਜਾ ਦੀ ਗਿਣਤੀ ਉੱਤੇ ਨਿਰਭਰ ਕਰਦੀ ਸੀ, ਅਤੇ ਉਸ ਦੀ ਪਰਜਾ ਦੀ ਗਿਣਤੀ ਕਿਸਾਨ ਮਾਲਕਾਂ ਦੀ ਗਿਣਤੀ ਉੱਤੇ ਨਿਰਭਰ ਕਰਦੀ ਸੀ।** ਇਸ ਲਈ ਭਾਵੇਂ ਇੰਗਲੈਂਡ ਵਿੱਚ ਜ਼ਮੀਨ ਨੌਰਮਨਾਂ ਦੀ ਜਿੱਤ ਤੋਂ ਪਿੱਛੋਂ ਵੱਡੀਆਂ ਵੱਡੀਆਂ ਜਾਗੀਰਾਂ ਵਿੱਚ ਵੰਡੀ ਗਈ ਸੀ, ਜਿਨ੍ਹਾਂ ਵਿੱਚ ਆਮ ਕਰਕੇ ਇੱਕ ਇੱਕ ਦੇ ਅੰਦਰ ਨੌ ਸੌ ਪੁਰਾਣੀਆਂ ਐਂਗਲੋ-ਸੈਕਸਨ ਜਾਗੀਰਦਾਰੀਆਂ ਸ਼ਾਮਲ ਸਨ, ਤਾਂ ਵੀ ਸਾਰੇ ਦੇਸ਼ ਵਿੱਚ ਛੋਟੀਆਂ ਕਿਸਾਨ

---

* ਸਾਨੂੰ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਭੂਮੀ-ਗ਼ੁਲਾਮ ਆਪਣੇ ਘਰ ਦੇ ਨਾਲ਼ ਜੁੜੇ ਹੋਏ ਜ਼ਮੀਨ ਦੇ ਟੁਕੜੇ ਦਾ ਹੀ ਮਾਲਕ ਨਹੀਂ ਸੀ, ਭਾਵੇਂ ਇਹ ਦੇ ਲਈ ਉਸ ਨੂੰ ਖਿਰਾਜ ਦੇਣਾ ਪੈਂਦਾ ਸੀ, ਸਗੋਂ ਹੋਰ ਲੋਕਾਂ ਦੇ ਨਾਲ਼ ਹੀ ਸਾਂਝੀ ਜ਼ਮੀਨ ਉੱਤੇ ਉਹਦਾ ਵੀ ਹੱਕ ਹੁੰਦਾ ਸੀ, "ਕਿਸਾਨ (ਸਿਲੇਸੀਆ ਵਿੱਚ, ਫ਼ਰੈਡਿਰਕ II ਅਧੀਨ) ਭੂਮੀ-ਗ਼ੁਲਾਮ ਹੈ।" ਤਾਂ ਵੀ ਇਹ ਭੂਮੀ-ਗ਼ੁਲਾਮ ਸਾਂਝੀਆਂ ਜ਼ਮੀਨਾਂ ਦੇ ਮਾਲਕ ਸਨ। ਹੁਣ ਤੱਕ, ਸਿਲੇਸੀਆ ਦੇ ਲੋਕਾਂ ਨੂੰ ਸਾਂਝੀਆਂ ਜ਼ਮੀਨਾਂ ਤੋਂ ਵੱਖ ਕਰਨ ਵਿੱਚ ਉਹ ਸਫ਼ਲ ਨਹੀਂ ਹੋਏ, ਪਰ ਨਾਲ਼ ਹੀ, ਨੇਈਮਾਰਕ ਵਿੱਚ ਕੋਈ ਪਿੰਡ ਨਹੀਂ ਰਿਹਾ, ਜਿੱਥੇ ਇਹ ਵੱਖ ਕਰਨ ਦਾ ਅਮਲ ਭਾਰੀ ਸਫ਼ਲਤਾ ਨਾਲ਼ ਪੂਰਾ ਨਹੀਂ ਕਰ ਲਿਆ ਗਿਆ। (Mirabeau. «De la Monarchie Prussienne», Londres, 1788, t. 11, pp. 125, 126).

** ਇਤਿਹਾਸ ਦੀਆਂ ਸਾਡੀਆਂ ਸਾਰੀਆਂ ਪੁਸਤਕਾਂ ਆਮ ਕਰਕੇ ਬੁਰਜੂਆ ਤੁਅੱਸਬਾਂ ਨਾਲ਼ ਲਿਖੀਆਂ ਗਈਆਂ ਹਨ। ਇਸ ਲਈ ਇਹਨਾਂ ਦੇ ਮੁਕਾਬਲੇ ਯੂਰਪ ਦੇ ਮੱਧ ਕਾਲ ਦੀ ਕਿਤੇ ਸੱਚੀ ਤਸਵੀਰ ਜਾਪਾਨ ਵਿੱਚ ਦੇਖਣ ਨੂੰ ਮਿਲਦੀ ਹੈ ਜਿੱਥੇ ਭੂਮੀ ਸੰਪਤੀ ਦਾ ਸ਼ੁੱਧ ਸਾਮੰਤੀ ਸੰਗਠਨ ਅਤੇ ਛੋਟੇ ਪੈਮਾਨੇ ਦੀ ਵਿਕਸਤ ਖੇਤੀ ਪਾਈ ਜਾਂਦੀ ਸੀ। ਮੱਧ ਕਾਲ ਨੂੰ ਕੋਸ ਕੇ "ਉਦਾਰਵਾਦੀ" ਬਣਨ ਵਿੱਚ ਬਹੁਤ ਸਹੂਲਤ ਹੈ।

ਮਾਲਕੀਆਂ ਖਿੰਡੀਆਂ ਪਈਆਂ ਸਨ ਅਤੇ ਵੱਡੀਆਂ ਵੱਡੀਆਂ ਜਾਗੀਰਾਂ ਇਹਨਾਂ ਦੇ ਵਿੱਚ ਵਿੱਚ ਕਿਤੇ ਕਿਤੇ ਹੀ ਮਿਲਦੀਆਂ ਸਨ। ਅਜਿਹੀਆਂ ਸਥਿਤੀਆਂ ਦਾ, ਅਤੇ 15ਵੀਂ ਸਦੀ ਵਿੱਚ ਸ਼ਹਿਰਾਂ ਦੀ ਜੋ ਖੁਸ਼ਹਾਲੀ ਸੀ ਉਸ ਦਾ ਹੀ ਨਤੀਜਾ ਸੀ ਕਿ ਲੋਕਾਂ ਕੋਲ ਉਹ ਦੌਲਤ ਆ ਗਈ ਜਿਸ ਦਾ ਚਾਂਸਲਰ ਫੋਰਟੈਸਕਿਊ ਨੇ ਆਪਣੀ ਰਚਨਾ «Laudibus Legum Angliae» ਵਿੱਚ ਇੰਨੇ ਜ਼ੋਰ ਨਾਲ਼ ਵਰਣਨ ਕੀਤਾ; ਪਰ ਇਸ ਸਥਿਤੀ ਨੇ ਪੂੰਜੀਵਾਦੀ ਧਨ ਦੀ ਸੰਭਾਵਨਾ ਖ਼ਤਮ ਕਰ ਦਿੱਤੀ।

ਉਸ ਇਨਕਲਾਬ ਦੀ ਉਥਾਨਕਾ ਦਾ ਕੰਮ, ਜਿਸ ਨੇ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦੀ ਨੀਂਹ ਰੱਖੀ, 15ਵੀਂ ਸਦੀ ਦੀ ਆਖ਼ਰੀ ਤਿਹਾਈ ਅਤੇ 16ਵੀਂ ਸਦੀ ਦੇ ਪਹਿਲੇ ਦਹਾਕੇ ਨੇ ਕੀਤਾ। ਸਾਮੰਤੀ ਅਰਦਲੀਆਂ ਦੇ ਗਰੋਹਾਂ ਨੂੰ, ਜਿਨ੍ਹਾਂ ਨਾਲ਼, ਸਰ ਜੇਮਸ ਸਟਿਊਅਰਟ ਦੇ ਕਹਿਣ ਅਨੁਸਾਰ "ਹਰ ਥਾਂ ਘਰ ਅਤੇ ਮਹੱਲ ਵਿਅਰਥ ਹੀ ਭਰੇ ਰਹਿੰਦੇ ਸਨ"* ਤੋੜ ਦਿੱਤਾ ਗਿਆ ਅਤੇ ਸੁਤੰਤਰ ਪ੍ਰੋਲੇਤਾਰੀਆ ਦੇ ਇੱਕ ਸਮੂਹ ਦੀ ਹੈਸੀਅਤ ਵਿੱਚ ਕਿਰਤ-ਮੰਡੀ ਵਿੱਚ ਧੱਕ ਦਿੱਤਾ ਗਿਆ। ਭਾਵੇਂ ਸ਼ਾਹੀ ਰਾਜ ਸੱਤਾ ਨੇ, ਜੋ ਖ਼ੁਦ ਬੁਰਜੂਆ ਵਿਕਾਸ ਦੀ ਉਪਜ ਸੀ, ਆਪਣੀ ਨਿਰਪੇਖ ਖੁਦਮੁਖਤਾਰੀ ਨੂੰ ਕਾਇਮ ਰਖਣ ਲਈ ਸੰਘਰਸ਼ ਕਰਦਿਆਂ, ਇਹਨਾਂ ਅਰਦਲੀਆਂ ਦੇ ਦਲਾਂ ਨੂੰ ਖਤਮ ਕਰਨ ਦੀ ਕਾਹਲ ਕੀਤੀ, ਤਾਂ ਵੀ ਇਹ ਗੱਲ ਇਸ ਦਾ ਇੱਕੋ ਇੱਕ ਕਾਰਨ ਨਹੀਂ ਸੀ। ਬਾਦਸ਼ਾਹ ਤੇ ਪਾਰਲੀਮੈਂਟ ਨਾਲ਼ ਗ਼ੁਸਤਾਖ ਟੱਕਰ ਵਿੱਚ, ਵੱਡੇ ਸਾਮੰਤੀ ਪ੍ਰਭੂਆਂ ਨੇ ਕਿਸਾਨੀ ਨੂੰ ਉਸ ਜ਼ਮੀਨ ਤੋਂ ਬੇਦਖਲ ਕਰਕੇ ਜਿਸ ਉੱਤੇ ਉਹਨਾਂ ਦਾ ਉਨਾ ਹੀ ਹੱਕ ਸੀ ਜਿਨਾ ਖੁਦ ਸਾਮੰਤੀਸ਼ਾਹ ਦਾ ਸੀ, ਅਤੇ ਸਾਂਝੀ ਜ਼ਮੀਨ ਉਹਨਾਂ ਤੋਂ ਖੋਹ ਕੇ, ਇਸ ਤੋਂ ਕਿਤੇ ਵਧੇਰੇ ਪ੍ਰੋਲੇਤਾਰੀਆਂ ਦੀ ਸਿਰਜਣਾ ਕੀਤੀ। ਫਲੈਂਡਰਸ ਵਿੱਚ ਉੱਨ ਦੀ ਕਾਰਖ਼ਾਨੇਦਾਰੀ ਵਿੱਚ ਤੇਜ਼ ਵਿਕਾਸ ਹੋਣ ਨਾਲ਼, ਅਤੇ ਇਸ ਦੇ ਅਨੁਸਾਰ ਹੀ ਇੰਗਲੈਂਡ ਵਿੱਚ ਉੱਨ ਦੀ ਕੀਮਤ ਵਧਣ ਨਾਲ਼, ਇਹਨਾਂ ਬੇਦਖਲੀਆਂ ਵਿੱਚ ਸਿੱਧਾ ਵਾਧਾ ਹੋਇਆ। ਪੁਰਾਣੀ ਰਾਠਸ਼ਾਹੀ ਵੱਡੀਆਂ ਸਾਮੰਤੀ ਜੰਗਾਂ ਵਿੱਚ ਮਰ ਖਪ ਗਈ ਸੀ। ਨਵੀਂ ਰਾਠਸ਼ਾਹੀ ਆਪਣੇ ਸਮੇਂ ਦੀ ਸੰਤਾਨ ਸੀ, ਜਿਸ ਦੇ ਵਾਸਤੇ ਪੈਸਾ ਹੀ ਸਭ ਤੋਂ ਵੱਡੀ ਤਾਕਤ ਸੀ। ਇਸ ਲਈ ਵਾਹੀਯੋਗ ਜ਼ਮੀਨ ਨੂੰ ਭੇਡਾਂ ਦੇ ਵਾੜੇ ਵਿੱਚ ਬਦਲਣਾ ਉਸ ਦਾ ਨਾਅਰਾ ਸੀ। ਇਸ ਲਈ ਹੈਰੀਸਨ ਨੇ ਆਪਣੀ ਰਚਨਾ «Description of England Prefixed to Holinshed's Chronicles» ਵਿੱਚ ਦੱਸਿਆ ਹੈ ਕਿ ਛੋਟੇ ਕਿਸਾਨਾਂ ਤੋਂ ਜ਼ਮੀਨ ਖੋਹਣ ਨਾਲ਼ ਦੇਸ਼ ਕਿਵੇਂ ਤਬਾਹ ਹੋ ਰਿਹਾ ਹੈ। "ਜ਼ਮੀਨਾਂ ਖੋਹਣ ਵਾਲੇ ਇਹਨਾਂ ਵੱਡੇ ਲੋਕਾਂ ਨੂੰ ਕੀ ਪਰਵਾਹ ਹੈ ?" ਕਿਸਾਨਾਂ ਦੇ ਮਕਾਨ ਅਤੇ ਕਿਰਤੀਆਂ ਦੀਆਂ ਝੁੱਗੀਆਂ ਡੇਗ ਦਿੱਤੀਆਂ ਗਈਆਂ ਜਾਂ ਉਹਨਾਂ ਨੂੰ ਸੜ-ਗਲ ਕੇ ਡਿੱਗਣ ਲਈ ਛੱਡ ਦਿੱਤਾ ਗਿਆ।

ਹੈਰੀਸਨ ਕਹਿੰਦਾ ਹੈ, "ਜੇਕਰ ਹਰ ਜਾਗੀਰ ਦੇ ਪੁਰਾਣੇ ਰਿਕਾਰਡ ਦੇਖੇ ਜਾਣ... ਤਾਂ ਇਹ ਝੱਟ ਹੀ ਪਰੱਤਖ ਹੋ ਜਾਏਗਾ ਕਿ ਕੁਝ ਜਾਗੀਰਾਂ ਵਿੱਚ ਸਤਾਰ੍ਹਾਂ,

* J. Steuart. «An Inquiry into the Principles of Political Economy». Vol. I, Dublin, 1770, p. 52. - ਸੰਪਾ.

ਅਠਾਰ੍ਹਾਂ ਜਾਂ ਵੀਹ ਘਰ ਘੱਟ ਰਹਿ ਗਏ... ਅਤੇ ਇੰਗਲੈਂਡ ਵਿੱਚ ਜਿੰਨੀ ਅੱਜ ਘੱਟ ਆਬਾਦੀ ਹੈ ਇਸ ਤੋਂ ਪਹਿਲਾਂ ਕਦੇ ਨਹੀਂ ਸੀ... ਐਸੇ ਕਈ ਸ਼ਹਿਰ ਤੇ ਨਗਰ ਹਨ ਜਿਨ੍ਹਾਂ ਦਾ ਜਾਂ ਤਾਂ ਬਿਲਕੁਲ ਹੀ ਪਤਨ ਹੋ ਗਿਆ ਜਾਂ ਜਿਹੜੇ ਚੁਥਾਈ ਤੋਂ ਵਧ ਜਾਂ ਅੱਧਾ ਹਿੱਸਾ ਘੱਟ ਰਹਿ ਗਏ ਹਨ, ਭਾਵੇਂ ਕਿਤੇ ਕਿਤਾਈਂ ਐਸੇ ਵੀ ਹਨ ਜਿਨ੍ਹਾਂ ਵਿੱਚ ਵਾਧਾ ਹੋਇਆ; ਮੈਂ ਐਸੇ ਨਗਰਾਂ ਦਾ ਵਰਣਨ ਕਰ ਸਕਦਾ ਹਾਂ ਜਿਨ੍ਹਾਂ ਨੂੰ ਡੇਗ ਕੇ ਭੇਡਾਂ ਦੇ ਵਾੜੇ ਬਣਾਏ ਗਏ ਹਨ ਅਤੇ ਜਾਂ ਉਹਨੀਂ ਥਾਈਂ ਇਸ ਵੇਲੇ ਸਾਮੰਤੀ ਪ੍ਰਭੂਆਂ ਦੇ ਮਹੱਲ ਖੜੇ ਹਨ।"

ਇਹਨਾਂ ਪੁਰਾਣੇ ਇਤਿਹਾਸਕਾਰਾਂ ਦੀਆਂ ਸ਼ਿਕਾਇਤਾਂ ਵਿੱਚ ਅਤਿ-ਕਥਨੀ ਤਾਂ ਸਦਾ ਹੀ ਰਹਿੰਦੀ ਹੈ, ਪਰ ਉਹ ਉਸ ਪ੍ਰਭਾਵ ਨੂੰ ਵਫ਼ਾਦਾਰੀ ਨਾਲ਼ ਉਕਸਾਉਂਦੇ ਹਨ ਜਿਹੜਾ ਉਤਪਾਦਨ ਦੀਆਂ ਹਾਲਤਾਂ ਵਿੱਚ ਹੋਏ ਇਨਕਲਾਬ ਨੇ ਸਮਕਾਲੀਆਂ ਉੱਤੇ ਪਾਇਆ। ਚਾਂਸਲਰ ਫੋਰਟੈਸਕਿਊ ਅਤੇ ਟਾਮਸ ਮੋਰ ਦੀਆਂ ਲਿਖਤਾਂ ਦੀ ਤੁਲਨਾ ਤੋਂ 15ਵੀਂ ਅਤੇ 16ਵੀਂ ਸਦੀ ਵਿਚਲੇ ਪਾੜ ਦਾ ਪਤਾ ਲੱਗ ਜਾਂਦਾ ਹੈ। ਜਿਵੇਂ ਕਿ ਥਾਰਨਟਨ ਨੇ ਠੀਕ ਹੀ ਆਖਿਆ ਹੈ ਕਿ ਇੰਗਲੈਂਡ ਦੀ ਮਜ਼ਦੂਰ ਜਮਾਤ ਕਿਸੇ ਬਦਲੀ-ਕਾਲ ਵਿਚੋਂ ਲੰਘੇ ਬਿਨਾਂ ਹੀ ਸੁਨਹਿਰੀ ਜੁਗ ਤੋਂ ਆਪਣੇ ਲੋਹ-ਜੁਗ ਵਿੱਚ ਜਾ ਪੁੱਜੀ ਸੀ।

ਕਾਨੂੰਨ ਸਾਜ਼ੀ ਇਸ ਇਨਕਲਾਬ ਤੋਂ ਭੈ-ਭੀਤ ਹੋ ਉੱਠੀ।ਅਜੇ ਤੱਕ ਉਹ ਸੱਭਿਅਤਾ ਦੀ ਉਸ ਟੀਸੀ ਨੂੰ ਨਹੀਂ ਪਹੁੰਚੀ ਸੀ ਜਿੱਥੇ «Wealth of the Nation» ["ਰਾਸ਼ਟਰ ਦਾ ਧਨ"] (ਭਾਵ, ਪੂੰਜੀ ਦੀ ਰਚਨਾ, ਅਤੇ ਲੋਕਾਂ ਦੇ ਸਮੂਹ ਦੀ ਬੇਕਿਰਕ ਲੁੱਟ-ਖਸੁੱਟ ਤੇ ਉਸ ਦੀ ਗਰੀਬੀ ਵਿੱਚ ਵਾਧਾ) ਹਰ ਪ੍ਰਕਾਰ ਦੀ ਰਾਜ ਦੇ ਰਾਜ ਚਲਾਉਣ ਦੇ ਹੁਨਰ ਦੀ ਅੰਤਮ ਸੀਮਾ (ultima Thule)* ਸਮਝਿਆ ਜਾਂਦਾ ਹੈ। ਹੈਨਰੀ 7ਵੇਂ ਦੀ ਜੀਵਨੀ ਵਿੱਚ ਬੇਕਨ ਨੇ ਲਿਖਿਆ ਹੈ:

> "ਉਸੇ ਵੇਲੇ (1489 ਵਿੱਚ) ਹਾਤਾਬੰਦੀ ਬਹੁਤ ਵੱਧ ਗਈ ਸੀ, ਜਿਸ ਕਾਰਨ ਵਾਹੀਯੋਗ ਜ਼ਮੀਨ ਨੂੰ (ਜਿਸ ਨੂੰ ਲੋਕਾਂ ਤੇ ਉਹਨਾਂ ਦੇ ਪਰਵਾਰਾਂ ਤੋਂ ਬਗੈਰ ਵਾਹੁਣਾ-ਬੀਜਣਾ ਸੰਭਵ ਨਹੀਂ ਸੀ) ਚਰਾਂਦ ਵਿੱਚ ਬਦਲ ਦਿੱਤਾ ਗਿਆ ਜਿਸ ਉੱਤੇ ਕੁਝ ਆਜੜੀ ਸੌਖਿਆਂ ਹੀ ਆਪਣੇ ਮਾਲ-ਡੰਗਰ ਦੀ ਦੇਖ-ਭਾਲ ਕਰ ਸਕਦੇ ਸਨ, ਜਿਹੜੀਆਂ ਜ਼ਮੀਨਾਂ ਉੱਤੇ ਕਿਸਾਨਾਂ ਨੂੰ ਇੱਕ ਨਿਸ਼ਚਿਤ ਸਮੇਂ ਲਈ, ਜੀਵਨ ਭਰ ਲਈ, ਅਤੇ ਅਸਥਾਈ ਅਧਿਕਾਰ ਸੀ (ਅਤੇ ਬਹੁਤੇ ਸੁਤੰਤਰ-ਕਿਸਾਨ ਇਸ ਪ੍ਰਕਾਰ ਦੀਆਂ ਜ਼ਮੀਨਾਂ ਉੱਤੇ ਹੀ ਰਹਿੰਦੇ ਸਨ) ਉਹ ਸਾਮੰਤਾਂ ਦੀ ਨਿੱਜੀ-ਜਾਗੀਰ ਬਣ ਗਈਆਂ। ਇਸ ਦੇ ਫਲਸਰੂਪ ਲੋਕਾਂ ਦਾ ਪਤਨ ਹੋਇਆ, ਅਤੇ (ਨਤੀਜੇ ਵਜੋਂ) ਸ਼ਹਿਰਾਂ, ਧਰਮ-ਸੰਗਠਨਾਂ, ਦਸਵੰਧ-ਵਿਵਸਥਾ, ਆਦਿ ਦਾ ਵੀ ਪਤਨ ਹੋਇਆ...। ਇਸ ਬੁਰਾਈ ਨੂੰ ਦੂਰ ਕਰਨ ਲਈ ਬਾਦਸ਼ਾਹ ਨੇ, ਅਤੇ ਉਸ

* ਇੱਥੇ, ਅੰਤਮ ਸੀਮਾ। -ਸੰਪਾ.

ਸਮੇਂ ਦੀ ਪਾਰਲੀਮੈਂਟ ਨੇ ਜਿਸ ਸਿਆਣਪ ਤੋਂ ਕੰਮ ਲਿਆ ਉਹ ਪ੍ਰਸੰਸਾਯੋਗ ਸੀ.... ਉਹਨਾਂ ਨੇ ਆਬਾਦੀ ਨੂੰ ਉਜਾੜਨ ਵਾਲੀ ਸਮੂਹਿਕ ਜ਼ਮੀਨਾਂ ਦੀ ਇਸ ਹਾਤਾਬੰਦੀ ਨੂੰ (depopulating inclosures) ਅਤੇ ਆਬਾਦੀ ਨੂੰ ਉਜਾੜਨ ਵਾਲੀ ਇਹਨਾਂ ਚਰਾਂਦਾਂ ਦੀ ਪ੍ਰਥਾ ਨੂੰ (depopulating pasturage) ਬੰਦ ਕਰਨ ਲਈ ਕਦਮ ਚੁੱਕੇ।"

ਹੈਨਰੀ 7ਵੇਂ ਦੇ ਰਾਜ-ਕਾਲ ਦੇ 1489 ਦੇ ਇੱਕ ਕਾਨੂੰਨ ਦੀ ਧਾਰਾ 19 ਦੁਆਰਾ ਐਸੇ "ਫਾਰਮ ਦੇ ਕੁੱਲ ਮਕਾਨਾਂ" ਨੂੰ ਡੇਗਣ ਦੀ ਮਨਾਹੀ ਕੀਤੀ ਗਈ, ਜਿਹੜਾ ਘੱਟੋ ਘੱਟ 20 ਏਕੜ ਜ਼ਮੀਨ ਦਾ ਮਾਲਕ ਹੋਵੇ। ਹੈਨਰੀ 8ਵੇਂ ਦੇ ਕਾਲ ਵਿੱਚ 25ਵਾਂ ਐਕਟ ਪਾਸ ਕਰਕੇ ਇਹੋ ਕਾਨੂੰਨ ਫੇਰ ਨਵੀਨਿਆਇਆ ਗਿਆ। ਹੋਰ ਗੱਲਾਂ ਦੇ ਨਾਲ਼ ਨਾਲ਼, ਇਹ ਕਾਨੂੰਨ ਕਹਿੰਦਾ ਹੈ:

ਕਿ ਬਹੁਤ ਸਾਰੇ ਫਾਰਮ ਅਤੇ ਮਾਲ-ਡੰਗਰ ਦੇ ਵੱਡੇ ਵੱਡੇ ਇੱਜੜ, ਖਾਸ ਕਰਕੇ ਭੇਡਾਂ ਦੇ, ਕੁਝ ਇੱਕ ਆਦਮੀਆਂ ਦੇ ਹੱਥਾਂ ਵਿੱਚ ਇਕੱਠੇ ਹੋ ਗਏ ਹਨ, ਜਿਸ ਕਾਰਨ ਜ਼ਮੀਨ ਦਾ ਲਗਾਨ ਬਹੁਤ ਵਧ ਗਿਆ ਹੈ ਅਤੇ ਵਾਹੀ (tillage) ਘੱਟ ਹੋ ਗਈ ਹੈ, ਕਈ ਗਿਰਜੇ ਅਤੇ ਮਕਾਨ ਡੇਗ ਦਿੱਤੇ ਗਏ ਹਨ, ਅਤੇ ਲੋਕਾਂ ਦੀ ਇੱਕ ਅਤਿਅੰਤ ਵਡੇਰੀ ਗਿਣਤੀ ਨੂੰ ਐਸੇ ਸਾਧਨਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ ਜਿਨ੍ਹਾਂ ਨਾਲ਼ ਉਹ ਆਪਣਾ ਤੇ ਆਪਣੇ ਬਾਲ-ਬੱਚਿਆਂ ਦਾ ਢਿੱਡ ਭਰ ਸਕਦੇ ਹਨ।

ਇਸ ਲਈ, ਇਹ ਕਾਨੂੰਨ ਉੱਜੜੇ ਫਾਰਮਾਂ ਨੂੰ ਮੁੜ ਕਾਇਮ ਕਰਨ ਦਾ ਹੁਕਮ ਦੇਂਦਾ ਹੈ, ਅਤੇ ਅਨਾਜ ਲਈ ਜ਼ਮੀਨ ਅਤੇ ਚਰਾਂਦ ਲਈ ਜ਼ਮੀਨ ਵਿਚਕਾਰ ਨਿਸਬਤ ਮਿਥਦਾ ਹੈ, ਆਦਿ। 1533 ਦੇ ਇੱਕ ਕਾਨੂੰਨ ਵਿੱਚ ਕਿਹਾ ਗਿਆ ਹੈ ਕਿ ਕੁਝ ਮਾਲਕਾਂ ਕੋਲ 24,000 ਭੇਡਾਂ ਹਨ, ਅਤੇ ਨਾਲ ਹੀ ਇਹ ਹੱਦ ਬੰਨ੍ਹਦਾ ਹੈ ਕਿ ਕਿਸੇ ਕੋਲ 2000 ਤੋਂ ਵੱਧ ਭੇਡਾਂ ਨਹੀਂ ਹੋਣੀਆਂ ਚਾਹੀਦੀਆਂ।* ਛੋਟੇ ਕਾਸ਼ਤਕਾਰਾਂ ਅਤੇ ਕਿਸਾਨਾਂ ਦੀ ਸੰਪਤੀ ਖੋਹਣ ਦੇ ਖਿਲਾਫ਼ ਲੋਕਾਂ ਨੇ ਜੋ ਰੌਲਾ ਗੌਲਾ ਪਾਇਆ ਤੇ ਜੋ ਕਾਨੂੰਨ ਪਾਸ ਹੋਏ, ਉਹ ਹੈਨਰੀ 7ਵੇਂ ਤੋਂ 150 ਸਾਲ ਤੱਕ ਸਭ ਵਿਅਰਥ ਸਿੱਧ ਹੋਏ। ਇਸ ਦੇ ਕਾਰਗਰ ਨਾ ਹੋਣ ਦਾ ਕੀ ਰਾਜ਼ ਸੀ, ਇਹ ਬੇਕਨ ਨੇ ਸਾਨੂੰ ਅਣਜਾਣੇ ਹੀ ਦਸ ਦਿੱਤਾ ਹੈ।

ਬੇਕਨ ਨੇ ਆਪਣੀ ਪੁਸਤਕ «Essays, civil and moral» ਦੇ 29ਵੇਂ ਕਾਂਡ ਵਿੱਚ ਲਿਖਿਆ ਹੈ ਕਿ ਸ਼ਾਹ ਹੈਨਰੀ 7ਵੇਂ ਨੇ ਫਾਰਮਾਂ ਤੇ ਕਾਸ਼ਤਕਾਰਾਂ ਦੇ ਘਰਾਂ ਨੂੰ ਐਸੇ ਪਿਆਰੀ ਬਣਾਉਣ ਦਾ ਇੱਕ ਗੂੜ ਤੇ ਪ੍ਰਸੰਸਾਯੋਗ ਹੱਲ ਕੱਢ ਲਿਆ; ਉਹ ਇਹ ਕਿ ਉਹਨਾਂ ਨੂੰ ਜ਼ਮੀਨ ਉਸ ਅਨੁਪਾਤ ਅਨੁਸਾਰ ਦਿੱਤੀ ਜਾਵੇ

---

* ਟਾਮਸ ਮੋਰ ਨੇ ਆਪਣੀ ਪੁਸਤਕ "ਯੂਟੋਪੀਆ" ਵਿੱਚ ਦਸਿਆ ਹੈ ਕਿ ਇੱਕ ਅਜੀਬ ਦੇਸ਼ ਹੈ ਜਿੱਥੇ "ਭੇਡਾਂ ਮਨੁੱਖਾਂ ਨੂੰ ਖਾ ਰਹੀਆਂ ਹਨ" («Utopia», transl. Robinson, ed. Arber, London, 1869, p. 41.)

ਜਿਸ ਨਾਲ਼ ਪਰਜਾ ਦਾਸਾਂ ਵਾਲੀ ਸਥਿਤੀ ਵਿੱਚ ਨਹੀਂ ਸਗੋਂ ਸੁਖ–ਸਹੂਲਤ ਵਾਲੀ ਬਹੁਤਾਤ ਵਿੱਚ ਰਹਿ ਸਕੇ, ਅਤੇ ਜਿਸ ਨਾਲ਼ ਹਲ਼ ਮਹਿਜ਼ ਭਾੜੇ ਦੇ ਮਜ਼ਦੂਰਾਂ ਦੇ ਹੱਥਾਂ ਵਿੱਚ ਹੀ ਨਹੀਂ ਸਗੋਂ ਮਾਲਕਾਂ ਦੇ ਹੱਥਾਂ ਵਿੱਚ ਆ ਜਾਵੇ।" («to keep the plough in the hand of the owners and not hirelings»)*

ਦੂਸਰੇ ਪਾਸੇ, ਪੂੰਜੀਵਾਦੀ ਪ੍ਰਬੰਧ ਦੀ ਮੰਗ ਇਹ ਸੀ ਕਿ ਜਨਸਮੂਹ ਪਤਨ ਅਤੇ ਲਗਭਗ ਦਾਸਤਾ ਦੀ ਹਾਲਤ ਵਿੱਚ ਰਹਿਣ ਉਹਨਾਂ ਨੂੰ ਭਾੜੇ ਦੇ ਟੱਟੂ ਬਣਾ ਦਿੱਤਾ ਜਾਵੇ ਅਤੇ ਉਹਨਾਂ ਦੇ ਕਿਰਤ–ਸਾਧਨਾਂ ਨੂੰ ਪੂੰਜੀ ਦਾ ਰੂਪ ਦੇ ਦਿੱਤਾ ਜਾਵੇ। ਇਸ ਪਰਿਵਰਤਨ–ਕਾਲ ਦੇ ਦੌਰਾਨ, ਕਾਨੂੰਨਸਾਜ਼ੀ ਨੇ ਇਸ ਗੱਲ ਦੀ ਵੀ ਕੋਸ਼ਿਸ਼ ਕੀਤੀ ਕਿ ਜ਼ਰਾਇਤੀ ਉਜਰਤੀ–ਮਜ਼ਦੂਰ ਦੀ ਝੌਂਪੜੀ ਦੇ ਨਾਲ 4 ਏਕੜ ਜ਼ਮੀਨ ਦਾ ਟੋਟਾ ਜੁੜਿਆ ਰਹੇ, ਅਤੇ ਉਸ ਨੂੰ ਆਪਣੀ ਝੌਂਪੜੀ ਵਿੱਚ ਕਿਰਾਏਦਾਰ ਰੱਖਣ ਦੀ ਵੀ ਮਨਾਹੀ ਕੀਤੀ ਗਈ। ਚਾਰਲਸ ਪਹਿਲੇ ਦੀ ਹਕੂਮਤ ਵੇਲੇ 1627 ਵਿੱਚ ਫਰੰਦੂ ਮਿਲ ਦੇ ਰੋਜ਼ਰ ਕਰਾਕਰ ਨੂੰ ਇਸ ਗੱਲ ਦੀ ਸਜ਼ਾ ਦਿੱਤੀ ਗਈ ਕਿ ਉਸ ਨੇ ਵਰੰਦੂ ਮਿਲ ਦੀ ਆਪਣੀ ਮਿਲਖ਼ ਉੱਤੇ ਇੱਕ ਝੌਂਪੜੀ ਬਣਾ ਲਈ

---

* ਬੇਕਨ ਨੇ ਸੁਤੰਤਰ ਅਤੇ ਖਾਂਦੇ–ਪੀਂਦੇ ਕਿਸਾਨਾਂ ਅਤੇ ਚੰਗੀ ਪਿਆਦਾ ਫ਼ੌਜ ਵਿਚਕਾਰ ਸਬੰਧ ਵੀ ਦਰਸਾਇਆ ਹੈ। "ਰਾਜ ਦੇ ਬਲ ਅਤੇ ਚਲਣ ਦਾ ਇਸ ਗੱਲ ਨਾਲ਼ ਡੂੰਘਾ ਸਬੰਧ ਸੀ ਕਿ ਫਾਰਮ ਐਸੇ ਆਕਾਰ ਦੇ ਰੱਖੇ ਜਾਣ ਜਿਹੜਾ ਨਰੋਏ ਸਰੀਰ ਨੂੰ ਕੰਗਾਲੀ ਤੋਂ ਬਚਾ ਕੇ ਜੀਵਤ ਰੱਖਣ ਲਈ ਕਾਫ਼ੀ ਹੋਵੇ; ਅਤੇ ਇਸ ਨਾਲ਼ ਰਾਜ ਦੀ ਜ਼ਮੀਨ ਦਾ ਇੱਕ ਵੱਡਾ ਹਿੱਸਾ ਕਾਸ਼ਤਕਾਰਾਂ ਜਾਂ ਮੱਧ ਵਰਗ ਦੇ ਐਸੇ ਲੋਕਾਂ ਦੇ ਕਬਜ਼ੇ ਵਿੱਚ ਆ ਗਿਆ ਜਿਨ੍ਹਾਂ ਦੀ ਹੈਸੀਅਤ ਸਾਊਆਂ ਅਤੇ ਝੁੱਗੀਆਂ ਵਿੱਚ ਰਹਿਣ ਵਾਲਿਆਂ ਅਤੇ ਕਿਸਾਨਾਂ ਦੇ ਵਿਚਕਾਰ ਦੀ ਸੀ..। ਕਿਉਂਕਿ ਜੰਗਾਂ ਸਬੰਧੀ ਸਭ ਤੋਂ ਚੰਗੀ ਜਾਣਕਾਰੀ ਰੱਖਣ ਵਾਲੇ ਲੋਕਾਂ ਦਾ ਆਮ ਮੱਤ ਇਹ ਸੀ... ਕਿ ਕਿਸੇ ਫ਼ੌਜ ਦੀ ਮੁੱਖ ਸ਼ਕਤੀ ਇਸ ਦੀ ਪਿਆਦਾ ਫੌਜ ਹੁੰਦੀ ਹੈ। ਅਤੇ ਚੰਗੀ ਪਿਆਦਾ ਫ਼ੌਜ ਭਰਤੀ ਕਰਨ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਦਾ ਪਾਲਣ–ਪੋਸ਼ਣ ਦਾਸਤਾ ਅਤੇ ਥੁੜ੍ਹੋਂ ਦੀ ਹਾਲਤ ਵਿੱਚ ਨਾ ਹੋਇਆ ਹੋਵੇ ਸਗੋਂ ਸੁਤੰਤਰਤਾ ਅਤੇ ਬਹੁਤਾਤ ਦੀ ਸਥਿਤੀ ਵਿੱਚ ਹੋਇਆ ਹੋਵੇ। ਇਸ ਲਈ, ਜੇ ਕਿਸੇ ਰਾਜ ਵਿੱਚ ਰਾਠਾਂ ਅਤੇ ਸਾਊਆਂ ਦਾ ਹੀ ਖਿਆਲ ਰੱਖਿਆ ਜਾਂਦਾ ਹੈ ਅਤੇ ਕਾਸ਼ਤਕਾਰਾਂ ਅਤੇ ਹਲ਼ ਚਲਾਉਣ ਵਾਲਿਆਂ ਨੂੰ ਮਹਿਜ਼ ਉਹਨਾਂ ਦੇ ਸੇਵਾਦਾਰ ਅਤੇ ਕਿਰਤੀ ਹੀ ਬਣਾ ਦਿੱਤਾ ਜਾਂਦਾ ਹੈ, ਜਾਂ ਉਹਨਾਂ ਦੀ ਹਾਲਤ ਝੁੱਗੀਆਂ ਵਿੱਚ ਰਹਿਣ ਵਾਲਿਆਂ ਜਿਹੀ ਹੁੰਦੀ ਹੈ (ਜਿਹੜੇ ਘਰਾਂ ਵਿੱਚ ਰਹਿੰਦੇ ਮੰਗਤਿਆਂ ਤੋਂ ਵੱਧ ਨਹੀਂ ਹੁੰਦੇ) ਤਾਂ ਉਸ ਰਾਜ ਵਿੱਚ ਘੁੜ ਸੈਨਾ ਤਾਂ ਚੰਗੀ ਹੋ ਸਕਦੀ ਹੈ, ਪਰ ਕਦੇ ਚੰਗੀ ਅਤੇ ਸਥਾਈ ਪਿਆਦਾ ਫ਼ੌਜ ਨਹੀਂ ਹੋ ਸਕਦੀ...। ਅਤੇ ਫ਼ਰਾਂਸ, ਇਟਲੀ ਤੇ ਕਈ ਹੋਰ ਵਿਦੇਸ਼ੀ ਇਲਾਕਿਆਂ ਵਿੱਚ ਹਾਲਤ ਇਹੋ ਹੈ, ਜਿੱਥੇ ਅਸਲ ਵਿੱਚ ਜਾਂ ਤਾਂ ਉੱਚ–ਕੁਲ ਦੇ ਲੋਕ ਹਨ ਜਾਂ ਕਿਸਾਨ... ਇੱਥੋਂ ਤੱਕ ਕਿ ਇਹਨਾਂ ਦੇਸ਼ਾਂ ਨੂੰ ਆਪਣੀ ਪਿਆਦਾ ਫ਼ੌਜ ਵਿੱਚ ਸਵਿਟਜ਼ਰਲੈਂਡ ਵਾਸੀਆਂ ਨੂੰ ਜਾਂ ਕਿਸੇ ਹੋਰ ਦੇਸ਼ ਦੇ ਵਾਸੀਆਂ ਨੂੰ ਭਾੜੇ ਦੇ ਸਿਪਾਹੀ ਕਰਕੇ ਭਰਤੀ ਕਰਨਾ ਪੈਂਦਾ ਹੈ, ਅਤੇ ਇਸ ਗੱਲ ਦਾ ਇੱਕ ਨਤੀਜਾ ਇਹ ਨਿਕਲਦਾ ਹੈ ਕਿ ਇਹਨਾਂ ਦੇਸ਼ਾਂ ਵਿੱਚ ਲੋਕ ਤਾਂ ਬਹੁਤ ਹੁੰਦੇ ਹਨ ਪਰ ਸਿਪਾਹੀ ਬਹੁਤ ਘਟ।" («The Reign of Henry VII etc. Verbatim Reprint from Kennet's England, ed. 1719». London, 1870, p. 308).

ਸੀ ਜਿਸ ਨਾਲ਼ 4 ਏਕੜ ਜ਼ਮੀਨ ਦਾ ਟੁਕੜਾ ਸਦਾ ਲਈ ਜੁੜਿਆ ਨਹੀਂ ਸੀ ਹੋਇਆ। ਫੇਰ ਚਾਰਲਸ ਪਹਿਲੇ ਦੀ ਹਕੂਤਮ ਸਮੇਂ, 1638 ਵਿੱਚ ਪੁਰਾਣੇ ਕਾਨੂੰਨਾਂ ਨੂੰ ਅਮਲ ਵਿੱਚ ਲਿਆਉਣ ਲਈ, ਖਾਸ ਕਰਕੇ ਜ਼ਮੀਨ ਦੇ 4 ਏਕੜ ਟੁਕੜੇ ਨਾਲ਼ ਸਬੰਧਤ, ਇੱਕ ਸ਼ਾਹੀ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਇੱਥੋਂ ਤੱਕ ਕਿ ਕਰਾਮਵੈਲ ਦੇ ਸਮੇਂ ਵੀ ਲੰਡਨ ਦੇ ਆਸ ਪਾਸ ਚਾਰ ਮੀਲਾਂ ਦੇ ਅੰਦਰ ਓਨਾ ਚਿਰ ਕੋਈ ਮਕਾਨ ਨਹੀਂ ਸੀ ਬਣਾਇਆ ਜਾ ਸਕਦਾ, ਜਿੰਨਾ ਚਿਰ ਉਸ ਦੇ ਨਾਲ਼ 4 ਏਕੜ ਜ਼ਮੀਨ ਨਹੀਂ ਸੀ ਹੁੰਦੀ। 18ਵੀਂ ਸਦੀ ਦੇ ਪਹਿਲੇ ਅੱਧ ਤੱਕ ਵੀ ਜੇਕਰ ਕਿਸੇ ਜ਼ਰਾਇਤੀ ਮਜ਼ਦੂਰ ਦੀ ਝੌਂਪੜੀ ਦੇ ਨਾਲ਼ ਇੱਕ ਜਾਂ ਦੋ ਏਕੜ ਜ਼ਮੀਨ ਦਾ ਟੁਕੜਾ ਨਹੀਂ ਸੀ ਜੁੜਿਆ ਹੁੰਦਾ ਤਾਂ ਉਸ ਦੀ ਸ਼ਿਕਾਇਤ ਕਰ ਦਿੱਤੀ ਜਾਂਦੀ ਸੀ। ਅੱਜ ਕੱਲ ਜੇ ਉਸ ਨੂੰ ਆਪਣੇ ਮਕਾਨ ਦੇ ਨਾਲ਼ ਛੋਟਾ ਜਿਹਾ ਬਗੀਚਾ ਮਿਲ ਜਾਂਦਾ ਹੈ, ਜਾਂ ਜੇ ਉਹ ਆਪਣੀ ਝੌਂਪੜੀ ਤੋਂ ਦੂਰ ਵੀ ਕੁਝ ਰੂਡ* ਜ਼ਮੀਨ ਲਗਾਨ ਉੱਤੇ ਲੈ ਸਕਦਾ ਹੈ ਤਾਂ ਉਹ ਭਾਗਵਾਨ ਹੈ।

> ਡਾਕਟਰ ਹੰਟਰ ਨੇ ਕਿਹਾ ਹੈ, "ਇੱਥੇ ਭੂਮੀ-ਪਤੀ ਅਤੇ ਕਿਸਾਨ ਮਿਲ ਕੇ ਕੰਮ ਕਰਦੇ ਹਨ। ਝੌਂਪੜੀ ਦੇ ਨਾਲ਼ ਕੁਝ ਕੁ ਏਕੜ ਜ਼ਮੀਨ ਨਾਲ ਮਜ਼ਦੂਰ ਬਹੁਤੇ ਸੁਤੰਤਰ ਹੋ ਜਾਣਗੇ।"**

ਲੋਕਾਂ ਦੀ ਜਬਰੀ ਬੇਦਖਲੀ ਦੇ ਅਮਲ ਨੂੰ 16ਵੀਂ ਸਦੀ ਵਿੱਚ ਚਰਚ-ਸੁਧਾਰ ਤੋਂ, ਅਤੇ ਫਲਸਰੂਪ ਚਰਚ ਦੀ ਜਾਇਦਾਦ ਦੀ ਓੜਕਾਂ ਦੀ ਲੁੱਟ ਤੋਂ ਇੱਕ ਨਵਾਂ ਅਤੇ ਜ਼ੋਰਦਾਰ ਹੁਲਾਰਾ ਮਿਲਿਆ। ਚਰਚ-ਸੁਧਾਰ ਦੇ ਵੇਲੇ, ਕੈਥੋਲਿਕ ਚਰਚ ਇੰਗਲੈਂਡ ਦੀ ਭੂਮੀ ਦੇ ਇੱਕ ਵੱਡੇ ਹਿੱਸੇ ਦਾ ਸਾਮੰਤੀ ਮਾਲਕ ਸੀ। ਜਦੋਂ ਮੱਠਾਂ ਆਦਿ ਨੂੰ ਜੰਦਰੇ ਲਾ ਦਿੱਤੇ ਗਏ ਤਾਂ ਉਹਨਾਂ ਵਿੱਚ ਰਹਿਣ ਵਾਲੇ ਲੋਕ ਪ੍ਰੋਲੇਤਾਰੀਆਂ ਵਿੱਚ ਜਾ ਰਲੇ। ਚਰਚ ਦੀਆਂ ਜਾਗੀਰਾਂ ਵਧੇਰੇ ਕਰਕੇ ਲੁਟੇਰੇ ਸ਼ਾਹੀ ਲਡਿਕਿਆਂ ਨੂੰ ਦੇ ਦਿੱਤੀਆਂ ਗਈਆਂ, ਜਾਂ ਸੱਟੇਬਾਜ਼ ਕਿਸਾਨਾਂ ਅਤੇ ਨਾਗਰਿਕਾਂ ਨੂੰ ਨਾਂ-ਮਾਤਰ ਕੀਮਤ ਉੱਤੇ ਵੇਚ ਦਿੱਤੀਆਂ ਗਈਆਂ ਜਿਨ੍ਹਾਂ ਨੇ ਜੱਦੀ ਉਪ-ਮੁਜ਼ਾਰਿਆਂ ਨੂੰ ਸਮੂਹਕ ਰੂਪ ਵਿੱਚ ਉੱਥੋਂ ਧੱਕ ਕੇ ਬਾਹਰ ਕੱਢ ਦਿੱਤਾ ਅਤੇ ਉਹਨਾਂ ਦੀਆਂ ਜ਼ਮੀਨਾਂ ਨੂੰ ਮਿਲਾ ਕੇ ਇੱਕ ਕਰ ਲਿਆ। ਚਰਚ ਦੇ ਦਸਵੰਧ ਵਿਚੋਂ ਇੱਕ ਹਿੱਸੇ ਉੱਤੇ ਗ਼ਰੀਬ ਲੋਕਾਂ ਨੂੰ ਕਾਨੂੰਨੀ ਤੌਰ 'ਤੇ ਗਰੰਟੀ ਸ਼ੁਦਾ ਜੋ ਅਧਿਕਾਰ ਮਿਲਿਆ ਹੋਇਆ ਸੀ ਉਹ ਅਧਿਕਾਰ ਉਹਨਾਂ ਤੋਂ ਚੁਪ-ਚੁਪਾਤੇ ਖੋਹ ਲਿਆ ਗਿਆ।*** ਇੰਗਲੈਂਡ ਦੀ ਯਾਤਰਾ ਤੋਂ ਮਗਰੋਂ ਮਲਕਾ ਅਲਿਜ਼ਬੈਥ

---

* ਰੂਡ – ਏਕੜ ਦਾ ਚੌਥਾ ਹਿੱਸਾ। –ਸੰਪਾ.

** ਡਾ. ਹੰਟਰ, «Public Health. 7th Report 1864». London, 1865, p. 134 "(ਪੁਰਾਣੇ ਕਾਨੂੰਨ ਵਿੱਚ) ਦੱਸੀ ਗਈ ਜ਼ਮੀਨ ਦੀ ਮਾਤਰਾ ਇਸ ਵੇਲੇ ਮਜ਼ਦੂਰਾਂ ਲਈ ਬਹੁਤ ਜ਼ਿਆਦਾ ਸਮਝੀ ਜਾਏਗੀ, ਅਤੇ ਸਗੋਂ ਸੰਭਵ ਹੈ ਕਿ ਇਸ ਨਾਲ਼ ਉਹ ਛੋਟੇ ਕਿਸਾਨ ਬਣ ਜਾਣਗੇ।" *George Roberts.* «The Social History of the People of the Southern Countries of England in Past Centuries». London, 1856, p. 184, 185.

*** "ਦਸਵੰਧ ਵਿੱਚ ਗਰੀਬਾਂ ਦੇ ਹਿੱਸੇ ਦਾ ਅਧਿਕਾਰ ਪ੍ਰਾਚੀਨ ਕਾਲ ਦੇ ਕਾਨੂੰਨ ਅਨੁਸਾਰ ਸਥਾਪਤ ਹੈ।" *Tuckett.* «A History of the Past and Present State of the Labouring Population», London, 1846, Vol. II, pp. 804-805)

ਤੜਪ ਉੱਠੀ ਸੀ «Pauper ubique jacet» ਇੱਥੇ ਤਾਂ ਸਭ ਕੰਗਾਲ ਹੀ ਕੰਗਾਲ ਹਨ।* ਉਸ ਦੇ ਰਾਜ ਕਾਲ ਦੇ 43ਵੇਂ ਸਾਲ ਵਿੱਚ ਕੌਮ ਨੂੰ ਗਰੀਬ-ਸਹਾਇਤਾ-ਕਰ ਲਾਕੇ ਇਸ ਕੰਗਾਲੀ ਨੂੰ ਸਰਕਾਰੀ ਤੌਰ 'ਤੇ ਮੰਨਣਾ ਪਿਆ ਸੀ।

> "ਜਾਪਦਾ ਹੈ ਇਸ ਕਾਨੂੰਨ ਦੇ ਕਰਤੇ ਅਜਿਹਾ ਕਾਨੂੰਨ ਬਣਾਉਣ ਦਾ ਕਾਰਨ ਦਸਣੋਂ ਸ਼ਰਮਸਾਰ ਸਨ, ਕਿਉਂਕਿ (ਆਮ ਰੀਤ ਦੇ ਉਲਟ) ਇਸ ਦੀ ਕੋਈ ਉਥਾਨਕਾ ਨਹੀਂ ਹੈ।"**

ਚਾਰਲਸ ਪਹਿਲੇ ਦੇ ਰਾਜ ਕਾਲ ਦੇ 16ਵੇਂ ਕਾਨੂੰਨ ਦੀ ਧਾਰਾ ਚਾਰ ਨਾਲ਼ ਇਸ ਕਾਨੂੰਨ ਨੂੰ ਸਦੀਵੀ ਘੋਸ਼ਤ ਕਰ ਦਿੱਤਾ ਗਿਆ ਸੀ, ਅਤੇ ਵਾਸਤਵ ਵਿੱਚ ਤਾਂ 1834 ਵਿੱਚ ਹੀ ਇਸ ਨੇ ਨਵਾਂ ਤੇ ਕਰੜਾ ਰੂਪ ਧਾਰਨ ਕੀਤਾ।*** ਚਰਚ-ਸੁਧਾਰ ਦੇ ਇਹ ਫੌਰੀ ਸਿੱਟੇ ਉਸ

---

* "ਹਰ ਥਾਂ ਗਰੀਬ ਨਾ-ਖੁਸ਼ ਹਨ" – ਉਵਿਡ "ਫਾਸਟਸ" ਦੀ ਟੂਕ, ਪੁਸਤਕ ਪਹਿਲੀ, ਤੁਕ 218, – ਸੰਪਾ.

** *William Cobbett.* «A History of the Protestant Reformation», § 471.

*** ਹੋਰ ਗੱਲਾਂ ਤੋਂ ਇਲਾਵਾ, ਹੇਠ ਲਿਖਤ ਤੋਂ ਵੀ ਪ੍ਰੋਟੈਸਟੈਂਟ – ਮੱਤ ਦੀ "ਭਾਵਨਾ" ਦੇਖੀ ਜਾ ਸਕਦੀ ਹੈ। ਇੰਗਲੈਂਡ ਦੇ ਦੱਖਣ ਵਿੱਚ ਕੁਝ ਭੂਮੀ-ਮਾਲਕ ਅਤੇ ਰੱਜੇ-ਪੁੱਜੇ ਕਿਸਾਨ ਮਿਲ ਕੇ ਬੈਠੇ ਅਤੇ ਉਹਨਾਂ ਨੇ ਅਲਿਜ਼ਬੈਥ ਦੇ ਗਰੀਬ-ਸਹਾਇਤਾ-ਕਾਨੂੰਨ ਦੀ ਸਹੀ ਵਿਆਖਿਆ ਲਈ ਦਸ ਸਵਾਲ ਤਿਆਰ ਕੀਤੇ। ਇਹ ਸਵਾਲ ਉਹਨਾਂ ਨੇ ਉਸ ਸਮੇਂ ਦੇ ਪ੍ਰਸਿੱਧ ਕਾਨੂੰਨਦਾਨ ਸਨਿਗ ਸਨਿਗੇ (ਜਿਹੜਾ ਮਗਰੋਂ ਜਾਰਜ ਪਹਿਲੇ ਦੇ ਜ਼ਮਾਨੇ ਵਿੱਚ ਜੱਜ ਬਣਿਆ) ਦੇ ਸਾਹਮਣੇ ਉਹਦੀ ਰਾਏ ਲਈ ਪੇਸ਼ ਕੀਤੇ। ਸਵਾਲ ਨੰਬਰ 9 ਇਹ ਸੀ ਕਿ "ਇਸ ਇਲਾਕੇ ਦੇ ਕੁਝ ਵਧੇਰੇ ਧੰਨਵਾਨ ਕਿਸਾਨਾਂ ਨੇ ਇਕ ਕਾਰੀਗਰੀ ਭਰੀ ਤਰਕੀਬ ਕੱਢ ਲਈ ਹੈ ਜਿਸ ਨਾਲ਼ ਇਸ ਕਾਨੂੰਨ ਨੂੰ ਅਮਲ ਵਿੱਚ ਲਿਆਉਣ ਦੇ (ਅਲਿਜ਼ਬੈਥ ਦੇ 43ਵੇਂ ਕਾਨੂੰਨ ਦੇ) ਸਭ ਝੰਜਟਾਂ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਦਾ ਸੁਝਾਓ ਹੈ ਕਿ ਅਸੀਂ ਇਸ ਇਲਾਕੇ ਵਿੱਚ ਇੱਕ ਜੇਲ੍ਹ ਬਣਾਵਾਂਗੇ ਅਤੇ ਫੇਰ ਆਂਢ-ਗੁਆਂਢ ਇਹ ਸੂਚਨਾ ਦੇ ਦਿੱਤੀ ਜਾਏਗੀ ਕਿ ਜੇ ਕੋਈ ਇਸ ਇਲਾਕੇ ਦੇ ਗਰੀਬਾਂ ਦੇ ਜੀਵਨ-ਨਿਰਬਾਹ ਦਾ ਠੇਕਾ ਲੈਣਾ ਚਾਹੁੰਦਾ ਹੈ ਤਾਂ ਉਹ ਆਪਣੀਆਂ ਮੋਹਰਬੰਦ ਤਜਵੀਜ਼ਾਂ ਇੱਕ ਨਿਸ਼ਚਿਤ ਦਿਨ ਤੱਕ ਦਾਖ਼ਲ ਕਰ ਦੇਵੇ ਕਿ ਉਹ ਘੱਟ ਤੋਂ ਘੱਟ ਕਿੰਨੇ ਪੈਸਿਆਂ ਵਿੱਚ ਇਹਨਾਂ ਲੋਕਾਂ ਦਾ ਭਾਰ ਸਾਡੇ ਮੋਢਿਆਂ ਤੋਂ ਚੁੱਕ ਸਕੇਗਾ; ਅਤੇ ਕਿ ਉਹ ਕਿਸੇ ਵੀ ਆਦਮੀ ਨੂੰ ਜਿਹੜਾ ਉੱਪਰ-ਕਥਿਤ ਜੇਲ੍ਹ ਵਿੱਚ ਬੰਦ ਹੋਣ ਨੂੰ ਤਿਆਰ ਨਹੀਂ ਅਜਿਹੀ ਸਹਾਇਤਾ ਤੋਂ ਇਨਕਾਰ ਕਰਨ ਦਾ ਅਧਿਕਾਰੀ ਹੋਵੇਗਾ। ਇਸ ਯੋਜਨਾ ਦਾ ਪ੍ਰਸਤਾਵ ਕਰਨ ਵਾਲਿਆਂ ਦਾ ਵਿਚਾਰ ਹੈ ਕਿ ਆਂਢ-ਗੁਆਂਢ ਦੀਆਂ ਕਾਊਂਟੀਆਂ ਵਿੱਚ ਐਸੇ ਬਹੁਤ ਲੋਕ ਹੋਣਗੇ ਜਿਹੜੇ ਮਿਹਨਤ ਕਰਨ ਲਈ ਰਜ਼ਾਮੰਦ ਨਹੀਂ ਅਤੇ ਜਿਨ੍ਹਾਂ ਕੋਲ ਇਤਨੇ ਸਾਧਨ ਜਾਂ ਇਤਨੀ ਸਾਖ ਨਹੀਂ ਹੈ ਕਿ ਕੋਈ ਫਾਰਮ ਜਾਂ ਜਹਾਜ਼ ਲੈ ਸਕਣ, ਤਾਂ ਕਿ ਉਹ ਕਿਰਤ ਕੀਤੇ ਬਿਨਾਂ ਰਹਿ ਸਕਣ («so as to live without labour») ਅਤੇ ਇਸ ਲਈ ਜਿਨ੍ਹਾਂ ਤੋਂ ਸੰਭਵ ਹੈ ਕਿ ਉਹ ਇਸ ਇਲਾਕੇ ਲਈ ਬਹੁਤ ਲਾਭਦਾਇਕ ਪੇਸ਼ਕਸ਼ ਕਰਨ ਲਈ ਪ੍ਰੇਰੇ ਜਾਣ। ਜੇਕਰ ਕੋਈ ਗਰੀਬ ਠੇਕੇਦਾਰ ਦੀ ਦੇਖਭਾਲ ਅਧੀਨ ਮਰ ਜਾਂਦਾ ਹੈ, ਤਾਂ ਇਸ ਗੁਨਾਹ ਦਾ ਭਾਗੀ ਉਹ ਹੋਵੇਗਾ ਕਿਉਂਕਿ ਇਲਾਕਾ ਤਾਂ ਉਹਨਾਂ ਪ੍ਰਤੀ ਆਪਣਾ ਫਰਜ਼ ਪੂਰਾ ਕਰ ਚੁੱਕਾ ਹੋਵੇਗਾ। ਪਰੰਤੂ ਸਾਨੂੰ ⇨

ਦੇ ਚਿਰ ਸਥਾਈ ਸਿੱਟੇ ਨਹੀਂ ਸਨ। ਚਰਚ ਦੀ ਜਾਇਦਾਦ ਭੂਮੀ-ਸੰਪਤੀ ਦੀਆਂ ਪ੍ਰੰਪਰਾਗਤ ਹਾਲਤਾਂ ਦਾ ਧਾਰਮਕ ਥੰਮ੍ਹ ਸੀ। ਉਸ ਦੇ ਡਿੱਗ ਜਾਣ ਨਾਲ਼ ਇਸ ਵਿਵਸਥਾ ਦਾ ਕਾਇਮ ਰਹਿਣਾ ਵੀ ਅਸੰਭਵ ਸੀ।*

17ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਵੀ yomanry ਸਵੈਧੀਨ ਕਿਸਾਨਾਂ ਦੀ ਜਮਾਤ, ਕਾਸ਼ਤਕਾਰਾਂ ਦੀ ਜਮਾਤ ਨਾਲੋਂ ਗਿਣਤੀ ਵਿੱਚ ਜ਼ਿਆਦਾ ਸੀ। ਇਹ ਲੋਕ ਕਰਾਮਵੈਲ

---

ਡਰ ਹੈ ਕਿ ਵਰਤਮਾਨ ਕਾਨੂੰਨ (ਅਲਿਜ਼ਬੈਥ ਦਾ 43ਵਾਂ) ਇਸ ਪ੍ਰਕਾਰ ਦਾ ਸਿਆਣਪ-ਭਰਿਆ ਕਦਮ (prudential measure) ਚੁੱਕਣ ਦੀ ਆਗਿਆ ਨਹੀਂ ਦੇਵੇਗਾ; ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਾਊਂਟੀ ਦੇ, ਅਤੇ ਨਾਲ਼ ਲਗਦੀ (ਅ) ਕਾਊਂਟੀ ਦੇ ਬਾਕੀ ਮਾਫ਼ੀਦਾਰ ਆਪਣੇ ਭਾਈ ਬੰਦਾ ਨੂੰ ਇਹ ਸਲਾਹ ਦੇਣ ਲਈ ਤੁਰੰਤ ਰਾਜ਼ੀ ਹੋ ਜਾਣਗੇ ਕਿ ਇਲਾਕੇ ਨੂੰ ਇਸ ਸਮਰਥ ਬਣਾਉਣ ਲਈ ਕਾਨੂੰਨ ਦੀ ਤਜਵੀਜ਼ ਕਰਨ ਜਿਸ ਨਾਲ਼ ਇੱਕ ਸ਼ਖਸ ਨੂੰ ਗਰੀਬਾਂ ਨੂੰ ਤਾਲ਼ੇ ਹੇਠ ਬੰਦ ਕਰਨ ਤੇ ਉਹਨਾਂ ਤੋਂ ਕੰਮ ਲੈਣ ਦਾ ਠੇਕਾ ਦਿੱਤਾ ਸਕੇ; ਅਤੇ ਇਹ ਐਲਾਨ ਕੀਤਾ ਜਾਏ ਕਿ ਜੇ ਕੋਈ ਗਰੀਬ ਤਾਲ਼ੇ ਹੇਠ ਬੰਦ ਹੋਣ ਅਤੇ ਕੰਮ ਕਰਨ ਤੋਂ ਇਨਕਾਰ ਕਰੇਗਾ ਤਾਂ ਇਹ ਕਿਸੇ ਵੀ ਸਹਾਇਤਾ ਦਾ ਕਾਨੂੰਨ ਮੁਸੀਬਤ ਮਾਰਿਆ ਨੂੰ ਸਹਾਇਤਾ ਮੰਗਣ ਤੋਂ ਰੋਕੇਗਾ। («Will prevent persons in distress from wanting relief» *R. Blakey.* «The History of Political Literature from the Earliest Times» London, 1855, v. II, p. 84, 85) ਸਕਾਟਲੈਂਡ ਵਿੱਚ, ਭੂਮੀ ਗ਼ੁਲਾਮੀ ਦਾ ਖਾਤਮਾ ਇੰਗਲੈਂਡ ਦੇ ਮੁਕਾਬਲੇ ਕੁਝ ਸਦੀਆਂ ਮਗਰੋਂ ਹੋਇਆ। ਇੱਥੋਂ ਤੱਕ ਕਿ 1698 ਵਿੱਚ, ਸੈਲਟਾਊਨ ਦੇ ਫਲੈਚਰ ਨੇ ਸਕਾਟਲੈਂਡ ਦੀ ਪਾਰਲੀਮੈਂਟ ਵਿੱਚ ਐਲਾਨ ਕੀਤਾ ਸੀ: "ਸਕਾਟਲੈਂਡ ਵਿੱਚ ਭਿਖਾਰੀਆਂ ਦੀ ਗਿਣਤੀ 2,00,000 ਤੋਂ ਘੱਟ ਨਹੀਂ ਸਮਝੀ ਜਾਂਦੀ। ਮੈਂ, ਅਸੂਲ ਦੇ ਪੱਖੋਂ ਰੀਪਬਲਿਕਨ ਹੋਣ ਦੇ ਨਾਤੇ, ਜਿਸ ਇੱਕ ਇਲਾਜ ਦਾ ਸੁਝਾਓ ਦੇ ਸਕਦਾ ਹਾਂ ਉਹ ਹੈ ਭੂਮੀ-ਗੁਲਾਮੀ ਦੀ ਪੁਰਾਣੀ ਪ੍ਰਥਾ ਨੂੰ ਬਹਾਲ ਕਰਨਾ, ਅਤੇ ਉਹਨਾਂ ਸਭਨਾਂ ਨੂੰ ਗ਼ੁਲਾਮ ਬਣਾਉਣਾ ਜਿਹੜੇ ਆਪਣੀ ਉਪਜੀਵਕਾ ਦਾ ਆਪ ਪ੍ਰਬੰਧ ਕਰਨ ਤੋਂ ਅਸਮੱਰਥ ਹਨ।" ਈਡਨ ਨੇ ਆਪਣੀ ਪੁਸਤਕ «The State of the Poor», London, 1797, Book I, ch. 1, pp. 60-61. ਉੱਤੇ ਲਿਖਿਆ ਹੈ: "ਭੂਮੀ-ਗ਼ੁਲਾਮੀ ਦੀ ਪ੍ਰਥਾ ਦੇ ਚੱਲਣ ਵਿੱਚ ਕਮੀ ਆਉਣ ਦਾ ਦੌਰ ਹੀ ਗਰੀਬ ਮੁਹਤਾਜ ਦੇ ਜਨਮ ਦਾ ਯੁਗ ਹੈ, ਕਾਰਖਾਨੇਦਾਰੀ ਅਤੇ ਵਣਿਜ ਸਾਡੇ ਕੌਮੀ ਗਰੀਬਾਂ ਦੇ ਦੋ ਮਾਪੇ ਹਨ।" ਈਡਨ ਦੀ ਵੀ, ਸਾਡੇ ਅਸੂਲਨ ਰੀਪਬਲਿਕਨ ਸਕਾਟਲੈਂਡ ਵਾਸੀ ਵਾਂਗ, ਇਹੋ ਗ਼ਲਤੀ ਹੈ: ਭੂਮੀ-ਗੁਲਾਮੀ ਦੀ ਪ੍ਰਥਾ ਦੇ ਖਾਤਮੇ ਨੇ ਨਹੀਂ, ਸਗੋਂ ਜ਼ਮੀਨ ਵਿੱਚ ਜ਼ਰਾਇਤੀ ਮਜ਼ਦੂਰ ਦੀ ਸੰਪਤੀ ਦੇ ਖਾਤਮੇ ਨੇ ਉਸ ਨੂੰ ਪ੍ਰੋਲੇਤਾਰੀ ਅਤੇ ਆਖਰ ਕੰਗਾਲ ਬਣਾ ਦਿੱਤਾ। ਫ਼ਰਾਂਸ ਵਿੱਚ ਇਹ ਬੇਦਖਲੀ ਇੱਕ ਹੋਰ ਤਰੀਕੇ ਨਾਲ਼ ਹੋਈ। ਇੰਗਲੈਂਡ ਵਿੱਚ ਜਿਹੜਾ ਕੰਮ ਗਰੀਬ ਸਹਾਇਤਾ ਕਾਨੂੰਨ ਨੇ ਕੀਤਾ, ਉੱਥੇ ਉਹੀ ਕੰਮ ਮੂਲਿਨ ਦੇ ਆਰਡੀਨੈਂਸ (1566) ਅਤੇ 1656 ਦੇ ਫਰਮਾਨ ਨੇ ਕੀਤਾ ਸੀ।

* ਪ੍ਰੋਫ਼ੈਸਰ ਰੌਜਰਸ ਨੇ, ਭਾਵੇਂ ਉਹ ਪ੍ਰੋਟੈਸਟੈਂਟ ਕੱਟੜਤਾ ਦੇ ਅੱਡੇ, ਆਕਸਫੋਰਡ ਯੂਨੀਵਰਸਿਟੀ ਵਿੱਚ ਰਾਜਨੀਤਕ ਆਰਥਕਤਾ ਦਾ ਪ੍ਰੋਫ਼ੈਸਰ ਰਹਿ ਚੁੱਕਾ ਸੀ, «History of Agriculture» ਦੀ ਆਪਣੀ ਭੂਮਿਕਾ ਵਿੱਚ ਇਸ ਤੱਥ ਉੱਤੇ ਜ਼ੋਰ ਦਿੱਤਾ ਹੈ ਕਿ ਚਰਚ-ਸੁਧਾਰ ਦੇ ਫਲਸਰੂਪ ਆਮ ਲੋਕ ਕੰਗਾਲ ਹੋ ਗਏ ਸਨ।

ਦੀ ਸ਼ਕਤੀ ਦੀ ਰੀੜ੍ਹ ਦੀ ਹੱਡੀ ਸਨ ਅਤੇ ਮੈਕਾਲੇ ਦੇ ਇਕਬਾਲ ਕਰਨ ਅਨੁਸਾਰ ਵੀ, ਸ਼ਰਾਬੀ ਹੋਏ ਜ਼ਿਮੀਦਾਰਾਂ ਅਤੇ ਉਹਨਾਂ ਦੇ ਸੇਵਕਾਂ, ਦਿਹਾਤੀ, ਪਾਦਰੀਆਂ, ਦੀ ਤੁਲਨਾ ਵਿੱਚ, ਜਿਨ੍ਹਾਂ ਨੂੰ ਆਪਣੇ ਮਾਲਕਾਂ ਦੀਆਂ ਛੁੱਟੜ ਰਖੇਲਾ ਨਾਲ਼ ਵਿਆਹ ਕਰਨਾ ਪੈਂਦਾ ਸੀ, ਇਹ ਸਵੈਧੀਨ ਵਾਹਕ-ਕਿਸਾਨ ਕਿਤੇ ਵਧੇਰੇ ਯੋਗ ਸਿੱਧ ਹੁੰਦੇ ਸਨ। 1750 ਦੇ ਆਸ ਪਾਸ, ਸਵੈਧੀਨ ਕਿਸਾਨਾਂ ਦਾ ਇਹ ਵਰਗ ਲੋਪ ਹੋ ਗਿਆ ਸੀ,* ਅਤੇ ਇਸ ਤਰ੍ਹਾਂ 18ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਜ਼ਰਾਇਤੀ ਕਿਰਤੀ ਦੀ ਸਾਂਝੀ ਭੂਮੀ ਦਾ ਆਖਰੀ ਨਿਸ਼ਾਨ ਤੱਕ ਮਿਟ ਗਿਆ ਸੀ। ਇੱਥੇ ਅਸੀਂ ਜ਼ਰਾਇਤੀ ਇਨਕਲਾਬ ਦੇ ਨਰੋਲ ਆਰਥਕ ਕਾਰਨਾਂ ਨੂੰ ਇੱਕ ਪਾਸੇ ਛੱਡ ਦੇਂਦੇ ਹਾਂ। ਅਸੀਂ ਕੇਵਲ ਵਰਤੇ ਗਏ ਜਬਰੀ ਸਾਧਨਾਂ ਉਤੇ ਹੀ ਵਿਚਾਰ ਕਰਦੇ ਹਾਂ।

ਸਟੂਅਰਟ ਰਾਜ-ਵੰਸ਼ ਦੀ ਬਹਾਲੀ ਤੋਂ ਮਗਰੋਂ, ਭੂਮੀ ਦੇ ਮਾਲਕਾਂ ਨੇ ਕਾਨੂੰਨੀ ਢੰਗਾਂ ਨਾਲ਼ ਐਸੀ ਹੱਕ ਮਾਰੀ ਕੀਤੀ, ਜੋ ਯੂਰਪੀ ਮਹਾਂਦੀਪ ਉੱਪਰ ਹਰ ਥਾਂ ਬਿਨਾਂ ਕਿਸੇ ਕਾਨੂੰਨੀ ਮਰਯਾਦਾ ਦੇ ਅਮਲ ਵਿੱਚ ਲਿਆਂਦੀ ਗਈ। ਉਹਨਾਂ ਨੇ ਭੂਮੀ ਦੀ ਸਾਮੰਤੀ ਮਾਲਕੀ ਖ਼ਤਮ ਕਰ ਦਿੱਤੀ, ਭਾਵ, ਉਹਨਾਂ ਨੇ ਭੂਮੀ ਨੂੰ ਰਾਜ ਪ੍ਰਤੀ ਸਭਨਾਂ ਜ਼ਿੰਮੇਦਾਰੀਆਂ ਤੋਂ ਮੁਕਤ ਕਰ ਦਿੱਤਾ; ਰਾਜ ਦੀ "ਘਾਟਾ-ਪੂਰਤੀ" ਇਸ ਤਰ੍ਹਾਂ ਕੀਤੀ ਗਈ ਕਿ ਕਿਸਾਨੀ ਉੱਤੇ ਅਤੇ ਬਾਕੀ ਜਨਤਾ ਉਤੇ ਟੈਕਸ ਲਾ ਦਿੱਤੇ ਗਏ, ਜਿਨ੍ਹਾਂ ਜਗੀਰਾਂ ਉਤੇ ਪਹਿਲਾਂ ਉਹਨਾਂ ਨੂੰ ਕੇਵਲ ਸਾਮੰਤੀ ਅਧਿਕਾਰ ਸੀ, ਉਹਨਾਂ ਉੱਤੇ ਉਹਨਾਂ ਨੂੰ ਆਧੁਨਿਕ ਨਿੱਜੀ ਜਾਇਦਾਦ ਦੇ ਹੱਕ ਮਿਲ ਗਏ, ਅਤੇ ਆਖਰੀ ਗੱਲ, ਉਹਨਾਂ ਨੇ ਵਸੇਬੇ ਦੇ ਐਸੇ ਕਾਨੂੰਨ ਬਣਾ ਦਿੱਤੇ, ਜਿਨ੍ਹਾਂ ਦਾ (mutatis mutandis) ਕੁਝ ਜ਼ਰੂਰੀ ਤਬਦੀਲੀਆਂ ਨਾਲ਼ ਅੰਗਰੇਜ਼ ਜ਼ਰਾਇਤੀ ਕਿਰਤੀਆਂ ਉੱਤੇ ਉਹੀ ਅਸਰ ਪਿਆ ਜਿਹੜਾ ਰੂਸੀ ਕਿਸਾਨੀ ਉੱਤੇ ਤਾਤਾਰ ਬੋਰਿਸ ਗੋਦੂਨੋਵ ਦੇ ਫ਼ਰਮਾਨ ਦਾ ਪਿਆ ਸੀ।**

---

* «A Letter to Sir T. C. Bunbury, Brt: On the High Price of Provisions» by a Suffolk Gentleman. Ipswich, 1795, p. 4. । ਇਥੋਂ ਤੱਕ ਕਿ ਵੱਡੇ ਫਾਰਮਾਂ ਦੇ ਪ੍ਰਬੰਧ ਦੇ ਕੱਟੜ ਹਮਾਇਤੀ, «Inquiry into the Connection between the Present Price of Provisions and the Size of Farms etc.» London, 1773, p. 139. ਦੇ ਕਰਤਾ ਨੇ ਵੀ ਪੰਨਾ 139 ਉੱਤੇ ਲਿਖਿਆ ਹੈ: "ਸਾਡੇ ਸਵੈਧੀਨ ਕਿਸਾਨਾਂ ਦੇ ਵਰਗ ਦੇ ਨਸ਼ਟ ਹੋ ਜਾਣ ਦਾ ਮੈਨੂੰ ਅਤਿ ਦੁੱਖ ਹੈ ਜਿਸ ਨੇ ਵਾਸਤਵ ਵਿੱਚ ਇਸ ਰਾਸ਼ਟਰ ਦੀ ਸਵੈਧੀਨਤਾ ਨੂੰ ਕਾਇਮ ਰੱਖਿਆ ਸੀ; ਅਤੇ ਇਹ ਦੇਖਕੇ ਮੈਨੂੰ ਅਫ਼ਸੋਸ ਹੁੰਦਾ ਹੈ ਕਿ ਹੁਣ ਉਹਨਾਂ ਦੀਆਂ ਜ਼ਮੀਨਾਂ ਇਜਾਰੇਦਾਰ ਪ੍ਰਭੂਆਂ ਦੇ ਹੱਥਾਂ ਵਿੱਚ ਹਨ ਜਿਹੜੇ ਛੋਟੇ ਵਾਹਕ-ਕਿਸਾਨਾਂ ਨੂੰ ਲਗਾਨ ਉੱਤੇ ਦੇ ਦੇਂਦੇ ਹਨ; ਅਤੇ ਇਹਨਾਂ ਕਾਸ਼ਤਕਾਰਾਂ ਦੇ ਪਟਿਆਂ ਨਾਲ਼ ਐਸੀਆਂ ਸ਼ਰਤਾਂ ਨੱਥੀ ਰਹਿੰਦੀਆਂ ਹਨ, ਜਿਨ੍ਹਾਂ ਦੇ ਨਤੀਜੇ ਵਜੋਂ ਉਹਨਾਂ ਦੀ ਹਾਲਤ ਤਕਰੀਬਨ ਐਸੇ ਦਾਸਾਂ ਵਰਗੀ ਰਹਿੰਦੀ ਹੈ ਜਿਨ੍ਹਾਂ ਨੂੰ ਮਾਮੂਲੀ ਗੜਬੜ ਲਈ ਜਵਾਬ ਦੇਣਾ ਪੈਂਦਾ ਹੈ।"

** ਪ੍ਰਤੱਖ ਰੂਪ ਵਿੱਚ ਫ਼ਿਓਦੋਰ ਇਵਾਨੋਵਿਚ ਦੀ ਹਕੂਮਤ ਸਮੇਂ ਜਾਰੀ ਕੀਤੇ ਗਏ 1597 ਦੇ ਫ਼ਰਮਾਨ ਵੱਲ ਸੰਕੇਤ ਹੈ ਜਦੋਂ ਰੂਸ ਦਾ ਅਸਲ ਹਾਕਮ ਬੋਰਿਸ ਗੋਦੂਨੋਵ ਸੀ। ਇਸ ਫ਼ਰਮਾਨ ਅਧੀਨ ਉਹਨਾਂ ਕਿਸਾਨਾਂ ਨੂੰ ਜਿਹੜੇ ਆਪਣੇ ਭੂਮੀਪਤੀ ਮਾਲਕਾਂ ਦੇ ਅਸਹਿ ਜ਼ਬਰ ਤੇ ਬੰਧਨ ਹੱਥੋਂ ⇨

«Glorious Revolution» (ਗੌਰਵਸ਼ੀਲ ਇਨਕਲਾਬ)* ਦੇ ਫਲਸਰੂਪ ਰਾਜ ਸੱਤਾ, ਆਰੇਂਜ ਦੇ ਵਿਲੀਅਮ** ਦੇ ਨਾਲ਼ ਨਾਲ਼ ਹੀ ਵਾਧੂ-ਕਦਰ ਹੜੱਪ ਕਰਨ ਵਾਲੇ ਭੂਮੀਪਤੀਆਂ ਅਤੇ ਪੂੰਜੀਪਤੀਆਂ ਦੇ ਹੱਥਾਂ ਵਿੱਚ ਚਲੀ ਗਈ। ਉਹਨਾਂ ਦੇ ਰਾਜਕੀ ਭੂਮੀਆਂ ਦੀਆਂ ਬਹੁਤ ਵੱਡੇ ਪੈਮਾਨੇ ਉਤੇ ਚੋਰੀਆਂ ਦੇ ਇੱਕ ਨਵੇਂ ਯੁਗ ਦਾ ਆਰੰਭ ਕੀਤਾ, ਇਸ ਤੋਂ ਪਹਿਲਾਂ ਇਹ ਚੋਰੀਆਂ ਵਧੇਰੇ ਨਿਰਮਾਣ ਪੱਧਰ ਉੱਤੇ ਹੁੰਦੀਆਂ ਸੀ। ਇਹ ਜਾਗੀਰਾਂ ਵੰਡ ਦਿੱਤੀਆਂ ਗਈਆਂ, ਹਾਸੋਹੀਣੀ ਕੀਮਤ ਉੱਤੇ ਵੇਚ ਦਿੱਤੀਆਂ ਗਈਆਂ, ਜਾਂ ਇੱਥੋਂ ਤੱਕ ਕਿ ਸਿੱਧੇ ਕਬਜ਼ੇ ਨਾਲ਼ ਨਿੱਜੀ ਜਾਗੀਰਾਂ ਵਿੱਚ ਸ਼ਾਮਲ ਕਰ ਲਈਆਂ ਗਈਆਂ।*** ਅਜਿਹਾ ਸ਼ਿਸ਼ਟਾਚਾਰ ਵੱਲ ਰੱਤੀ ਭਰ ਧਿਆਨ ਦਿੱਤੇ ਬਿਨਾਂ ਹੀ ਕੀਤਾ ਗਿਆ। ਇਸ ਪ੍ਰਕਾਰ ਜਿਨ੍ਹਾਂ ਸ਼ਾਹੀ ਜ਼ਮੀਨਾਂ ਉੱਤੇ ਧਿੰਗੋਜ਼ੋਰੀ ਕਬਜ਼ਾ ਕਰ ਲਿਆ ਗਿਆ ਅਤੇ ਚਰਚ ਦੀਆਂ ਜਿਨ੍ਹਾਂ, ਜਾਗੀਰਾਂ ਨੂੰ ਲੁਟ ਲਿਆ ਗਿਆ, ਉਹ ਜਿਸ ਹੱਦ ਤੱਕ ਰੀਪਬਲਿਕਨ ਇਨਕਲਾਬ ਦੇ

---

⇨ ਤੰਗ ਆ ਕੇ ਭੱਜ ਗਏ ਸਨ ਲੱਭਿਆ ਜਾਣਾ ਸੀ ਅਤੇ ਪੰਜ ਸਾਲ ਦੇ ਅੰਦਰ ਅੰਦਰ ਪੁਰਾਣੇ ਮਾਲਕਾਂ ਕੋਲ ਲਿਆਂਦਾ ਜਾਣਾ ਸੀ। -ਸੰਪਾ.

* "ਗੌਰਵਸ਼ੀਲ ਇਨਕਲਾਬ" ਦਾ ਸ਼ਬਦਸੰਕੇਤ ਅੰਗਰੇਜ਼ ਬੁਰਜੂਆ ਇਤਿਹਾਸਕਾਰੀ ਵਿੱਚ 1688 ਦੇ ਉਸ ਰਾਜ ਪਲਟੇ ਲਈ ਵਰਤਿਆ ਜਾਂਦਾ ਹੈ ਜਿਸ ਦੇ ਮਗਰੋਂ ਇੰਗਲੈਂਡ ਇੱਕ ਸੰਵਿਧਾਨਕ ਪਾਤਸ਼ਾਹੀ ਬਣ ਗਿਆ ਜਿਸ ਦਾ ਅਧਾਰ ਭੂਮੀ-ਮਾਲਕ ਅਮੀਰਸ਼ਾਹੀ ਤੇ ਵੱਡੀ ਬੁਰਜੂਆਜ਼ੀ ਵਿਚਕਾਰ ਸਮਝੌਤਾ ਸੀ -ਸੰਪਾ.

** ਇਸ ਬੁਰਜੂਆ ਨਾਇਕ ਦੇ ਨਿੱਜੀ ਸਦਾਚਾਰਕ ਚਲਣ ਬਾਰੇ, ਹੋਰ ਗੱਲਾਂ ਤੋਂ ਇਲਾਵਾ, ਮੁਲਾਹਜ਼ਾ ਹੋਵੇ: "1695 ਵਿੱਚ ਲੇਡੀ ਓਰਕਨੀ ਨੂੰ ਆਇਰਲੈਂਡ ਵਿੱਚ ਜੋ ਜਾਗੀਰ ਇਨਾਮ ਵਜੋਂ ਦਿੱਤੀ ਗਈ, ਉਹ ਬਾਦਸ਼ਾਹ ਦੇ ਪਿਆਰ ਅਤੇ ਲੇਡੀ ਦੇ ਪ੍ਰਭਾਵ ਦਾ ਜਨਤਕ ਪ੍ਰਮਾਣ ਹੈ...। ਲੇਡੀ ਓਰਕਨੀ ਦਾ ਪਿਆਰਾ ਕੰਮ ਇਹ ਸਮਝਿਆ ਜਾਂਦਾ ਹੈ ਕਿ ਉਸ ਨੂੰ foeda labiorum ministeria ਕਰਨਾ ਪੈਂਦਾ ਸੀ।" («The Character and Behaviour of King William, Sunderland etc. as represented in Original letters to the Duke of Shrewsbury from Somers, Halifax, Oxford, Secretary Vernon etc.» ਖਰੜੇ ਦਾ ਨਾਂ ਹੈ: "ਰਾਜਾ ਵਿਲੀਅਮ, ਸੰਡਰਲੈਂਡ, ਆਦਿ, ਦਾ ਚਰਿੱਤਰ ਤੇ ਵਿਹਾਰ ਤਰ੍ਹਾਂ ਸੁਰਿਊਸਬਾਰੀ ਦੇ ਡਿਊਕ ਵੱਲ ਸੋਮਰਸ, ਹਾਲੀਫ਼ਾਕਸ, ਆਕਸਫੋਰਡ, ਸੈਕਰੈਟਰੀ ਵਰੇਨਨ, ਆਦਿ ਦੇ ਮੂਲ ਪੱਤਰਾਂ ਵਿੱਚ ਵਰਣਨ ਮਿਲਦਾ ਹੈ।" ਇਹ ਅਜੀਬੋ-ਗਰੀਬ ਗੱਲਾਂ ਨਾਲ਼ ਭਰਪੂਰ ਹੈ।

*** ਸ਼ਾਹੀ ਜਾਗੀਰਾਂ ਨੂੰ ਕੁਝ ਵਿਕਰੀ ਨਾਲ਼ ਅਤੇ ਕੁਝ ਸੁਗਾਤ ਵਜੋਂ ਵੰਡ ਕੇ ਜਿਸ ਗੈਰ-ਕਾਨੂੰਨੀ ਢੰਗ ਨਾਲ਼ ਇਕ ਹੱਥੋਂ ਦੂਜੇ ਹੱਥ ਦਿੱਤਾ ਗਿਆ ਉਹ ਇੰਗਲੈਂਡ ਦੇ ਇਤਿਹਾਸ ਦਾ ਇੱਕ ਕਲੰਕਮਈ ਕਾਂਡ ਹੈ..., ਕੌਮ ਨਾਲ਼ ਇੱਕ ਬਹੁਤ ਵੱਡਾ ਧੋਖਾ (gigantic fraud on the nation). (*F. W. Newman.* «Lectures on Political Economy». London, 1851, p. 129, 130) [ਇਹ ਵੇਰਵੇ ਜਾਣਨ ਲਈ ਕਿ ਇੰਗਲੈਂਡ ਦੇ ਵਰਤਮਾਨ ਵੱਡੇ ਇਹ ਸਭ ਕੁਝ ਕਾਨੂੰਨੀ ਭੂਮੀ-ਮਾਲਕ ਇਹਨਾਂ ਜਾਗੀਰਾਂ ਦੇ ਮਾਲਕ ਕਿਵੇਂ ਬਣੇ ਦੇਖੋ: *Evans. N. H.* «Our Old Nobility». By Noblesse Oblige. London, 1879.]

ਦੌਰਾਨ ਆਪਣੇ ਨਵੇਂ ਮਾਲਕਾਂ ਦੇ ਹੱਥ ਨਹੀਂ ਚਲੀਆਂ ਗਈਆਂ ਉਸੇ ਹੀ ਹੱਦ ਤੱਕ ਅੰਗਰੇਜ਼ ਜੁੰਡੀ-ਰਾਜ ਦੀਆਂ ਵਰਤਮਾਨ ਸ਼ਾਹੀ ਜਾਗੀਰਾਂ ਦਾ ਆਧਾਰ ਬਣੀਆਂ* ਬੁਰਜੂਆ ਪੂੰਜੀਪਤੀਆਂ ਨੇ, ਹੋਰ ਗੱਲਾਂ ਤੋਂ ਇਲਾਵਾ, ਇਸ ਦ੍ਰਿਸ਼ਟੀ ਤੋਂ ਇਸ ਅਮਲ ਦਾ ਪੱਖ ਲਿਆ ਕਿ ਇਸ ਤਰ੍ਹਾਂ ਜ਼ਮੀਨ ਦਾ ਸੁਤੰਤਰ ਵਪਾਰ ਵਧੇਗਾ, ਵੱਡੇ ਫਾਰਮੀ-ਪ੍ਰਬੰਧ ਉੱਤੇ ਆਧੁਨਿਕ ਜ਼ਰਾਇਤ ਦੇ ਹਲਕੇ ਦਾ ਪਸਾਰ ਹੋਵੇਗਾ, ਅਤੇ ਹਰ ਵਕਤ ਤਿਆਰ ਸੁਤੰਤਰ ਜ਼ਰਾਇਤੀ ਪ੍ਰੋਲੇਤਾਰੀ ਸਪਲਾਈ ਕਰਨ ਵਿੱਚ ਵਾਧਾ ਹੋਵੇਗਾ। ਇਸ ਤੋਂ ਇਲਾਵਾ, ਇਹ ਨਵੀਂ ਭੂਮੀ-ਮਾਲਕ ਅਮੀਰਸ਼ਾਹੀ ਨਵੀਂ ਬੈਂਕ-ਸ਼ਾਹੀ ਦੀ, ਨਵੇਂ ਜਨਮੇ ਉੱਚ ਵਿੱਤ ਦੀ, ਅਤੇ ਵੱਡੇ ਕਾਰਖਾਨੇਦਾਰਾਂ ਦੀ ਸੁਭਾਵਿਕ ਸਾਥਣ ਸੀ ਜਿਹੜੇ ਉਸ ਵੇਲੇ ਸੁਰੱਖਿਆ-ਮਈ-ਚੁੰਗੀ-ਟੈਕਸਾਂ ਉੱਤੇ ਨਿਰਭਰ ਕਰਦੇ ਸਨ। ਅੰਗਰੇਜ਼ ਬੁਰਜੂਆਜ਼ੀ ਨੇ ਓਨੀ ਹੀ ਸਿਆਣਪ ਨਾਲ਼ ਆਪਣੇ ਹਿਤ ਵਿੱਚ ਕਾਰਵਾਈ ਕੀਤੀ ਜਿੰਨੀ ਸਿਆਣਪ ਨਾਲ ਸਵੀਡਨ ਦੀ ਬੁਰਜੂਆਜ਼ੀ ਨੇ ਜਿਸ ਨੇ, ਇਸ ਅਮਲ ਨੂੰ ਉਲਟਾ ਕਰਕੇ, ਆਪਣੇ ਆਰਥਕ ਇਤਿਹਾਦੀ, ਕਿਸਾਨਾਂ ਨਾਲ਼ ਮਿਲਕੇ ਜੁੰਡੀ ਰਾਜ ਤੋਂ ਸ਼ਾਹੀ ਜ਼ਮੀਨ ਜ਼ਬਰਦਸਤੀ ਖੋਹ ਲੈਣ ਵਿੱਚ ਬਾਦਸ਼ਾਹ ਦੀ ਮਦਦ ਕੀਤੀ ਸੀ। ਇਹ ਅਮਲ ਚਾਰਲਸ ਦਸਵੇਂ ਅਤੇ ਚਾਰਲਸ ਗਿਆਰ੍ਹਵੇਂ ਦੇ ਅਧੀਨ 1604 ਵਿੱਚ ਸ਼ੁਰੂ ਹੋ ਗਿਆ ਸੀ।

ਸਮੂਹਕ ਜਾਇਦਾਦ – ਜੋ ਸਦਾ ਹੀ ਉਸ ਰਾਜਕੀ ਜਾਇਦਾਦ ਨਾਲੋਂ ਵੱਖਰੀ ਹੁੰਦੀ ਹੈ ਜਿਸ ਦਾ ਹੁਣੇ ਜ਼ਿਕਰ ਹੋਇਆ ਹੈ – ਇਕ ਪੁਰਾਣੀ ਟਿਊਟੋਨਿਕ ਸੰਸਥਾ ਸੀ ਜਿਹੜੀ ਸਾਮੰਤਵਾਦ ਦੇ ਕੱਜਣ ਹੇਠ ਜਿਉਂਦੀ ਰਹੀ। ਅਸੀਂ ਦੇਖ ਚੁੱਕੇ ਹਾਂ ਕਿ ਕਿਵੇਂ ਇਸ ਦੀ ਜਬਰਨ ਖੋਹਾ-ਮੋਹੀ 15ਵੀਂ ਸਦੀ ਦੇ ਅਖੀਰ ਸ਼ੁਰੂ ਹੁੰਦੀ ਹੈ ਅਤੇ 16ਵੀਂ ਸਦੀ ਵਿੱਚ ਜਾਰੀ ਰਹਿੰਦੀ ਹੈ ਅਤੇ ਜਿਸ ਨਾਲ਼ ਆਮ ਕਰਕੇ ਵਾਹੀਯੋਗ ਜ਼ਮੀਨਾਂ ਚਰਾਂਦਾਂ ਬਣਾ ਦਿੱਤੀਆਂ ਜਾਂਦੀਆਂ ਹਨ। ਪਰ, ਉਸ ਵੇਲੇ, ਇਹ ਅਮਲ ਹਿੰਸਾ ਦੀਆਂ ਵਿਅਕਤੀਗਤ ਕਾਰਵਾਈਆਂ ਨਾਲ ਸਿਰੇ ਚਾੜ੍ਹਿਆ ਗਿਆ ਜਿਸ ਦੇ ਵਿਰੁੱਧ ਕਾਨੂੰਨ ਦੁਆਰਾ, ਡੇਢ ਸੌ ਸਾਲ ਤੱਕ, ਵਿਅਰਥ ਲੜਾਈ ਲੜੀ ਗਈ। 18ਵੀਂ ਸਦੀ ਵਿੱਚ ਹੋਈ ਪ੍ਰਗਤੀ ਇਸ ਰੂਪ ਵਿੱਚ ਪ੍ਰਗਟ ਹੁੰਦੀ ਹੈ ਕਿ ਖ਼ੁਦ ਕਾਨੂੰਨ ਲੋਕਾਂ ਦੀਆਂ ਜ਼ਮੀਨਾਂ ਚੁਰਾਉਣ ਦਾ ਇਕ ਹਥਿਆਰ ਬਣ ਜਾਂਦਾ ਹੈ, ਭਾਵੇਂ ਵੱਡੇ ਵਾਹਕ-ਕਿਸਾਨ ਆਪਣੇ ਨਿੱਕੇ ਮੋਟੇ ਸੁਤੰਤਰ ਸਾਧਨ ਵੀ ਵਰਤਦੇ ਹਨ।** ਇਸ ਲੁੱਟ ਦਾ

---

* ਉਦਾਹਰਣ ਲਈ ਬੈਡਫ਼ੋਰਡ ਦੇ ਡਿਊਕ – ਵੰਸ਼ ਬਾਰੇ ਈ. ਬਰਕ ਦੀ ਪੁਸਤਕ। «The tomtit of liberalism» (ਉਦਾਰਵਾਦ ਦੀ ਪਿੱਦੀ), ਲਾਰਡ ਜਾਹਨ ਰਸਲ ਵੀ ਇਸੇ ਹੀ ਕੁਲ ਦਾ ਸੀ।

** "ਵਾਹਕ-ਕਿਸਾਨ ਝੌਂਪੜੀਆਂ ਵਿੱਚ ਰਹਿਣ ਵਾਲਿਆਂ ਨੂੰ ਆਪਣੇ ਬਾਲ-ਪਰਵਾਰ ਤੋਂ ਬਿਨਾਂ ਕਿਸੇ ਹੋਰ ਜੀਵ ਨੂੰ ਰੱਖਣ ਦੀ ਮਨਾਹੀ ਕਰਦੇ ਸਨ। ਇਹ ਦੇ ਲਈ ਬਹਾਨਾ ਇਹ ਸੀ ਕਿ ਜੇ ਉਹ ਪਸ਼ੂ ਜਾਂ ਮੁਰਗੀਆਂ ਰੱਖਣਗੇ ਤਾਂ ਉਹ ਵਾਹਕ-ਕਿਸਾਨ ਦਾ ਅੰਨ-ਦਾਣਾ ਚੁਰਾ ਕੇ ਇਹਨਾਂ ਨੂੰ ਖੁਆਉਣਗੇ। ਉਹ ਇਹ ਵੀ ਕਹਿੰਦੇ ਸਨ ਕਿ ਝੌਂਪੜੀਆਂ ਵਿੱਚ ਰਹਿਣ ਵਾਲਿਆਂ ਨੂੰ ਗਰੀਬ ਰੱਖੋ ਤਾਂ ਉਹ ਮਿਹਨਤੀ ਬਣੇ ਰਹਿਣਗੇ, ਆਦਿ, ਪਰ ਮੇਰਾ ਯਕੀਨ ਹੈ ਕਿ ਅਸਲ ਗੱਲ ਇਹ ਸੀ ਕਿ ਵਾਹਕ-ਕਿਸਾਨ ਸਾਂਝੀ ਜ਼ਮੀਨ ਉੱਤੇ ਆਪਣਾ ਪੂਰਨ ਅਧਿਕਾਰ ਰੱਖਣਾ ਚਾਹੁੰਦੇ ਹਨ।" (ਵਾਧੂ ➪

ਪਾਰਲੀਮੈਂਟਰੀ ਰੂਪ «Bills for Inclosures Commons» (ਸਾਂਝੀ ਜ਼ਮੀਨ ਵੱਲ ਲੈਣ ਦੇ ਕਾਨੂੰਨਾਂ), ਜਾਂ ਉਹਨਾਂ ਫਰਮਾਨਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜਿਨ੍ਹਾਂ ਦੁਆਰਾ ਜਾਗੀਰਦਾਰ ਲੋਕਾਂ ਦੀ ਜ਼ਮੀਨ ਨੂੰ ਆਪਣੀ ਨਿੱਜੀ ਜਾਇਦਾਦ ਘੋਸ਼ਤ ਕਰ ਦੇਂਦੇ ਹਨ, ਅਤੇ ਉਹ ਫਰਮਾਨ ਜਿਨ੍ਹਾਂ ਰਾਹੀਂ ਉਹ ਲੋਕਾਂ ਦੀ ਖੋਹਾ-ਮੋਹੀ ਕਰਦੇ ਹਨ। ਸਰ ਐਫ਼. ਐਮ. ਈਡਨ ਆਪਣੀ ਹੀ ਕਪਟੀ ਵਿਸ਼ੇਸ਼ ਦਲੀਲ ਦਾ ਖੰਡਨ ਕਰ ਦੇਂਦਾ ਹੈ, ਜਿਸ ਵਿੱਚ ਉਹ ਸਾਂਝੀ ਜਾਇਦਾਦ ਨੂੰ ਉਹਨਾਂ ਵੱਡੇ ਜ਼ਿਮੀਂਦਾਰਾਂ ਦੀ ਨਿੱਜੀ ਜਾਇਦਾਦ ਕਰਕੇ ਪੇਸ਼ ਕਰਦਾ ਹੈ ਜਿਨ੍ਹਾਂ ਨੇ ਸਾਮੰਤੀ ਪ੍ਰਭੂਆਂ ਦੀ ਥਾਂ ਲੈ ਲਈ ਹੈ, ਜਦੋਂ ਉਹ ਆਪ ਹੀ "ਸਾਂਝੀਆਂ ਜ਼ਮੀਨਾਂ ਵਲਣ ਬਾਰੇ ਪਾਰਲੀਮੈਂਟ ਦੇ ਆਮ ਕਾਨੂੰਨ" ਦੀ ਮੰਗ ਕਰਦਾ ਹੈ (ਇਸ ਤਰ੍ਹਾਂ ਉਹ ਇਹ ਮੰਨ ਲੈਂਦਾ ਹੈ ਕਿ ਇਸ ਜ਼ਮੀਨ ਨੂੰ ਨਿੱਜੀ ਜਾਇਦਾਦ ਵਿੱਚ ਬਦਲਣ ਲਈ ਪਾਰਲੀਮੈਂਟਰੀ ਹੜਪੂ-ਅਮਲ ਜ਼ਰੂਰੀ ਹੈ), ਅਤੇ ਇਸ ਤੋਂ ਇਲਾਵਾ, ਉਹਨਾਂ ਗ਼ਰੀਬ ਲੋਕਾਂ ਲਈ, ਜਿਨ੍ਹਾਂ ਤੋਂ ਜ਼ਮੀਨਾਂ ਖੋਹੀਆਂ ਗਈਆਂ ਹਨ, ਘਾਟ-ਪੂਰਤੀ ਲਈ ਕਾਨੂੰਨ ਪਾਸ ਕਰਨ ਦੀ ਗੱਲ ਕਰਦਾ ਹੈ।"*

ਇੱਕ ਪਾਸੇ ਸਵੈਧੀਨ ਜ਼ਮੀਨ-ਮਾਲਕ ਕਿਸਾਨਾਂ ਦੀ ਥਾਂ tenants-at-will ਕੱਚੇ ਮੁਜ਼ਾਰਿਆਂ, ਸਾਲਾਨਾਂ ਪਟੇ ਉਤੇ ਜ਼ਮੀਨ ਵਾਹੁਣ ਵਾਲੇ ਕਿਸਾਨਾਂ, ਜ਼ਿਮੀਦਾਰਾਂ ਦੀ ਖੁਸ਼ੀ ਉੱਤੇ ਨਿਰਭਰ ਰਹਿਣ ਵਾਲੇ ਦਾਸਾਂ ਨੇ ਲੈ ਲਈ; ਦੂਜੇ ਪਾਸੇ, ਰਾਜਕੀ ਜਾਗੀਰਾਂ ਦੀ ਚੋਰੀ ਦੇ ਨਾਲ਼ ਨਾਲ਼, ਸਾਂਝੀਆਂ ਜ਼ਮੀਨਾਂ ਦੀ ਸਿਲਸਿਲੇਵਾਰ ਲੁਟ-ਖੋਹ ਨੇ ਖਾਸ ਕਰਕੇ ਉਹਨਾਂ ਵੱਡੇ ਫਾਰਮਾਂ ਦਾ ਆਕਾਰ ਵਧਾਉਣ ਵਿੱਚ, ਜਿਨ੍ਹਾਂ ਨੂੰ 18ਵੀਂ ਸਦੀ ਵਿੱਚ ਪੂੰਜੀਗਤ ਫਾਰਮ** ਜਾਂ ਸੁਦਾਗਰ ਫਾਰਮ*** ਆਖਿਆ ਜਾਂਦਾ ਸੀ ਅਤੇ ਜ਼ਰਾਇਤੀ ਵੱਸੋਂ ਨੂੰ ਕਾਰਖਾਨਿਆਂ ਦੀ ਸਨਅਤ ਲਈ ਪ੍ਰੋਲੇਤਾਰੀ ਦੀ ਹੈਸੀਅਤ ਵਿੱਚ "ਆਜ਼ਾਦ ਕਰਨ" ਵਿੱਚ ਮੱਦਦ ਕੀਤੀ।

ਪਰੰਤੂ, 18ਵੀਂ ਸਦੀ ਨੇ 19ਵੀਂ ਸਦੀ ਵਾਂਗ ਇਹ ਗੱਲ ਹਾਲੇ ਪੂਰੀ ਤਰ੍ਹਾਂ ਨਹੀਂ ਸੀ ਮੰਨੀ ਕਿ ਰਾਸ਼ਟਰੀ ਦੌਲਤ ਅਤੇ ਲੋਕਾਂ ਦੀ ਗਰੀਬੀ ਵਿਚਕਾਰ ਸਾਂਝ ਹੈ। ਇਸੇ ਲਈ ਉਸ ਸਮੇਂ ਦੇ ਆਰਥਕ ਸਾਹਿਤ ਵਿੱਚ "ਸਾਂਝੀਆਂ ਜ਼ਮੀਨਾਂ ਨੂੰ ਵਲ ਲੈਣ" ਬਾਰੇ ਅਤਿਅੰਤ ਗਰਮਾ ਗਰਮ ਬਹਿਸਾਂ ਮਿਲਦੀਆਂ ਹਨ। ਮੇਰੇ ਸਾਹਮਣੇ ਸਮੱਗਰੀ ਦਾ ਜਿਹੜਾ ਢੇਰ ਪਿਆ ਹੈ, ਉਸ ਵਿਚੋਂ ਮੈਂ ਕੁਝ ਉਦਾਹਰਣਾਂ ਹੀ ਪੇਸ਼ ਕਰਾਂਗਾ। ਜਿਹੜੀਆਂ ਉਸ ਸਮੇਂ ਦੇ ਹਾਲਾਤ ਉੱਤੇ

---

ਪਈਆਂ ਜ਼ਮੀਨਾਂ ਘੇਰਨ ਦੇ ਨਤੀਜਿਆਂ ਦੀ ਇੱਕ ਰਾਜਨੀਤਕ ਜਾਂਚ «A Political Inquiry into the Consequences of Enclosing waste Lands». London, 1785 p.75).

* *Eden*, ਉਪ. ਪੁਸ., ਭੂਮਿਕਾ.

** «Capital Farm» («Two Letters on the Flour Trade and the Dearness of Corn» By a Person in Business. London, 1767, p. 19-20.)

*** «Merchant-farms» («An Enquiry into Causes of the Present High Price of Provisions». London, 1767, p. 111, ਟਿੱਪਣੀ) ਇਹ ਸ਼ਾਨਦਾਰ ਪੁਸਤਕ, ਜਿਹੜੀ ਬਿਨਾਂ ਨਾਂ ਤੋਂ ਛਾਪੀ ਗਈ ਸੀ, ਰੈਵਰੇਂਡ ਨਥੇਲੀਅਲ ਫੋਰਸਟਰ ਦੀ ਰਚਨਾ ਹੈ।

ਭਰਪੂਰ ਚਾਨਣ ਸੁੱਟਣਗੀਆਂ।

ਇੱਕ ਕਰੋਧਵਾਨ ਬੰਦੇ ਨੇ ਲਿਖਿਆ ਹੈ, "ਹਰਟਫੋਰਡਸ਼ਾਇਰ ਦੇ ਕੁਝ ਹਲਕਿਆਂ ਵਿੱਚ ਔਸਤਨ 50 ਏਕੜ ਤੋਂ 150 ਏਕੜ ਦੇ 24 ਫਾਰਮਾਂ ਨੂੰ ਤੋੜ ਕੇ ਤਿੰਨ ਫਾਰਮ ਬਣਾ ਦਿੱਤੇ ਗਏ ਹਨ।"* "ਨੌਰਥੈਮਪਟਨ ਸ਼ਾਇਰ ਅਤੇ ਲੈਸਟਰਸ਼ਾਇਰ ਵਿੱਚ ਸਾਂਝੀਆਂ ਜ਼ਮੀਨਾਂ ਨੂੰ ਵਲਣ ਦਾ ਕੰਮ ਬਹੁਤ ਵੱਡੇ ਪੈਮਾਨੇ ਉਤੇ ਹੋਇਆ ਹੈ, ਅਤੇ ਇਸ ਦੇ ਫਲਸਰੂਪ ਕਾਇਮ ਹੋਈਆਂ ਬਹੁਤੀਆਂ ਨਵੀਆਂ ਜ਼ਿਮੀਦਾਰੀਆਂ ਚਰਾਗਾਹਾਂ ਵਿੱਚ ਬਦਲ ਦਿੱਤੀਆਂ ਗਈਆਂ ਹਨ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਬਹੁਤ ਸਾਰੀਆਂ ਜ਼ਿਮੀਦਾਰੀਆਂ ਵਿੱਚ ਇਸ ਵੇਲੇ ਸਿਰਫ਼ 50 ਏਕੜ ਜ਼ਮੀਨ ਉੱਤੇ ਸਾਲ ਵਿੱਚ ਹਲ਼ ਜੋਇਆ ਜਾਂਦਾ ਹੈ ਜਿੱਥੇ ਪਹਿਲਾਂ 1500 ਏਕੜ ਜ਼ਮੀਨ ਵਾਹੀ ਜਾਂਦੀ ਸੀ। ਪੁਰਾਣੇ ਰਿਹਾਇਸ਼ੀ-ਘਰਾਂ, ਖਲਿਆਨਾਂ ਅਤੇ ਅਸਤਬਲਾਂ ਆਦਿ ਦੇ ਖੰਡਰ" ਹੀ ਪੁਰਾਣੇ ਵਸਨੀਕਾਂ ਦੇ ਬਾਕੀ ਰਹਿੰਦੇ ਚਿੰਨ੍ਹ ਹਨ। "ਕੁਝ ਖੁੱਲ੍ਹੇ ਖੇਤਾਂ ਦੇ ਪਿੰਡਾਂ ਵਿੱਚ ਰਹਿੰਦੇ ਇੱਕ ਸੌ ਘਰ ਅਤੇ ਪਰਵਾਰ... ਘਟਦੇ ਘਟਦੇ ਅੱਠ ਜਾਂ ਦਸ ਰਹਿ ਗਏ ਹਨ...। ਜਿਹੜੇ ਇਲਾਕਿਆਂ ਵਿੱਚ ਜ਼ਮੀਨ 15 ਜਾਂ 20 ਸਾਲਾਂ ਤੋਂ ਹੀ ਵਲੀ ਗਈ ਹੈ ਉੱਥੇ ਆਪਣੇ ਖੁੱਲ੍ਹੇ ਖੇਤਾਂ ਦੀ ਸਥਿਤੀ ਦੇ ਜ਼ਮਾਨੇ ਰਹਿੰਦੇ ਜ਼ਮੀਨ-ਮਾਲਕਾਂ ਦੀ ਤੁਲਨਾ ਵਿੱਚ ਬਹੁਤ ਥੋੜ੍ਹੇ ਕਿਸਾਨ ਰਹਿੰਦੇ ਹਨ। ਇਹ ਕੋਈ ਅਸਾਧਾਰਨ ਗੱਲ ਨਹੀਂ ਹੈ ਕਿ ਪਹਿਲਾਂ 20 ਜਾਂ 30 ਵਾਹਕ-ਕਿਸਾਨਾਂ ਕੋਲ, ਅਤੇ ਇੰਨੇ ਹੀ ਛੋਟੇ ਮੁਜ਼ਾਰਿਆ ਤੇ ਮਾਲਕਾਂ ਕੋਲ ਜਿੰਨਾ ਇਲਾਕਾ ਹੁੰਦਾ ਸੀ, ਉਸ ਨੂੰ ਵਲ ਕੇ 4 ਜਾਂ 5 ਧਨੀ ਚਰਵਾਹੇ ਮੱਲ ਲੈਂਦੇ ਹਨ। ਇਹਨਾਂ ਸਭਨਾਂ ਨੂੰ ਉਹਨਾਂ ਦੇ ਪਰਵਾਰਾਂ ਅਤੇ ਕਈ ਹੋਰ ਪਰਵਾਰਾਂ ਸਮੇਤ ਜਿਹੜੇ ਮੁੱਖ ਕਰਕੇ ਇਹਨਾਂ ਕੋਲ ਕੰਮ ਕਰਦੇ ਸਨ ਅਤੇ ਇਹਨਾਂ ਉੱਤੇ ਨਿਰਭਰ ਸਨ, ਉਹਨਾਂ ਦੀ ਉਪਜੀਵਕਾ ਤੋਂ ਅਲੱਗ ਕਰ ਦਿੱਤਾ ਗਿਆ ਹੈ।"**

ਸਿਰਫ ਵਿਹਲੀ ਪਈ ਜ਼ਮੀਨ ਹੀ ਨਹੀਂ, ਸਗੋਂ ਉਹ ਵੀ ਜਿਸ ਉੱਤੇ ਸਾਂਝੀ ਕਾਸ਼ਤ ਹੁੰਦੀ ਸੀ ਜਾਂ ਭਾਈਚਾਰੇ ਨੂੰ ਨਿਸ਼ਚਿਤ ਲਗਾਨ ਦੇ ਕੇ ਕੋਈ ਜਿਸ ਨੂੰ ਵਾਹੁੰਦਾ ਸੀ, ਵਲ ਲਏ ਜਾਣ ਦੇ ਬਹਾਨੇ ਹੇਠ ਆਂਢ-ਗੁਆਂਢ ਦੇ ਜ਼ਿਮੀਦਾਰ ਆਪਣੇ ਕਬਜ਼ੇ ਵਿੱਚ ਲੈ ਲੈਂਦੇ ਸਨ।

"ਇੱਥੇ ਮੇਰੀ ਦ੍ਰਿਸ਼ਟੀ ਵਿੱਚ ਖੁੱਲ੍ਹੇ ਖੇਤਾਂ ਦੀਆਂ ਵਲ ਲਈਆਂ ਜ਼ਮੀਨਾਂ ਅਤੇ ਉਹ ਜ਼ਮੀਨਾਂ ਹਨ ਜਿਨ੍ਹਾਂ ਦਾ ਪਹਿਲਾਂ ਹੀ ਸੁਧਾਰ ਹੋ ਚੁੱਕਾ ਸੀ। ਹਾਤਾਬੰਦੀ ਦੇ ਸਮਰਥਕ ਲੇਖਕ ਵੀ ਇਹ ਗੱਲ ਮੰਨਦੇ ਹਨ ਕਿ ਇਹਨਾਂ ਪਿੰਡਾਂ ਦੇ ਸੰਕੁਚਿਤ ਹੋ ਜਾਣ ਨਾਲ਼ ਫਾਰਮਾਂ ਦੀਆਂ ਅਜ਼ਾਰੇਦਾਰੀਆਂ ਵਧਦੀਆਂ ਹਨ, ਖਾਣ-ਪੀਣ

---

* *Thomas Wright.* «A short address to the Public on the Monopoly of large farms», 1779, p. 2-3.

** Rev. *Addington.* «Inquiry into the reasons for and against Inclosing Open Fields». London, 1772, p. 37-43, passim.

ਦੀਆਂ ਚੀਜ਼ਾਂ ਦੀਆਂ ਕੀਮਤਾਂ ਵਧਦੀਆਂ ਹਨ, ਅਤੇ ਆਬਾਦੀ ਉਜੜ ਜਾਂਦੀ ਹੈ... ਅਤੇ ਇੱਥੋਂ ਤੱਕ ਕਿ ਇਵਹਲੀਆਂ ਪਈਆਂ ਜ਼ਮੀਨਾਂ ਦੀ ਹਾਤਾਬੰਦੀ ਨਾਲ਼ ਵੀ (ਜਿਵੇਂ ਕਿ ਅੱਜ ਕੱਲ ਹੋ ਰਹੀ ਹੈ) ਗਰੀਬਾਂ ਉੱਤੇ ਦੁਖਾਂ ਦੇ ਪਹਾੜ ਡਿੱਗਦੇ ਹਨ, ਕਿਉਂਕਿ ਉਹਨਾਂ ਦੀ ਉਪਜੀਵਕਾ ਦੇ ਇੱਕ ਹਿੱਸੇ ਤੋਂ ਉਹ ਵਾਂਝੇ ਹੋ ਜਾਂਦੇ ਹਨ, ਅਤੇ ਇਸ ਤਰ੍ਹਾਂ ਕਰਨ ਨਾਲ਼ ਕੇਵਲ ਪਹਿਲਾਂ ਤੋਂ ਹੀ ਬਹੁਤ ਵੱਡੇ ਫਾਰਮ ਹੋਰ ਵੱਡੇ ਹੁੰਦੇ ਜਾਂਦੇ ਹਨ।"* ਡਾ. ਪ੍ਰਾਈਸ ਨੇ ਲਿਖਿਆ ਹੈ: "ਜਦੋਂ ਇਹ ਜ਼ਮੀਨ ਚੰਦ ਵੱਡੇ ਵੱਡੇ ਵਾਹਕ-ਕਿਸਾਨਾਂ ਕੋਲ ਚਲੀ ਜਾਏਗੀ, ਤਾਂ ਇਸ ਦਾ ਲਾਜ਼ਮੀ ਨਤੀਜਾ ਹੋਵੇਗਾ ਕਿ ਛੋਟੇ ਵਾਹਕ-ਕਿਸਾਨ" (ਜਿਨ੍ਹਾਂ ਨੂੰ ਉਹ ਪਹਿਲਾਂ ਛੋਟੇ ਛੋਟੇ ਮਾਲਕਾਂ ਅਤੇ ਮੁਜ਼ਾਰਿਆਂ ਦੀ ਉਹ ਵਿਸ਼ਾਲ ਗਿਣਤੀ ਕਹਿ ਚੁੱਕਾ ਹੈ "ਜਿਹੜੇ ਉਸ ਜ਼ਮੀਨ ਤੋਂ ਪੈਦਾ ਕਰਕੇ ਜਿਹੜੀ ਉਹਨਾਂ ਕੋਲ ਹੁੰਦੀ ਹੈ, ਸਾਂਝੀ ਜ਼ਮੀਨ ਉੱਤੇ ਭੇਡਾਂ ਪਾਲਕੇ, ਮੁਰਗੀਆਂ ਤੇ ਸੂਰ ਪਾਲਕੇ ਆਪਣਾ ਤੇ ਆਪਣੇ ਪਰਵਾਰਾਂ ਦਾ ਪੇਟ ਪਾਲਦੇ ਹਨ, ਅਤੇ ਇਸ ਲਈ ਜਿਨ੍ਹਾਂ ਕੋਲ ਉਪਜੀਵਕਾ ਦਾ ਕੋਈ ਸਾਧਨ ਖਰੀਦਣ ਦਾ ਘੱਟ ਮੌਕਾ ਹੁੰਦਾ ਹੈ") "ਐਸੇ ਆਦਮੀਆਂ ਵਿੱਚ ਤਬਦੀਲ ਹੋ ਜਾਣਗੇ ਜਿਨ੍ਹਾਂ ਨੂੰ ਆਪਣੀ ਉਪਜੀਵਕਾ ਲਈ ਦੂਜਿਆਂ ਵਾਸਤੇ ਕੰਮ ਕਰਨਾ ਪਵੇਗਾ, ਅਤੇ ਜਿਨ੍ਹਾਂ ਨੂੰ ਆਪਣੀ ਲੋੜ ਦੀ ਹਰ ਚੀਜ਼ ਵਾਸਤੇ ਬਾਜ਼ਾਰ ਜਾਣਾ ਪਵੇਗਾ...। ਫੇਰ ਸ਼ਾਇਦ ਵਧੇਰੇ ਕਿਰਤ ਹੋਵੇਗੀ, ਕਿਉਂਕਿ ਇਹਦੇ ਲਈ ਵਧੇਰੇ ਮਜ਼ਬੂਰੀ ਹੋਵੇਗੀ...। ਨਗਰਾਂ ਤੇ ਕਾਰਖਾਨਿਆਂ ਦੀ ਗਿਣਤੀ ਵਧੇਗੀ, ਕਿਉਂਕਿ ਥਾਂ ਅਤੇ ਰੁਜ਼ਗਾਰ ਦੀ ਭਾਲ ਵਿੱਚ ਪਹਿਲਾਂ ਤੋਂ ਵਧੇਰੇ ਲੋਕ ਇੱਧਰ ਨੂੰ ਨਿਕਲਣਗੇ। ਇਹ ਹੈ ਤਰੀਕਾ ਜਿਵੇਂ ਫਾਰਮਾਂ ਦੇ ਆਕਾਰ ਨੂੰ ਵਧਾਉਣ ਦਾ ਕੁਦਰਤੀ ਅਮਲ ਹੁੰਦਾ ਹੈ। ਅਤੇ ਇਹੋ ਹੀ ਹੈ ਤਰੀਕਾ ਜਿਵੇਂ, ਕਈ ਵਰ੍ਹਿਆਂ ਤੋਂ, ਅਸਲ ਵਿੱਚ ਇਸ ਸਲਤਨਤ ਵਿੱਚ ਹੋ ਰਿਹਾ ਹੈ।"**

ਉਹ ਹਾਤਾਬੰਦੀ ਦੇ ਅਸਰਾਂ ਦਾ ਨਚੋੜ ਇਸ ਪ੍ਰਕਾਰ ਪੇਸ਼ ਕਰਦਾ ਹੈ:

"ਕੁੱਲ ਮਿਲਾਕੇ, ਹੇਠਲੇ ਤਬਕੇ ਦੇ ਲੋਕਾਂ ਦੀ ਹਾਲਤ ਲਗਭਗ ਹਰ ਪੱਖ ਤੋਂ ਹੀ ਪਹਿਲਾਂ ਤੋਂ ਵਧੇਰੇ ਖਰਾਬ ਹੋ ਜਾਂਦੀ ਹੈ। ਥੋੜ੍ਹੀ ਥੋੜ੍ਹੀ ਜ਼ਮੀਨ ਦੇ ਮਾਲਕਾਂ ਤੋਂ ਉਹ ਦਿਹਾੜੀਦਾਰ ਮਜ਼ਦੂਰ ਅਤੇ ਭਾੜੇ ਦੇ ਟੱਟੂ ਦੀ ਹਾਲਤ ਨੂੰ ਪਹੁੰਚ ਜਾਂਦੇ ਹਨ; ਅਤੇ ਇਸ ਦੇ ਨਾਲ਼ ਹੀ, ਇਸ ਹਾਲਤ ਵਿੱਚ ਉਹਨਾਂ ਦੀ ਉਪਜੀਵਕਾ-

---

* Dr. *R. Price*, «Observations on Reversionary Payments» 6 ed. By W. Morgan. London, 1803, v. II, p. 155. ਫੋਰਸਟਰ, ਐਡਿੰਗਟਨ, ਕੇਂਟ, ਪ੍ਰਾਈਸ ਜੇਮਸ ਐਂਡਰਸਨ ਨੂੰ ਪੜ੍ਹ ਅਤੇ ਖੁਸ਼ਾਮਦੀ ਮੈਕੂਲੋਕ ਨੇ ਆਪਣੇ ਕੈਟਾਲਾਗ «The literature of Political Economy». London, 1845. ਵਿੱਚ ਜਿਵੇਂ ਤਰਸਯੋਗ ਬਕਵਾਸ ਕੀਤੀ ਹੈ ਉਸ ਨਾਲ਼ ਮੁਕਾਬਲਾ ਕਰੋ।

** Dr. *R. Price*, ਉਪ. ਪੁ. ਪੰਨਾ 147.

ਪ੍ਰਾਪਤੀ ਵਧੇਰੇ ਕਠਨ ਕੰਮ ਹੋ ਜਾਂਦਾ ਹੈ।"*

ਵਾਸਤਵ ਵਿੱਚ, ਸਾਂਝੀਆਂ ਜ਼ਮੀਨਾਂ ਦੀ ਖੋਹਾ-ਮੋਹੀ ਅਤੇ ਇਸ ਦੇ ਨਾਲ਼ ਹੀ ਜ਼ਰਾਇਤ ਵਿੱਚ ਆਏ ਇਨਕਲਾਬ ਦਾ, ਜ਼ਰਾਇਤੀ ਮਜ਼ਦੂਰਾਂ ਉੱਤੇ ਇੰਨਾ ਬੁਰਾ ਅਸਰ ਹੋਇਆ ਕਿ, ਈਡਨ ਅਨੁਸਾਰ ਵੀ, 1765 ਅਤੇ 1780 ਦੇ ਵਿਚਕਾਰ, ਉਹਨਾਂ ਦੀਆਂ ਉਜਰਤਾਂ ਨਿਮਨਤਮ ਤੋਂ ਵੀ ਹੇਠਾਂ ਡਿੱਗਣੀਆਂ ਸ਼ੁਰੂ ਹੋ ਗਈਆਂ ਸਨ ਅਤੇ ਇਹਨਾਂ ਨੂੰ ਸਰਕਾਰੀ ਤੌਰ 'ਤੇ ਗਰੀਬ ਸਹਾਇਤਾ ਕਾਨੂੰਨ ਰਾਹੀਂ ਮਿਲਦੀ ਮਦਦ ਦੁਆਰਾ ਪੂਰਾ ਕੀਤਾ

---

* *Price*, ਉਪ. ਪੁ. ਪੰਨਾ. 159. ਸਾਨੂੰ ਪੁਰਾਣੇ ਰੋਮ ਦਾ ਚੇਤਾ ਆ ਜਾਂਦਾ ਹੈ। "ਅਮੀਰਾਂ ਨੇ ਅਣਵੰਡੀ ਧਰਤੀ ਦਾ ਵਡੇਰਾ ਹਿੱਸਾ ਕਾਬੂ ਕੀਤਾ ਹੋਇਆ ਸੀ। ਸਮੇਂ ਦੀਆਂ ਹਾਲਤਾਂ ਵਿੱਚ ਉਹਨਾਂ ਨੂੰ ਵਿਸ਼ਵਾਸ ਸੀ ਕਿ ਇਹ ਭੂਮੀ ਉਹਨਾਂ ਤੋਂ ਮੁੜ ਵਾਪਸ ਨਹੀਂ ਲਈ ਜਾਏਗੀ, ਅਤੇ ਇਸ ਲਈ, ਉਹਨਾਂ ਨੇ ਆਪਣੀਆਂ ਜ਼ਮੀਨਾਂ ਦੇ ਨਾਲ਼ ਲਗਦੀਆਂ ਕੁਝ ਜ਼ਮੀਨਾਂ, ਜੋ ਗਰੀਬਾਂ ਦੀ ਮਲਕੀਅਤ ਸਨ, ਮਾਲਕਾਂ ਦੀ ਰਜ਼ਾਮੰਦੀ ਨਾਲ਼ ਖਰੀਦ ਲਈਆਂ, ਅਤੇ ਕੁਝ ਉੱਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਅਤੇ ਇੰਝ ਉਹ ਇੱਕਾ-ਦੁੱਕਾ ਖਿੰਡੇ ਹੋਏ ਖੇਤਾਂ ਦੀ ਥਾਂ ਵਿਸ਼ਾਲ ਰੂਪ ਵਿੱਚ ਫ਼ੈਲੀਆਂ ਜਾਗੀਰਾਂ ਉੱਤੇ ਕਾਸ਼ਤ ਕਰਨ ਲਗ ਪਏ ਸਨ। ਫੇਰ ਉਹਨਾਂ ਨੇ ਖੇਤੀ ਅਤੇ ਪਸ਼ੂ-ਪਾਲਣ ਦੇ ਕੰਮ ਵਿੱਚ ਗੁਲਾਮ ਭਰਤੀ ਕਰ ਲਏ ਕਿਉਂਕਿ ਸੁਤੰਤਰ-ਮਨੁੱਖਾਂ ਨੂੰ ਕਿਰਤ ਤੋਂ ਹਟਾ ਕੇ ਸੈਨਿਕ ਸੇਵਾ ਲਈ ਲਿਜਾਇਆ ਜਾਂਦਾ ਸੀ। ਗੁਲਾਮਾਂ ਦੇ ਮਾਲਕ ਹੋਣ ਨਾਲ਼ ਉਹਨਾਂ ਨੂੰ ਬੜਾ ਲਾਭ ਹੋਇਆ, ਕਿਉਂਕਿ ਉਹਨਾਂ ਨੂੰ ਸੈਨਿਕ ਸੇਵਾ ਵਿੱਚ ਨਾ ਰਖੇ ਜਾਣ ਕਾਰਨ, ਉਹ ਖੁਲ੍ਹੀ ਤਰ੍ਹਾਂ ਆਪਣੀ ਸੰਤਾਨ ਵਧਾ ਸਕਦੇ ਸਨ ਅਤੇ ਖੂਬ ਬੱਚੇ ਪੈਦਾ ਕਰ ਸਕਦੇ ਸਨ। ਇਸ ਪ੍ਰਕਾਰ ਸ਼ਕਤੀਸ਼ਾਲੀ ਲੋਕਾਂ ਨੇ ਸਾਰਾ ਧਨ ਆਪਣੇ ਵੱਲ ਖਿੱਚ ਲਿਆ ਅਤੇ ਸਾਰਾ ਦੇਸ਼ ਗ਼ੁਲਾਮਾਂ ਨਾਲ਼ ਭਰ ਗਿਆ। ਦੂਜੇ ਪਾਸੇ ਇਟੈਲੀਅਨਾਂ ਦੀ ਗਿਣਤੀ ਸਦਾ ਘਟਦੀ ਜਾ ਰਹੀ ਸੀ ਕਿਉਂਕਿ ਉਹ ਗਰੀਬੀ, ਟੈਕਸ ਅਤੇ ਸੈਨਿਕ ਸੇਵਾ ਕਾਰਨ ਤਬਾਹ ਹੋ ਰਹੇ ਸਨ। ਇਥੋਂ ਤੱਕ ਕਿ ਜਦੋਂ ਅਮਨ ਦਾ ਸਮਾਂ ਆਇਆ ਤਾਂ ਵੀ ਉਹ ਲੋਕ ਪੂਰੀ ਤਰ੍ਹਾਂ ਵਿਹਲੇ ਰਹੇ, ਕਿਉਂਕਿ ਜ਼ਮੀਨ ਧਨੀਆਂ ਦੇ ਕਬਜ਼ੇ ਵਿੱਚ ਸੀ ਅਤੇ ਉਹ ਇਸ ਨੂੰ ਵਾਹੁਣ ਲਈ ਸੁਤੰਤਰ ਮਨੁੱਖਾਂ ਦੀ ਥਾਂ ਗ਼ੁਲਾਮਾਂ ਨੂੰ ਹੀ ਲਾਉਂਦੇ ਸਨ।" (*Appian* «Römische Bürger Kriege», I, 7) ਇਸ ਹਿੱਸੇ ਵਿੱਚ ਲਿਸੀਨੀਅਨ ਰੋਗੇਸ਼ਨ (ਕਾਨੂੰਨ) ਤੋਂ ਪਹਿਲਾਂ ਦੇ ਸਮੇਂ ਵੱਲ ਸੰਕੇਤ ਹੈ। (**ਲਿਸੀਨੀਅਨ ਰੋਗੇਸ਼ਨ**: 367 ਪੂਰਵ ਈਸਵੀ ਵਿੱਚ ਪ੍ਰਾਚੀਨ ਰੋਮ ਵਿੱਚ ਪਾਸ ਹੋਇਆ ਇੱਕ ਕਾਨੂੰਨ। ਇਸ ਨਾਲ਼, ਇੱਕ ਨਿਸ਼ਚਿਤ ਹੱਦ ਤੱਕ, ਸਾਂਝੀਆਂ ਜ਼ਮੀਨਾਂ ਨੂੰ ਨਿੱਜੀ ਮਾਲਕੀ ਵਿੱਚ ਦੇਣ ਦਾ ਹੱਕ ਸੀਮਤ ਹੋਇਆ, ਅਤੇ ਕਰਜ਼ਿਆਂ ਦੀ ਅੰਸ਼ਕ ਨਵਿਰਤੀ ਦੀ ਵਿਵਸਥਾ ਹੋਈ। ਇਸ ਕਾਨੂੰਨ ਦਾ ਮਨਸ਼ਾ ਵੱਡੀ ਭੂਮੀ-ਮਾਲਕੀ ਦੇ ਵਾਧੇ ਅਤੇ ਖਾਨਦਾਨੀ ਅਮੀਰਾਂ ਦੇ ਵਿਸ਼ੇਸ਼ ਅਧਿਕਾਰਾਂ ਦਾ ਵਿਰੋਧ ਕਰਨਾ ਸੀ; ਇਸ ਤੋਂ ਜਨ-ਸਾਧਾਰਨ ਦੀ ਆਰਥਕ ਤੇ ਰਾਜਨੀਤਕ ਪੁਜ਼ੀਸ਼ਨ ਦੀ ਕੁਝ ਪਾਇਦਾਰੀ ਦੀ ਵੀ ਝਲਕ ਪੈਂਦੀ ਹੈ। ਰੋਮਨ ਪਰੰਪਰਾ ਅਨੁਸਾਰ, ਲਿਸੀਨੀਅਸ ਅਤੇ ਸੈਕਸਟੀਅਸ, ਪ੍ਰਸਿੱਧ ਵਕਤੇ, ਇਸ ਕਾਨੂੰਨ ਦੇ ਕਰਤੇ ਮੰਨੇ ਜਾਂਦੇ ਸਨ। -**ਸੰਪਾਦਕ**) ਸੈਨਿਕ ਸੇਵਾ, ਜਿਸ ਨੇ ਰੋਮਨ ਜਨ-ਸਾਧਾਰਨ ਦੀ ਤਬਾਹੀ ਦੇ ਅਮਲ ਨੂੰ ਇਸ ਹੱਦ ਤੱਕ ਤੇਜ਼ ਕੀਤਾ, ਇੱਕ ਮੁਖ ਸਾਧਨ ਬਣੀ ਜਿਸ ਦੁਆਰਾ ਚਾਰਲਮੇਨ ਨੇ ਸੁਤੰਤਰ ਜਰਮਨ ਕਿਸਾਨਾਂ ਨੂੰ ਭੂਮੀ-ਗੁਲਾਮ ਅਤੇ ਜ਼ਰ-ਖਰੀਦ ਗੋਲੇ ਬਣਾ ਦਿੱਤਾ।

ਜਾਣ ਲੱਗ ਪਿਆ ਸੀ। ਉਹ ਲਿਖਦਾ ਹੈ ਕਿ ਉਹਨਾਂ ਦੀਆਂ ਉਜਰਤਾਂ "ਜ਼ਿੰਦਗੀ ਲਈ ਉੱਕਾ ਹੀ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਜਿੰਨੀ ਰਕਮ ਕਾਫੀ ਸੀ, ਉਸ ਤੋਂ ਵੱਧ ਨਹੀਂ ਸਨ।"

ਹੁਣ ਇੱਕ ਪਲ ਲਈ ਹਾਤਾਬੰਦੀਆਂ ਦੇ ਸਮਰਥਕ ਅਤੇ ਡਾ. ਪ੍ਰਾਈਸ ਦੇ ਵਿਰੋਧੀ ਦੀ ਸੁਣੀਏ।

> "ਜੇਕਰ ਲੋਕ ਖੁਲ੍ਹੇ ਖੇਤਾਂ ਵਿੱਚ ਆਪਣੀ ਕਿਰਤ ਜ਼ਾਇਆ ਕਰਦੇ ਦਿਖਾਈ ਨਹੀਂ ਦੇਂਦੇ, ਤਾਂ ਇਸ ਦਾ ਇਹ ਮਤਲਬ ਨਹੀਂ ਹੈ ਕਿ ਆਬਾਦੀ ਘੱਟ ਹੋ ਗਈ ਹੈ...। ਜੇਕਰ, ਛੋਟੇ ਵਾਹਕ-ਕਿਸਾਨਾਂ ਨੂੰ ਐਸੇ ਲੋਕਾਂ ਵਿੱਚ ਬਦਲ ਕੇ ਜਿਨ੍ਹਾਂ ਲਈ ਦੂਜਿਆਂ ਵਾਸਤੇ ਕੰਮ ਕਰਨਾ ਜ਼ਰੂਰੀ ਹੈ, ਵਧੇਰੇ ਕਿਰਤ ਕਰਾਈ ਜਾਂਦੀ ਹੈ, ਤਾਂ ਇਹ ਇੱਕ ਐਸਾ ਲਾਭ ਹੈ ਜਿਸ ਦਾ "ਰਾਸ਼ਟਰ ਨੂੰ ਸਵਾਗਤ ਕਰਨਾ ਚਾਹੀਦਾ ਹੈ" (ਨਿਰਸੰਦੇਹ, ਇਸ ਰਾਸ਼ਟਰ ਵਿੱਚ ਇਸ ਹਾਲਤ ਵਿੱਚ "ਸੁੱਟੇ ਗਏ" ਲੋਕ ਨਹੀਂ ਆਉਂਦੇ) "ਕਿਉਂਕਿ ਜਦੋਂ ਉਹਨਾਂ ਦੀ ਸਾਂਝੀ ਕਿਰਤ ਇੱਕੋ ਫਾਰਮ ਉੱਤੇ ਕੰਮ ਵਿੱਚ ਲਿਆਂਦੀ ਜਾਂਦੀ ਹੈ, ਤਾਂ ਪੈਦਾਵਾਰ ਜ਼ਿਆਦਾ ਹੁੰਦੀ ਹੈ, ਕਾਰਖਾਨਿਆਂ ਲਈ ਵਾਧੂ ਪੈਦਾਵਾਰ ਹੋ ਜਾਂਦੀ ਹੈ, ਅਤੇ ਇਸ ਪ੍ਰਕਾਰ ਕਾਰਖਾਨੇ, ਰਾਸ਼ਟਰ ਲਈ ਦੌਲਤ ਦੀ ਇੱਕ ਖਾਣ, ਉਪਜਾਏ ਅਨਾਜ ਦੀ ਮਾਤਰਾ ਦੀ ਨਿਸਬਤ ਵਿੱਚ ਹੀ ਵਧਣਗੇ।"*

ਜਦੋਂ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦੀ ਨੀਂਹ ਰੱਖਣ ਲਈ ਇਸ ਦੀ ਲੋੜ ਹੁੰਦੀ ਹੈ, ਓਦੋਂ "ਜਾਇਦਾਦ ਦੇ ਪਵਿੱਤਰ ਅਧਿਕਾਰ" ਦੀ ਅਤਿਅੰਤ ਸ਼ਰਮਨਾਕ ਉਲੰਘਣਾ ਅਤੇ ਵਿਅਕਤੀਆਂ ਉਤੇ ਹਿੰਸਾ ਦੇ ਘਿਣਾਉਣੇ ਹਮਲਿਆਂ ਨੂੰ ਵੀ ਰਾਜਨੀਤਕ ਅਰਥ-ਸ਼ਾਸਤਰੀ ਮਨ ਦੀ ਇਸ ਵੈਰਾਗਮਈ ਸ਼ਾਂਤੀ ਨਾਲ਼ ਦੇਖਦਾ ਹੈ, ਉਸ ਦੀ ਇੱਕ ਮਿਸਾਲ, ਪਰ-ਉਪਕਾਰੀ ਅਤੇ ਟੋਡੀ ਸਰ. ਐਫ. ਐਮ. ਈਡਨ ਹੈ। 15ਵੀਂ ਸਦੀ ਦੀ ਆਖਰੀ ਤਿਹਾਈ ਤੋਂ ਲੈ ਕੇ 18ਵੀਂ ਸਦੀ ਦੇ ਅਖੀਰ ਤੱਕ, ਲੋਕਾਂ ਦੀ ਜ਼ਬਰਦਸਤੀ ਖੋਹਾ-ਮੋਹੀ ਦੇ ਨਾਲ਼ ਨਾਲ਼ ਜਿਵੇਂ ਉਹ ਚੋਰੀਆਂ, ਅਤਿਆਚਾਰਾਂ ਅਤੇ ਮੁਸੀਬਤਾਂ ਦਾ ਸ਼ਿਕਾਰ ਹੁੰਦੇ ਰਹੇ, ਉਸ ਤੋਂ ਉਹ ਸਿਰਫ਼ ਇਸ ਸੰਤੋਸ਼ਜਨਕ ਨਤੀਜੇ ਉੱਤੇ ਹੀ ਪਹੁੰਚਦਾ ਹੈ:

> "ਵਾਹੀਯੋਗ ਭੂਮੀ ਅਤੇ ਚਰਾਂਦ ਦੀ ਭੂਮੀ ਵਿਚਕਾਰ ਉਚਿਤ (due) ਨਿਸਬਤ ਕਾਇਮ ਕਰਨਾ ਜ਼ਰੂਰੀ ਹੈ। ਪੂਰੀ 14ਵੀਂ ਸਦੀ ਵਿੱਚ ਅਤੇ 15ਵੀਂ ਸਦੀ

---

* [*J. Arbuthnot*] «An Inquiry into the Connection between the Present Price of Provisions etc. p. 124, 129.। ਹੇਠਲੀ ਉਦਾਹਰਣ ਉਲਟੇ ਦ੍ਰਿਸ਼ਟੀਕੋਣ ਤੋਂ ਹੈ, ਪਰ ਇਸ ਤੋਂ ਵੀ ਇਸ ਮੱਤ ਦੀ ਪੁਸ਼ਟੀ ਹੁੰਦੀ ਹੈ: "ਕਿਰਤੀਆਂ ਨੂੰ ਉਹਨਾਂ ਦੀਆਂ ਝੌਂਪੜੀਆਂ ਵਿੱਚੋਂ ਧੱਕ ਕੇ ਬਾਹਰ ਕੀਤਾ ਜਾਂਦਾ ਹੈ ਅਤੇ ਰੁਜ਼ਗਾਰ ਲੱਭਣ ਲਈ ਸ਼ਹਿਰ ਜਾਣ ਵਾਸਤੇ ਮਜਬੂਰ ਕੀਤਾ ਜਾਂਦਾ ਹੈ; ਪਰ ਫੇਰ ਪਹਿਲਾਂ ਤੋਂ ਵਧੇਰੇ ਵਾਧੂ ਪੈਦਾਵਾਰ ਹੁੰਦੀ ਹੈ। ਅਤੇ ਇੰਝ ਪੂੰਜੀ ਵਿੱਚ ਵਾਧਾ ਹੁੰਦਾ ਹੈ।" [*R. B. Seeley*] «The Perils of the Nation», 2nd. ed., London, 1843, p. 14.

ਦੇ ਵਡੇਰੇ ਭਾਗ ਵਿੱਚ ਇੱਕ ਏਕੜ ਚਰਾਗਾਹ ਪਿਛੇ 2, 3 ਜਾਂ 4 ਏਕੜ ਤੱਕ ਵਾਹੀਯੋਗ ਭੂਮੀ ਹੁੰਦੀ ਸੀ। 16ਵੀਂ ਸਦੀ ਦੇ ਅੱਧ ਦੇ ਆਸ ਪਾਸ ਇਹ ਨਿਸਬਤ ਬਦਲ ਕੇ 2 ਏਕੜ ਚਰਾਂਦ ਪਿੱਛੇ 2 ਏਕੜ ਵਾਹੀਯੋਗ, ਅਤੇ ਮਗਰੋਂ ਜਾ ਕੇ, 2 ਏਕੜ ਚਰਾਂਦ ਪਿੱਛੇ ਇੱਕ ਏਕੜ ਵਾਹੀਯੋਗ ਜ਼ਮੀਨ ਹੋ ਗਈ ਅਤੇ ਅਖੀਰ 3 ਚਰਾਂਦ ਪਿਛੇ ਇੱਕ ਏਕੜ ਵਾਹੀਯੋਗ ਜ਼ਮੀਨ ਦੀ ਸਹੀ ਨਿਸਬਤ ਵੀ ਕਾਇਮ ਹੋ ਗਈ।"

19ਵੀਂ ਸਦੀ ਵਿੱਚ, ਨਿਰਸੰਦੇਹ, ਜ਼ਰਾਇਤੀ ਕਿਰਤੀ ਅਤੇ ਸਾਂਝੀ ਜਾਇਦਾਦ ਵਿਚਕਾਰਲਾ ਸਬੰਧ ਯਾਦ-ਪੱਟ ਤੋਂ ਅਲੋਪ ਹੀ ਹੋ ਗਿਆ। ਅਜੇ ਹਾਲ ਦੇ ਸਮੇਂ ਦੀ ਗੱਲ ਹੀ ਕੀ ਕਰਨੀ ਹੋਈ; 35,11,770 ਏਕੜ ਸਾਂਝੀ ਜ਼ਮੀਨ ਜਿਹੜੀ 1801 ਅਤੇ 1831 ਦੇ ਵਿਚਕਾਰ ਜ਼ਰਾਇਤੀ ਵਸੋਂ ਪਾਸੋਂ ਖੋਹੀ ਗਈ ਸੀ ਅਤੇ ਜਿਸ ਨੂੰ ਪਾਰਲੀਮੈਂਟਰੀ ਹੱਥ-ਕੰਡਿਆਂ ਨਾਲ਼ ਜ਼ਿਮੀਦਾਰਾਂ ਵੱਲੋਂ ਜ਼ਿਮੀਦਾਰਾਂ ਨੂੰ ਭੇਟ ਕਰ ਦਿੱਤਾ ਗਿਆ ਸੀ, ਉਸ ਦਾ ਜ਼ਰਾਇਤੀ ਵਸੋਂ ਨੂੰ ਫੁੱਟੀ ਕੌਡੀ ਮੁਆਵਜ਼ਾ ਵੀ ਮਿਲਿਆ ?

ਜ਼ਰਾਇਤੀ ਵਸੋਂ ਦੀ ਥੋਕ ਬੇਦਖ਼ਲੀ ਦਾ ਆਖਰੀ ਅਮਲ ਹੈ ਜਿਸ ਨੂੰ ਜਾਗੀਰਾਂ ਦੀ ਸਫ਼ਾਈ («Clearing of Estates») ਕਹਿੰਦੇ ਹਨ, ਭਾਵ, ਜਨ-ਜੀਵ ਉਹਨਾਂ ਵਿੱਚੋਂ ਹੂੰਝ ਕੇ ਬਾਹਰ ਸੁੱਟ ਜਾਂਦੇ ਹਨ। ਹੁਣ ਤੱਕ ਵਿਚਾਰੇ ਗਏ ਤੇ ਇੰਗਲੈਂਡ ਵਿੱਚ ਵਰਤੇ ਗਏ ਸਭ ਢੰਗਾਂ ਦਾ ਸਿਖਰੀ-ਰੂਪ ਇਹ "ਸਫ਼ਾਈ" ਹੈ। ਜਿਵੇਂ ਕਿ ਅਸੀਂ ਇੱਕ ਪਿਛਲੇ ਕਾਂਡ ਵਿੱਚ ਦਿੱਤੀਆਂ ਆਧੁਨਿਕ ਹਾਲਤਾਂ ਦੀ ਤਸਵੀਰ ਤੋਂ ਦੇਖਿਆ ਹੈ, ਜਿੱਥੇ ਹੁਣ ਹੋਰ ਸਵੈਧੀਨ ਕਿਸਾਨ ਨਹੀਂ ਹਨ ਜਿਨ੍ਹਾਂ ਤੋਂ ਖਹਿੜਾ ਛੁਡਾਇਆ ਜਾਏ, ਉਥੇ ਝੌਂਪੜੀਆਂ ਦੀ "ਸਫ਼ਾਈ" ਸ਼ੁਰੂ ਹੋ ਜਾਂਦੀ ਹੈ; ਤਾਂ ਕਿ ਜ਼ਰਾਇਤੀ ਮਜ਼ਦੂਰ ਉਸ ਜ਼ਮੀਨ ਉੱਤੇ ਜਿੱਥੇ ਉਹ ਕਾਸ਼ਤ ਕਰਦੇ ਸਨ, ਆਪਣੇ ਰਹਿਣ ਲਈ ਚੱਪਾ ਜ਼ਮੀਨ ਵੀ ਨਾ ਭਾਲ ਸਕਣ। ਪਰ "ਜਗੀਰਾਂ ਦੀ ਸਫ਼ਾਈ" ਦਾ ਅਸਲੀ ਅਤੇ ਠੀਕ ਠੀਕ ਕੀ ਭਾਵ ਹੁੰਦਾ ਹੈ, ਇਸ ਦਾ ਪਤਾ ਸਾਨੂੰ ਆਧੁਨਿਕ ਰੁਮਾਂਸ ਦੀ ਆਦਰਸ਼ ਭੂਮੀ, ਸਕਾਟਲੈਂਡ ਦੇ ਪਰਬਤੀ-ਪ੍ਰਦੇਸ਼, ਵਿੱਚ ਹੀ ਲਗਦਾ ਹੈ। ਉੱਥੇ ਇਸ ਅਮਲ ਦੀ ਵਿਲੱਖਣਤਾ ਇਹ ਹੈ ਕਿ ਇਹ ਬਾਕਾਇਦਗੀ ਦਾ ਖਾਸਾ ਰੱਖਦਾ ਹੈ, ਕਿ ਇੱਕੋ ਹੀ ਧੱਕੇ ਨਾਲ਼ ਇੱਕ ਵਿਸ਼ਾਲ ਇਲਾਕੇ ਵਿੱਚ ਇਹ ਕੰਮ ਸਿਰੇ ਚੜ੍ਹਾਇਆ ਜਾਂਦਾ ਹੈ (ਆਇਰਲੈਂਡ ਵਿੱਚ ਬਿਸਵੇਦਾਰਾਂ ਨੇ ਇੱਕੋ ਹੱਲੇ ਹੀ ਕਈ ਕਈ ਪਿੰਡਾਂ ਨੂੰ ਹੂੰਝਾਂ ਫੇਰ ਦਿੱਤਾ ਹੈ, ਸਕਾਟਲੈਂਡ ਵਿੱਚ ਜਰਮਨ ਰਿਆਸਤਾਂ ਜਿੰਨੇ ਵੱਡੇ ਇਲਾਕੇ ਸਾਫ਼ ਕਰ ਦਿੱਤੇ ਗਏ ਹਨ), ਅਤੇ ਆਖਰੀ ਗੱਲ, ਕਿ ਗ਼ਬਨ ਕੀਤੀਆਂ ਹੋਈਆਂ ਜ਼ਮੀਨਾਂ ਇੱਕ ਵਚਿੱਤਰ ਕਿਸਮ ਦਾ ਸੰਪਤੀ-ਰੂਪ ਧਾਰਨ ਕਰ ਲੈਂਦੀਆਂ ਹਨ।

ਪਰਬਤੀ-ਇਲਾਕੇ ਵਿੱਚ ਰਹਿੰਦੇ ਕੈਲਟ ਲੋਕ ਕਬੀਲਿਆਂ ਵਿੱਚ ਸੰਗਠਤ ਸਨ, ਜਿਨ੍ਹਾਂ ਵਿੱਚ ਹਰ ਇੱਕ ਕਬੀਲਾ ਉਸ ਜ਼ਮੀਨ ਦਾ ਮਾਲਕ ਸੀ ਜਿਸ ਉੱਤੇ ਉਹ ਬੈਠਾ ਹੋਇਆ ਸੀ। ਕਬੀਲੇ ਦਾ ਪ੍ਰਤੀਨਿਧੀ, ਇਸ ਦਾ ਮੁਖੀਆ ਜਾਂ "ਵੱਡਾ ਆਦਮੀ" ਇਸ ਦੀ ਜਾਇਦਾਦ ਦਾ ਕੇਵਲ ਨਾਂ ਦਾ ਹੀ ਮਾਲਕ ਸੀ ਜਿਵੇਂ ਇੰਗਲੈਂਡ ਦੀ ਮਲਕਾ ਕੁਲ ਰਾਸ਼ਟਰੀ ਜ਼ਮੀਨ ਦੀ

ਕੇਵਲ ਨਾਂ ਦੀ ਹੀ ਮਾਲਕ ਹੈ। ਜਦੋਂ ਅੰਗਰੇਜ਼ ਸਰਕਾਰ ਇਹਨਾਂ "ਵੱਡੇ ਆਦਮੀਆਂ" ਦੀਆਂ ਅੰਦਰੂਨੀ ਲੜਾਈਆਂ ਨੂੰ ਬੰਦ ਕਰਾਉਣ ਅਤੇ ਮੈਦਾਨੀ ਇਲਾਕਿਆਂ ਵਿੱਚ ਇਹਨਾਂ ਦੀਆਂ ਨਿਰੰਤਰ ਚੜ੍ਹਾਈਆਂ ਨੂੰ ਰੋਕਣ ਵਿੱਚ ਸਫ਼ਲ ਹੋ ਗਈ, ਤਾਂ ਕਬੀਲਿਆਂ ਦੇ ਇਹਨਾਂ ਮੁਖੀਆਂ ਨੇ ਡਕੈਤੀ ਦਾ ਆਪਣਾ ਪੁਰਾਣਾ ਜੱਦੀ ਕਿੱਤਾ ਛੱਡ ਨਹੀਂ ਸੀ ਦਿੱਤਾ; ਉਹਨਾਂ ਨੇ ਸਿਰਫ਼ ਇਸ ਦਾ ਰੂਪ ਹੀ ਬਦਲਿਆ ਸੀ। ਉਹਨਾਂ ਨੇ ਆਪਣੀ ਮਰਜ਼ੀ ਨਾਲ਼ ਹੀ ਆਪਣੇ ਨਾਮ-ਮਾਤਰ ਅਧਿਕਾਰ ਨੂੰ ਨਿੱਜੀ ਜਾਇਦਾਦ ਦੇ ਅਧਿਕਾਰ ਵਿੱਚ ਬਦਲ ਦਿੱਤਾ, ਅਤੇ ਇਸ ਨਾਲ ਕਿਉਂਕਿ ਉਹਨਾਂ ਦੀ ਆਪਣੇ ਕਬੀਲੇ ਦੇ ਬੰਦਿਆਂ ਨਾਲ਼ ਟੱਕਰ ਹੋਈ, ਇਸ ਲਈ ਇਹਨਾਂ ਨੇ ਲੋਕਾਂ ਨੂੰ ਤਾਕਤ ਦੀ ਵਰਤੋਂ ਨਾਲ਼ ਭਜਾ ਦੇਣ ਦਾ ਦ੍ਰਿੜ੍ਹ ਨਿਸ਼ਚਾ ਕੀਤਾ। ਪ੍ਰੋਫੈਸਰ ਨਿਊਮੈਨ ਨੇ ਲਿਖਿਆ ਹੈ, "ਇੰਞ ਤਾਂ ਇੰਗਲੈਂਡ ਦਾ ਬਾਦਸ਼ਾਹ ਵੀ ਇਹ ਦਾਅਵਾ ਕਰ ਸਕਦਾ ਸੀ ਕਿ ਉਸ ਨੂੰ ਆਪਣੀ ਪਰਜਾ ਸਮੁੰਦਰ ਵਿੱਚ ਧੱਕ ਦੇਣ ਦਾ ਹੱਕ ਹੈ"* ਇਸ ਇਨਕਲਾਬ ਦੇ, ਜਿਹੜਾ ਸਕਾਟਲੈਂਡ ਵਿੱਚ ਪ੍ਰੀਟੈਂਡਰ** ਦੇ ਅਨੁਆਈਆਂ ਦੀ ਆਖ਼ਰੀ ਬਗ਼ਾਵਤ ਤੋਂ ਮਗਰੋਂ ਸ਼ੁਰੂ ਹੋਇਆ, ਪਹਿਲੇ ਦੌਰ ਦਾ ਅਧਿਐਨ ਸਰ ਜੇਮਸ ਸਟਿਊਅਰਟ*** ਅਤੇ ਜੇਮਸ ਐਂਡਰਸਨ**** ਦੀਆਂ ਲਿਖਤਾਂ ਵਿੱਚੋਂ ਕੀਤਾ ਜਾ ਸਕਦਾ ਹੈ। 18ਵੀਂ ਸਦੀ ਵਿੱਚ ਜ਼ਮੀਨਾਂ 'ਚੋਂ ਕੱਢੇ ਗਏ ਕੈਲਟ ਲੋਕਾਂ ਨੂੰ ਆਪਣਾ ਦੇਸ਼ ਛੱਡਣ ਦੀ ਮਨਾਹੀ ਕੀਤੀ ਗਈ ਤਾਂ ਜੋ ਉਹ

---

* *F. W. Newman.* «Lectures on Political Economy» London, 1851, p. 132.

** 1745-1746 ਦੀ ਬਗ਼ਾਵਤ ਵੱਲ ਸੰਕੇਤ ਹੈ ਜਿਹੜੀ ਸਟਿਊਅਰਟ ਰਾਜਵੰਸ ਦੇ ਅਨੁਆਈਆਂ ਨੇ ਕੀਤੀ ਸੀ ਜਿਹੜੇ ਮੰਗ ਕਰਦੇ ਸਨ ਕਿ ਚਾਰਲਸ ਐਡਵਰਡ, ਕਥਿਤ ਯੁਵਕ ਪ੍ਰੀਟੈਂਡਰ, ਇੰਗਲੈਂਡ ਦੇ ਤਖ਼ਤ ਉੱਤੇ ਬੈਠੇ। ਇਹ ਬਗ਼ਾਵਤ ਸਕਾਟਲੈਂਡ ਅਤੇ ਇੰਗਲੈਂਡ ਦੇ ਜਨਸਮੂਹ ਵੱਲੋਂ, ਬਿਸਵੇਦਾਰਾਂ ਵੱਲੋਂ ਉਹਨਾਂ ਦੀ ਲੁੱਟ-ਖਸੁੱਟ ਅਤੇ ਜ਼ਮੀਨ ਦੀ ਥੋਕ ਖੋਹਾ-ਮੋਹੀ ਵਿਰੁਧ ਰੋਸ ਦਾ ਵੀ ਦਰਪਨ ਸੀ। ਅੰਗਰੇਜ਼ ਫੌਜਾਂ ਵੱਲੋਂ ਬਗ਼ਾਵਤ ਨੂੰ ਦਬਾਏ ਜਾਣ ਤੋਂ ਮਗਰੋਂ, ਸਕਾਟਲੈਂਡ ਦੇ ਪਰਬਤੀ ਇਲਾਕਿਆਂ ਵਿੱਚ ਕਬੀਲਾ ਪ੍ਰਬੰਧ ਟੁੱਟਣਾ ਸ਼ੁਰੂ ਹੋਇਆ ਅਤੇ "ਜਾਗੀਰਾਂ ਦੀ ਸਫ਼ਾਈ" ਨੇ ਹੋਰ ਵੀ ਵਧੇਰੇ ਤੀਬਰ ਚਲਣ ਗ੍ਰਹਿਣ ਕਰ ਲਿਆ। - **ਸੰਪਾਦਕ।**

*** ਸਟਿਊਅਰਟ ਨੇ ਲਿਖਿਆ ਹੈ: "ਜੇ ਤੁਸੀਂ ਇਹਨਾਂ ਜ਼ਮੀਨਾਂ ਦੇ ਵਿਸਥਾਰ ਨਾਲ਼ ਇਹਨਾਂ ਦੇ ਲਗਾਨ ਦੀ ਤੁਲਨਾ ਕਰੋ" (ਇੱਥੇ ਉਸ ਨੇ ਲਗਾਨ ਨਾਮੀ ਆਰਥਕ ਉਪ-ਵਰਗ ਵਿੱਚ ਉਹ ਖ਼ਿਰਾਜ ਵੀ ਸ਼ਾਮਲ ਕਰ ਲਿਆ ਹੈ ਜੋ ਕਬੀਲੇ ਦੇ ਲੋਕ ਆਪਣੇ ਮੁਖੀਏ ਨੂੰ ਦੇਂਦੇ ਸਨ), "ਤਾਂ ਤੁਹਾਨੂੰ ਇਹ ਬਹੁਤ ਥੋੜ੍ਹਾ ਪ੍ਰਤੀਤ ਹੋਵੇਗਾ। ਜੇ ਤੁਸੀਂ ਇਸ ਦੀ ਤੁਲਨਾ ਫ਼ਾਰਮ ਉੱਤੇ ਪਲਦੇ ਜੀਆਂ ਦੀ ਗਿਣਤੀ ਨਾਲ ਕਰੋ, ਤਾਂ ਤੁਸੀਂ ਦੇਖੋਗੇ ਕਿ ਇੱਕ ਚੰਗੇ ਅਤੇ ਜ਼ਰਖੇਜ਼ ਪ੍ਰਾਂਤ ਦੀ ਇੱਕ ਜਾਗੀਰ ਉੱਤੇ ਜਿੰਨੇ ਲੋਕ ਪਲਦੇ ਹਨ, ਸਕਾਟਲੈਂਡ ਦੇ ਪਰਬਤੀ ਪ੍ਰਦੇਸ਼ ਵਿੱਚ ਉੱਨੇ ਹੀ ਮੁੱਲ ਦੀ ਜਾਗੀਰ ਉੱਤੇ ਸ਼ਾਇਦ ਉਸ ਨਾਲੋਂ ਦਸ-ਗੁਣਾ ਵਧੇਰੇ ਲੋਕਾਂ ਦਾ ਜੀਵਨ-ਨਿਰਬਾਹ ਹੁੰਦਾ ਹੈ।" (*James Steuart.* «An Inquiry into the Principles of Political Economy», London, 1767, v. I, ch. XVI, p. 104)

**** *James Anderson.* «Observation on the means of Exciting a spirit of National Industry etc». Edinburgh, 1777.

ਗਲਾਸਗੋ ਅਤੇ ਦੂਜੇ ਸਨਅਤੀ ਨਗਰਾਂ* ਵਿੱਚ ਜਾਣ ਲਈ ਮਜਬੂਰ ਹੋ ਜਾਣ। 19ਵੀਂ ਸਦੀ ਵਿੱਚ ਪ੍ਰਚਲਤ ਵਿਧੀਆਂ** ਦੀ ਇੱਕ ਮਿਸਾਲ ਵਜੋਂ, ਸਦਰਲੈਂਡ ਦੀ ਡਚੇਜ਼ ਵਲੋਂ ਕੀਤੀ ਗਈ "ਸਫ਼ਾਈ" ਦਾ ਵਰਣਨ ਹੀ ਕਾਫ਼ੀ ਹੋਵੇਗਾ। ਇਸ ਔਰਤ ਨੂੰ ਅਰਥ-ਸ਼ਾਸਤਰ ਵਿੱਚ ਚੰਗੀ ਸਿਖਿਆ ਪ੍ਰਾਪਤ ਸੀ। ਇਸ ਲਈ ਉਸਨੇ ਆਪਣੀ ਜਾਗੀਰ ਦੀ ਵਾਗ-ਡੋਰ ਸੰਭਾਲਦਿਆਂ ਹੀ ਇਕ ਮੂਲਕ ਸੁਧਾਰ ਕਰਨ ਅਤੇ ਸਮੁੱਚੇ ਦੇਸ਼ ਨੂੰ, ਜਿਸ ਦੀ ਆਬਾਦੀ ਪਹਿਲਾਂ ਹੀ ਇਸ ਕਿਸਮ ਦੇ ਮੁੱਢਲੇ ਅਮਲਾਂ ਨਾਲ਼ 15,000 ਰਹਿ ਗਈ ਸੀ, ਭੇਡਾਂ ਦਾ ਵਾੜਾ ਬਣਾ ਦੇਣ ਦਾ ਫੈਸਲਾ ਕੀਤਾ। 1814 ਤੋਂ ਲੈ 1820 ਤੱਕ, ਇਹਨਾਂ 15,000

---

* 1860 ਵਿੱਚ ਜ਼ਬਰਦਸਤੀ ਬੇਦਖ਼ਲ ਕੀਤੇ ਗਏ ਲੋਕਾਂ ਨੂੰ ਧੋਖਾ ਦੇ ਕੇ ਕਨੇਡਾ ਭੇਜ ਦਿੱਤਾ ਗਿਆ। ਕੁਝ ਲੋਕ ਪਰਬਤਾਂ ਵੱਲ ਅਤੇ ਗੁਆਂਢੀ ਟਾਪੂਆਂ ਵੱਲ ਦੌੜ ਗਏ। ਪੁਲੀਸ ਨੇ ਉਹਨਾਂ ਦਾ ਪਿੱਛਾ ਕੀਤਾ, ਉਹਨਾਂ ਨਾਲ਼ ਝੜਪਾਂ ਹੋਈਆਂ, ਪਰ ਆਖਰ ਉਹ ਬਚ ਕੇ ਨਿਕਲ ਗਏ।

** 1814 ਵਿੱਚ ਐਡਮ ਸਮਿੱਥ ਦੇ ਟਿਪਣੀਕਾਰ ਬੁਕਾਨਨ ਨੇ ਲਿਖਿਆ ਹੈ: "ਸਕਾਟਲੈਂਡ ਦੇ ਪਰਬਤਾਂ ਵਿੱਚ ਸੰਪਤੀ ਦੀ ਪ੍ਰਾਚੀਨ ਸਥਿਤੀ ਵਿੱਚ ਨਿੱਤ ਉਥਲ-ਪੁਥਲ ਹੁੰਦੀ ਹੈ...। ਬਿਸਵੇਦਾਰ, ਜੱਦੀ ਪੁਸ਼ਤੀ ਪਟੇਦਾਰ (ਇੱਥੇ ਇਹ ਸੰਕੇਤ ਗ਼ਲਤੀ ਨਾਲ਼ ਵਰਤ ਲਿਆ ਹੈ) ਦਾ ਧਿਆਨ ਕੀਤੇ ਬਿਨਾਂ ਹੁਣ ਆਪਣੀ ਜ਼ਮੀਨ ਸਭ ਤੋਂ ਵੱਧ ਲਗਾਨ ਦੀ ਬੋਲੀ ਦੇਣ ਵਾਲੇ ਨੂੰ ਦੇਂਦਾ ਹੈ ਜਿਹੜਾ, ਜੇ ਉਹ ਜ਼ਮੀਨ ਸੁਧਾਰਕ ਹੈ, ਤੁਰੰਤ ਹੀ ਕਾਸ਼ਤ ਕਰਨ ਦੀ ਨਵੀਂ ਪ੍ਰਣਾਲੀ ਆਪਣਾ ਲੈਂਦਾ ਹੈ। ਪਹਿਲਾਂ ਜ਼ਮੀਨ ਉੱਤੇ ਛੋਟੇ ਛੋਟੇ ਮੁਜ਼ਾਰੇ ਜਾਂ ਕਿਰਤੀ ਖਿੰਡੇ ਰਹਿੰਦੇ ਸਨ, ਅਤੇ ਆਬਾਦੀ ਜ਼ਮੀਨ ਦੀ ਉਪਜ ਦੀ ਨਿਸਬਤ ਮੁਤਾਬਕ ਹੁੰਦੀ ਸੀ, ਪਰ ਉੱਨਤ ਕਾਸ਼ਤ ਅਤੇ ਵਧੇ ਹੋਏ ਲਗਾਨ ਦੀ ਨਵੀਂ ਪ੍ਰਣਾਲੀ ਅਧੀਨ, ਘੱਟ ਤੋਂ ਘੱਟ ਖਰਚ ਨਾਲ਼ ਵੱਧ ਤੋਂ ਵੱਧ ਪੈਦਾਵਾਰ ਪ੍ਰਾਪਤ ਕੀਤੀ ਜਾਂਦੀ ਹੈ: ਅਤੇ ਇਸ ਦ੍ਰਿਸ਼ਟੀ ਤੋਂ ਵਾਧੂ ਲੋਕਾਂ ਨੂੰ ਉੱਥੋਂ ਹਟਾਕੇ, ਆਬਾਦੀ ਨੂੰ ਇਸ ਹੱਦ ਤੱਕ ਘਟਾ ਦਿੱਤਾ ਜਾਂਦਾ ਹੈ ਕਿ ਜਿਸ ਦੀ ਜ਼ਮੀਨ ਪਰਵਰਸ਼ ਨਹੀਂ, ਸਗੋਂ ਜਿਸ ਨੂੰ ਜ਼ਮੀਨ ਕੰਮ ਦੇ ਸਕਦੀ ਹੈ। ਬੇਦਖ਼ਲ ਕੀਤੇ ਗਏ ਮੁਜ਼ਾਰੇ ਜਾਂ ਤਾਂ ਗੁਆਂਢੀ ਨਗਰਾਂ ਵਿੱਚ ਉਪਜੀਵਕਾ ਦੀ ਭਾਲ ਕਰਦੇ ਹਨ," ਆਦਿ (*David Buchanan.* «Observations on etc. A. Smith's Wealth of Nations». Edinburgh, 1814, v. IV, p. 144)। ਸਕਾਟਲੈਂਟ ਦੇ ਧਨੀ ਲੋਕਾਂ ਦੀ ਸੰਪਤੀ ਇਉਂ ਖੋਹਦੇ ਸਨ ਜਿਵੇਂ ਝਾੜੀਆਂ ਦੇ ਜੰਗਲ ਨੂੰ ਸਾਫ਼ ਕਰ ਰਹੇ ਹੋਣ, ਅਤੇ ਉਹ ਪਿੰਡਾਂ ਤੇ ਇੱਥੇ ਵਸਦੇ ਲੋਕਾਂ ਨਾਲ਼ ਅਜਿਹਾ ਵਿਹਾਰ ਕਰਦੇ ਸਨ ਜਿਹਾ ਜੰਗਲੀ ਜਾਨਵਰਾਂ ਤੋਂ ਡਰੇ ਹੋਏ ਇੰਡੀਅਨ, ਬਦਲੇ ਦੀ ਭਾਵਨਾ ਵਿੱਚ, ਸ਼ੇਰਾਂ ਵਾਲੇ ਜੰਗਲ ਨਾਲ਼ ਕਰਦੇ ਹਨ...। ਆਦਮੀ ਜਾਨਵਰ ਦੀ ਖੱਲ ਜਾਂ ਉਸ ਦੇ ਮਾਸ ਦੇ ਲੋਥੜੇ ਦੇ ਸਾਵੀਂ ਤੁਲਦਾ ਹੈ, ਸਗੋਂ ਕਦੇ ਤਾਂ ਇਸ ਤੋਂ ਵੀ ਸਸਤਾ ਹੋ ਜਾਂਦਾ ਹੈ... ਅਤੇ ਸੱਚ ਪੁੱਛੋਂ, ਤਾਂ ਇਹ ਉਹਨਾਂ ਮੰਗੋਲਾਂ ਦੇ ਇਰਾਦਿਆਂ ਨਾਲੋਂ ਕਿਤੇ ਭਿਆਨਕ ਹੈ, ਜਿਨ੍ਹਾਂ ਨੇ ਚੀਨ ਦੇ ਉੱਤਰੀ ਸੂਬਿਆਂ ਵਿੱਚ ਦਾਖ਼ਲ ਹੋਣ ਮਗਰੋਂ ਆਪਣੀ ਕੌਂਸਲ ਅੱਗੇ ਇਹ ਪ੍ਰਸਤਾਵ ਰਖਿਆ ਸੀ ਕਿ ਉਥੋਂ ਦੇ ਵਸਨੀਕਾਂ ਦਾ ਸਰਵਨਾਸ਼ ਕੀਤਾ ਜਾਏ ਅਤੇ ਜ਼ਮੀਨ ਨੂੰ ਚਰਾਂਦ ਬਣਾਇਆ ਜਾਏ। ਇਸ ਸੁਝਾਓ ਨੂੰ ਬਹੁਤ ਸਾਰੇ ਪਰਬਤ-ਵਾਸੀ ਮਾਲਕਾਂ ਨੇ ਆਪਣੇ ਹੀ ਦੇਸ਼ ਵਿੱਚ ਆਪਣੇ ਹੀ ਦੇਸ਼-ਵਾਸੀਆਂ ਦੇ ਖਿਲਾਫ਼ ਅਮਲ ਵਿੱਚ ਲਿਆਂਦਾ ਹੈ।" (*George Ensor.* «An Inquiry concerning the Population of Nation». London, 1818, p. 215, 216).

ਵਾਸੀਆਂ ਦੇ ਲਗਭਗ 3,000 ਪਰਵਾਰਾਂ ਨੂੰ ਬਾਕਾਇਦਗੀ ਨਾਲ਼ ਬਾਹਰ ਕੱਢਿਆ ਤੇ ਉਜਾੜਿਆ ਗਿਆ। ਉਹਨਾਂ ਦੇ ਸਾਰੇ ਪਿੰਡ ਬਰਬਾਦ ਕੀਤੇ ਅਤੇ ਸਾੜ ਦਿੱਤੇ ਗਏ, ਉਹਨਾਂ ਦੇ ਸਾਰੇ ਖੇਤਾਂ ਨੂੰ ਚਰਾਂਦਾਂ ਬਣਾ ਦਿੱਤਾ। ਬਰਤਾਨਵੀ ਸਿਪਾਹੀਆਂ ਨੇ ਉਹਨਾਂ ਨੂੰ ਬੇਦਖ਼ਲ ਕੀਤਾ ਅਤੇ ਇਹਨਾਂ ਵਾਸੀਆਂ ਨਾਲ਼ ਉਹ ਡਾਂਗ-ਸੋਟਾ ਵੀ ਹੋਏ; ਇਕ ਬੁਢੜੀ ਝੌਂਪੜੀ ਦੀਆਂ ਲਾਟਾਂ ਵਿੱਚ ਸੜਕੇ ਮਰ ਗਈ ਜਿਸ ਨੂੰ ਖਾਲੀ ਕਰਨ ਤੋਂ ਉਸ ਇਨਕਾਰ ਕੀਤਾ ਸੀ। ਇਸ ਪ੍ਰਕਾਰ ਇਸ ਭੱਦਰ ਇਸਤਰੀ ਨੇ 7,94,000 ਏਕੜ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਜਿਹੜੀ ਅਨੰਤ ਕਾਲ ਤੋਂ ਕਬੀਲੇ ਦੀ ਮਲਕੀਅਤ ਸੀ। ਉਥੋਂ ਕੱਢੇ ਹੋਏ ਵਸਨੀਕਾਂ ਨੂੰ ਉਸ ਨੇ ਸਮੁੰਦਰ ਕੰਢੇ ਲਗਭਗ 6,000 ਏਕੜ ਜ਼ਮੀਨ – 2 ਏਕੜ ਪ੍ਰਤੀ ਪਰਵਾਰ ਦੇ ਹਿਸਾਬ – ਦੇ ਦਿੱਤੀ। ਇਹ 6,000 ਏਕੜ ਜ਼ਮੀਨ ਹੁਣ ਤੱਕ ਵਿਹਲੀ ਪਈ ਹੋਈ ਸੀ ਅਤੇ ਮਾਲਕਾਂ ਨੂੰ ਉਸ ਤੋਂ ਕੌਡੀ ਆਮਦਨ ਨਹੀਂ ਸੀ। ਇਹ ਡਚੇਜ਼, ਆਪਣੇ ਹਿਰਦੇ ਦੀ ਦਿਆਲਤਾ ਕਾਰਨ, ਵਾਸਤਵ ਵਿੱਚ ਇਸ ਹੱਦ ਤੱਕ ਗਈ ਕਿ ਉਸ ਨੇ ਇਹ ਜ਼ਮੀਨ 2 ਸ਼ਲਿੰਗ 6 ਪੈਂਸ ਪ੍ਰਤੀ ਏਕੜ ਦੇ ਔਸਤ ਲਗਾਨ ਉੱਤੇ ਕਬੀਲੇ ਦੇ ਉਹਨਾਂ ਲੋਕਾਂ ਨੂੰ ਦੇ ਦਿੱਤੀ ਜਿਹੜੇ ਸਦੀਆਂ ਤੋਂ ਉਹਦੇ ਪਰਵਾਰ ਲਈ ਆਪਣਾ ਲਹੂ ਡੋਲ੍ਹਦੇ ਆਏ ਸਨ। ਕਬੀਲੇ ਦੀ ਚੁਰਾਈ ਹੋਈ ਸਾਰੀ ਜ਼ਮੀਨ ਨੂੰ ਉਸ ਨੇ 29 ਵੱਡੇ ਵੱਡੇ ਭੇਡ-ਫਾਰਮਾਂ ਵਿੱਚ ਵੰਡ ਦਿੱਤਾ ਜਿਨ੍ਹਾਂ ਵਿੱਚੋਂ ਹਰ ਇੱਕ ਵਿੱਚ ਇੱਕੋ ਪਰਵਾਰ ਰਹਿੰਦਾ ਸੀ ਅਤੇ ਉਹਨਾਂ ਵਿੱਚ ਅਕਸਰ ਇੰਗਲੈਂਡ ਤੋਂ ਮੰਗਾਏ ਹੋਏ ਖੇਤ-ਮਜ਼ਦੂਰ ਵਸਾਏ ਗਏ ਸਨ। 1825 ਵਿੱਚ 15,000 ਕੈਲਟ ਲੋਕਾਂ ਦੀ ਥਾਂ 1,31,000 ਭੇਡਾਂ ਨੇ ਸਾਂਭ ਲਈ ਸੀ। ਆਦਿਵਾਸੀਆਂ ਵਿੱਚੋਂ ਬਚੇ ਖੁਚੇ ਲੋਕ ਸਮੁੰਦਰ ਕੰਢੇ ਜਾ ਬੈਠੇ, ਅਤੇ ਮੱਛੀਆਂ ਫੜਕੇ ਗੁਜ਼ਾਰਾ ਕਰਨ ਲੱਗੇ। ਇੱਕ ਅੰਗਰੇਜ਼ ਲੇਖਕ ਦੇ ਕਹਿਣ ਅਨੁਸਾਰ, ਉਹ ਲੋਕ ਜਲ-ਥਲ-ਚਰ ਬਣ ਗਏ ਅਤੇ ਅੱਧੇ ਪਾਣੀ ਵਿੱਚ ਤੇ ਅੱਧੇ ਧਰਤੀ ਉਤੇ ਰਹਿਣ ਲਗੇ, ਅਤੇ ਫੇਰ ਵੀ ਦੋਵੀਂ ਥਾਈਂ ਅੱਧ-ਜਿਊਂਦੀ ਅਵਸਥਾ ਵਿੱਚ ਹੀ ਰਹਿੰਦੇ ਸਨ।*

ਪਰ ਇਹਨਾਂ ਬਹਾਦਰ ਗੇਲ-ਲੋਕਾਂ ਨੂੰ ਕਬੀਲੇ ਦੇ "ਵੱਡੇ ਆਦਮੀਆਂ" ਦੀ ਰੁਮਾਂਚਿਤ ਅਤੇ ਪਰਬਤੀ ਢੰਗ ਦੀ ਪੂਜਾ ਬਦਲੇ ਹੋਰ ਵੀ ਸਖ਼ਤ ਸਜ਼ਾ ਭੁਗਤਣੀ ਪਈ। ਉਹਨਾਂ ਵਲੋਂ ਫੜੀ ਜਾਂਦੀ ਮੱਛੀ ਦੀ ਗੰਧ ਵੱਡੇ ਲੋਕਾਂ ਦੇ ਨੱਕ ਵਿੱਚ ਵੀ ਜਾ ਵੜੀ। ਉਹਨਾਂ

---

* ਜਦੋਂ ਸਦਰਲੈਂਡ ਦੀ ਵਰਤਮਾਨ ਡਚੇਜ਼ ਨੇ "Uncle Tom's Cabin" ਦੀ ਲੇਖਕਾ ਸ਼੍ਰੀਮਤੀ ਬੀਚਰ ਸਟੋਵ ਨੂੰ ਲੰਡਨ ਵਿੱਚ ਇੱਕ ਸ਼ਾਨਦਾਰ ਦਾਅਵਤ ਦਿੱਤੀ ਅਤੇ ਇਸ ਤਰ੍ਹਾਂ ਅਮਰੀਕੀ ਗਣਰਾਜ ਦੇ ਨੀਗਰੋ ਦਾਸਾਂ ਲਈ ਆਪਣੀ ਹਮਦਰਦੀ ਪ੍ਰਗਟ ਕਰਨੀ ਚਾਹੀਦੀ – ਜਿਸ ਹਮਦਰਦੀ ਨੂੰ ਉਹ ਗ੍ਰਹਿ-ਯੁੱਧ ਸਮੇਂ ਆਪਣੇ ਸਾਥੀ ਅਮੀਰਸ਼ਾਹਾਂ ਨਾਲ਼ ਹੀ ਭੁੱਲ ਗਈ ਸੀ ਜਿਸ ਵਿੱਚ ਹਰ "ਰਾਠ" ਅੰਗਰੇਜ਼ ਹਿਰਦਾ ਗੁਲਾਮ-ਮਾਲਕਾਂ ਦੀ ਚਿੰਤਾ ਵਿੱਚ ਗ੍ਰਸਤ ਸੀ। – ਤਾਂ ਮੈਂ «New York Tribune» ਨੂੰ ਸਦਰਲੈਂਡ ਦੇ ਗ਼ੁਲਾਮਾਂ ਬਾਬਤ ਕੁਝ ਤੱਥ ਮੁਹੱਈਆ ਕੀਤੇ ਸਨ। (ਜਿਨ੍ਹਾਂ ਵਿੱਚੋਂ ਕੁਝ ਦਾ ਸਾਰ ਕੇਰੀ ਦੇ ਲੇਖ «The Slave Trade» Philadelphia, 1853, p. 202, 203 ਵਿੱਚ ਮਿਲਦਾ ਹੈ) ਮੇਰਾ ਲੇਖ ਸਕਾਟਲੈਂਡ ਦੇ ਇੱਕ ਅਖ਼ਬਾਰ ਵਿੱਚ ਦੁਬਾਰਾ ਛਾਪਿਆ ਗਿਆ ਸੀ ਅਤੇ ਇਸ ਉੱਤੇ ਇਸ ਅਖ਼ਬਾਰ ਅਤੇ ਸਦਰਲੈਂਡ ਦੇ ਖੁਸ਼ਾਮ ਦੀਆਂ ਵਿਚਕਾਰ ਖਾਸੀ ਬਹਿਸ ਵੀ ਹੋਈ ਸੀ।

ਨੂੰ ਇਸ ਵਿੱਚੋਂ ਮੁਨਾਫ਼ੇ ਦੀ ਬੋ ਆਈ, ਅਤੇ ਉਹਨਾਂ ਨੇ ਲੰਡਨ ਦੇ ਵੱਡੇ ਮੱਛੀ-ਵਪਾਰੀਆਂ ਨੂੰ ਸਮੁੰਦਰ-ਕੰਢੇ ਦਾ ਠੇਕਾ ਦੇ ਦਿੱਤਾ। ਵਿਚਾਰੇ ਗੇਲ-ਲੋਕਾਂ ਨੂੰ ਦੂਜੀ ਵਾਰੀ ਆਪਣੇ ਘਰਾਂ ਤੋਂ ਨਿਕਲਣਾ ਪਿਆ।*

ਪਰ ਅਖੀਰ ਵਿੱਚ ਭੇਡ-ਵਾੜਿਆਂ ਦੇ ਇੱਕ ਹਿਸੇ ਨੂੰ ਹਿਰਨਾਂ ਕੇ ਜੰਗਲ ਦਾ ਰੂਪ ਦੇ ਦਿੱਤਾ ਜਾਂਦਾ ਹੈ। ਹਰ ਕੋਈ ਜਾਣਦਾ ਹੈ ਕਿ ਇੰਗਲੈਂਡ ਵਿੱਚ ਅਸਲੀ ਜੰਗਨ ਨਹੀਂ ਹਨ। ਵੱਡੇ ਆਦਮੀਆਂ ਦੇ ਪਾਰਕਾਂ ਵਿੱਚ ਹਿਰਨ ਲੰਡਨ ਦੇ ਆਲਡਰਮੈਨਾਂ ਵਰਗੇ ਮੋਟੇ, ਧੀਰਜਵਾਲੇ ਪਾਲਤੂ ਜਾਨਵਰ ਹਨ। ਇਸ ਲਈ ਸਕਾਟਲੈਂਡ "ਰਾਠਾਂ ਦੇ ਸ਼ੌਕ" ਦੀ ਆਖ਼ਰੀ ਠਾਹਰ ਹੈ।

1848 ਵਿੱਚ ਸੋਮਰਸ ਨੇ ਲਿਖਿਆ "ਪਰਬਤੀ-ਇਲਾਕਿਆਂ ਵਿੱਚ ਖੁੰਬਾਂ ਵਾਂਗ ਨਵੇਂ ਜੰਗਲ ਉੱਠ ਰਹੇ ਹਨ। ਇਥੇ, ਗੈਕ ਦੇ ਇੱਕ ਪਾਸੇ, ਗਲੇਨਫੇਸ਼ੀ ਦਾ ਨਵਾਂ ਜੰਗਲ ਹੈ; ਅਤੇ ਦੂਜੇ ਪਾਸੇ, ਤੁਸੀਂ ਅਰਡਵੇਰਿਕੀ ਦਾ ਨਵਾਂ ਜੰਗਲ ਦੇਖਦੇ ਹੋ। ਇੱਥੇ ਹੀ ਕਤਾਰ ਵਿੱਚ ਤੁਹਾਨੂੰ ਬਲੈਕ-ਮਾਊਂਟ ਦਿਖਾਈ ਦੇਂਦਾ ਹੈ ਜੋ ਹਾਲ ਵਿੱਚ ਹੀ ਹੋਂਦ ਵਿੱਚ ਆਈ ਗਈ ਵਿਸ਼ਾਲ ਵਿਹਲੀ ਬੰਜਰ ਜ਼ਮੀਨ ਹੈ। ਪੂਰਬ ਤੋਂ ਪੱਛਮ ਤੱਕ – ਐਬਰਡੀਨ ਦੇ ਗੁਆਂਢ ਤੋਂ ਲੈ ਕੇ ਓਬਾਨ ਦੇ ਟਿੱਲਿਆ ਤੱਕ – ਜੰਗਲਾਂ ਦੀ ਇੱਕ ਨਿਰੰਤਰ ਕਤਾਰ ਦਿਖਾਈ ਦੇਂਦੀ ਹੈ; ਅਤੇ ਪਰਬਤੀ-ਪ੍ਰਦੇਸ਼ਾਂ ਦੇ ਦੂਜੇ ਹਿੱਸਿਆਂ ਵਿੱਚ ਲੋਹਆਰਕੇਗ, ਗਲੇਨਗਾਰੀ, ਗਲੇਨਮੋਰਿਸਟਨ, ਆਦਿ ਨਵੇਂ ਜੰਗਲ ਖੜੇ ਹੋ ਗਏ ਹਨ। ਉਹਨਾਂ ਤੰਗ ਘਾਟੀਆਂ ਵਿੱਚ ਜਿੱਥੇ ਛੋਟੇ ਵਾਹਕ-ਕਿਸਾਨਾਂ ਦੀਆਂ ਬਸਤੀਆਂ ਸਨ ਭੇਡਾਂ ਲਿਆ ਵਾੜੀਆਂ ਗਈਆਂ ਹਨ; ਅਤੇ ਇਹਨਾਂ ਕਿਸਾਨਾਂ ਨੂੰ ਵਧੇਰੇ ਖਰਾਬ ਅਤੇ ਘੱਟ ਉਪਜਾਊ ਜ਼ਮੀਨ ਦੇ ਟੋਟਿਆਂ ਉੱਤੋਂ ਆਪਣੀ ਉਪਜੀਵਕਾ ਲਭਣ ਲਈ ਇਥੋਂ ਕੱਢ ਦਿੱਤਾ ਗਿਆ ਹੈ। ਹੁਣ ਹਿਰਨ ਭੇਡਾਂ ਦੀ ਥਾਂ ਲੈ ਰਹੇ ਹਨ, ਅਤੇ ਇਹ ਇੱਕ ਵਾਰੀ ਫੇਰ ਛੋਟੇ ਮੁਜ਼ਾਰਿਆਂ ਨੂੰ ਬੇਘਰ ਬਣਾ ਰਹੇ ਹਨ, ਜਿਹੜੇ ਲਾਜ਼ਮੀ ਹੀ ਵਧੇਰੇ ਖਰਾਬ ਜ਼ਮੀਨ ਉੱਤੇ ਜਾ ਕੇ ਵਸਣਗੇ ਅਤੇ ਵਧੇਰੇ ਭਿਆਨਕ ਗ਼ਰੀਬੀ ਦੀ ਹਾਲਤ ਵਿੱਚ ਦਿਨ ਗੁਜ਼ਾਰਨਗੇ। ਹਿਰਨਾਂ ਦੇ ਜੰਗਲ** ਅਤੇ ਲੋਕ ਇਕੱਠੇ ਨਹੀਂ ਰਹਿ ਸਕਦੇ। ਦੋਹਾਂ ਵਿੱਚੋਂ ਇੱਕ ਨੂੰ

---

* ਇਸ ਮੱਛੀ ਵਪਾਰ ਬਾਰੇ ਦਿਲਚਸਪ ਵੇਰਵੇ ਮਿ. ਡੇਵਿਡ ਉਰਕੁਹਾਰਟ ਦੇ «Portfolio. New Series» ਵਿੱਚ ਮਿਲਣਗੇ। – (ਨਾਸਾਊ ਡਬਲਿਊ ਸੀਨੀਅਰ ਦੀ ਰਚਨਾ «Journals, Conversations and Essays relating to Ireland», London, 1868) ਜਿਹੜੀ ਉਹਦੇ ਮਰਨ ਉਪਰੰਤ ਪ੍ਰਕਾਸ਼ਤ ਹੋਈ ਸੀ ਅਤੇ ਜਿਸ ਦਾ ਪਹਿਲਾਂ ਹਵਾਲਾ ਦਿੱਤਾ ਜਾ ਚੁੱਕਾ ਹੈ, ਵਿੱਚ ਸਦਰਲੈਂਡਸ਼ਾਇਰ ਵਿੱਚ ਇਸ "ਕਾਰਵਾਈ" ਨੂੰ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਸਭ ਤੋਂ ਵੱਧ ਲਾਭਦਾਇਕ ਸਫ਼ਾਈ ਆਖਿਆ ਗਿਆ ਹੈ)।

** ਸਕਾਟਲੈਂਡ ਦੇ ਹਿਰਨਾਂ ਦੇ ਜੰਗਲਾਂ «deer forests» ਵਿੱਚ ਇੱਕ ਵੀ ਰੁੱਖ ਨਹੀਂ। ਇਹਨਾਂ ਨੰਗੀਆਂ ਪਹਾੜੀਆਂ ਤੋਂ ਭੇਡਾਂ ਨੂੰ ਕੱਢਿਆ ਗਿਆ ਅਤੇ ਹਿਰਨਾਂ ਨੂੰ ਵਸਾਇਆ ਗਿਆ। ਅਤੇ ਫੇਰ ਇਹਨਾਂ ਦਾ ਨਾਂ ਹਿਰਨਾਂ ਦੇ ਜੰਗਲ ਰੱਖ ਦਿੱਤਾ। ਇੱਥੇ ਰੁੱਖ ਲਾਉਣ ਦੀ ਅਤੇ ਅਸਲੀ ⇨

ਪਰੇ ਹਟਣਾ ਪਵੇਗਾ। ਪਿਛਲੇ 25 ਸਾਲ ਜਿਵੇਂ ਗਿਣਤੀ ਅਤੇ ਪਸਾਰ ਦੇ ਪੱਖੋਂ ਜੰਗਲਾਂ ਦਾ ਵਾਧਾ ਹੋਇਆ ਹੈ, ਅਗਲੇ ਪੰਝੀ ਸਾਲ ਹੋਰ ਇੰਝ ਹੀ ਹੋਣ ਦਿਓ, ਅਤੇ ਪੂਰੀ ਦੀ ਪੂਰੀ ਗੇਲ ਜਾਤੀ ਆਪਣੀ ਜਨਮਭੂਮੀ ਤੋਂ ਖ਼ਤਮ ਹੋ ਜਾਇਗੀ...। ਪਰਬਤੀ ਇਲਾਕੇ ਦੇ ਮਾਲਕਾਂ ਵਿੱਚੋਂ ਕੁਝ ਇੱਕ ਲਈ ਇਹ ਲਹਿਰ ਉੱਚ-ਅਭਿਲਾਸ਼ਾ ਦਾ ਮਾਮਲਾ ਹੈ... ਕੁਝ ਹੋਰਾਂ ਲਈ ਸ਼ਿਕਾਰ ਦੇ ਇਸ਼ਕ ਦਾ... ਅਤੇ ਕੁਝ ਹੋਰ ਹਨ, ਜਿਹੜੇ ਵਧੇਰੇ ਵਿਹਾਰਕ ਬੰਦੇ ਹਨ, ਉਹ ਨਰੋਲ ਮੁਨਾਫ਼ਾ ਕਮਾਉਣ ਦੀ ਦ੍ਰਿਸ਼ਟੀ ਤੋਂ ਹਿਰਨਾਂ ਦਾ ਧੰਦਾ ਕਰਦੇ ਹਨ। ਕਿਉਂਕਿ, ਇਹ ਇੱਕ ਹਕੀਕਤ ਹੈ, ਕਿ ਇੱਕ ਪਹਾੜੀ ਸਿਲਸਿਲੇ ਨੂੰ ਭੇਡਾਂ ਦਾ ਵਾੜਾ ਬਣਾਉਣ ਦੀ ਥਾਂ ਕਈ ਹਾਲਤਾਂ ਵਿੱਚੋਂ ਜਦੋਂ ਹਿਰਨਾਂ ਦਾ ਜੰਗਲ ਬਣਾਇਆ ਜਾਂਦਾ ਹੈ ਤਾਂ ਮਾਲਕ ਨੂੰ ਵਧੇਰੇ ਮੁਨਾਫਾ ਹੁੰਦਾ ਹੈ...। ਹਿਰਨਾਂ ਦਾ ਸ਼ਿਕਾਰੀ, ਜਿਸ ਨੂੰ ਜੰਗਲ ਦੀ ਲੋੜ ਹੁੰਦੀ ਹੈ, ਆਪਣੀ ਜੇਬ ਦੇ ਮੁਤਾਬਕ ਰਕਮ ਦੇਣ ਨੂੰ ਤਿਆਰ ਰਹਿੰਦਾ ਹੈ...। ਪਰਬਤਵਾਸੀਆਂ ਉਤੇ ਜੋ ਮੁਸੀਬਤਾਂ ਢਾਈਆਂ ਗਈਆਂ ਹਨ ਉਹ ਕਿਸੇ ਤਰ੍ਹਾਂ ਵੀ ਉਹਨਾਂ ਮੁਸੀਬਤਾਂ ਨਾਲੋਂ ਘੱਟ ਨਹੀਂ ਜਿਹੜੀਆਂ ਨਾਰਮਨ ਬਾਦਸ਼ਾਹਾਂ ਦੀ ਨੀਤੀ ਕਾਰਨ ਲੋਕਾਂ ਉਤੇ ਟੁੱਟ ਪਈਆਂ ਸਨ। ਹਿਰਨਾਂ ਨੂੰ ਵਿਸ਼ਾਲਤਰ ਇਲਾਕਾ ਮਿਲਦਾ ਜਾਂਦਾ ਹੈ ਅਤੇ ਮਨੁੱਖਾਂ ਨੂੰ ਦਿਨੋ ਦਿਨ ਤੰਗ ਹੁੰਦੇ ਘੇਰੇ ਵਿੱਚ ਬੰਦ ਕੀਤਾ ਗਿਆ ਹੈ...। ਲੋਕਾਂ ਦੀਆਂ ਇੱਕ ਇੱਕ ਕਰਕੇ ਆਜ਼ਾਦੀਆਂ ਖੋਹੀਆਂ ਜਾ ਰਹੀਆਂ ਹਨ...। ਅਤੇ ਜਬਰ-ਜ਼ੁਲਮ ਵਿੱਚ ਨਿੱਤ ਵਾਧਾ ਹੁੰਦਾ ਜਾਂਦਾ ਹੈ...। ਲੋਕਾਂ ਦੀ "ਸਫਾਈ" ਅਤੇ ਬੇਦਖਲੀ ਨੂੰ ਜ਼ਮੀਨ ਮਾਲਕ ਇੱਕ ਮਿੱਥੇ ਹੋਏ ਅਸੂਲ ਵਜੋਂ, ਇੱਕ ਜ਼ਰਾਇਤੀ ਲੋੜ ਵਜੋਂ ਲੈ ਰਹੇ ਹਨ ਜਿਵੇਂ ਕਿ ਅਮਰੀਕਾ ਅਤੇ ਆਸਟੇਰੀਆ ਦੀਆਂ ਬੰਜਰ ਜ਼ਮੀਨਾਂ ਵਿੱਚੋਂ ਰੁੱਖ ਤੇ ਝਾੜੀਆਂ ਸਾਫ਼ ਕੀਤੀਆਂ ਗਈਆਂ ਹਨ; ਅਤੇ ਇਹ ਕੰਮ ਬੜੀ ਖਾਮੋਸ਼ੀ ਨਾਲ਼, ਅਤੇ ਵਿਹਾਰਕ ਢੰਗ ਨਾਲ਼ ਕੀਤਾ ਜਾਂਦਾ ਹੈ, ਆਦਿ।"*

---

ਜੰਗਲ ਉਗਾਉਣ ਦੀ ਕੋਈ ਵਿਵਸਥਾ ਨਹੀਂ।

* *Robert Somers*. «Letters from the Highlands; or, the Famine of 1847». London, 1848, p. 12-28 passim. ਇਹ ਪੱਤਰ ਮੂਲ ਰੂਪ ਵਿੱਚ «The Times» ਵਿੱਚ ਪ੍ਰਕਾਸ਼ਤ ਹੋਏ ਸਨ। ਨਿਰਸੰਦੇਹ, ਅੰਗਰੇਜ਼ ਅਰਥ-ਸ਼ਾਸਤਰੀਆਂ ਨੇ ਗੇਲ ਲੋਕਾਂ ਦੀ 1847 ਦੀ ਕਾਲ-ਸਥਿਤੀ ਦਾ ਕਾਰਨ ਆਬਾਦੀ ਦਾ ਵਧ ਜਾਣਾ ਦਸਿਆ। ਕੁਝ ਵੀ ਹੋਵੇ, ਉਹਨਾਂ ਦੀ "ਖਾਣ ਪੀਣ ਦੀਆਂ ਵਸਤਾਂ ਦੀ ਸਪਲਾਈ ਮੁਕਦੀ ਜਾ ਰਹੀ ਸੀ।" ਜਰਮਨੀ ਵਿੱਚ "ਜ਼ਮੀਨਾਂ ਦੀ ਸਫ਼ਾਈ" ਜਾਂ «Bauernlegen» ਜਿਵੇਂ ਕਿ ਜਰਮਨ ਭਾਸ਼ਾ ਵਿੱਚ ਇਸ ਨੂੰ ਆਖਿਆ ਜਾਂਦਾ ਹੈ, ਖਾਸ ਕਰਕੇ 30 ਸਾਲਾਂ ਜੰਗ ਤੋਂ ਮਗਰੋਂ ਹੋਈ ਅਤੇ ਇਸ ਦੇ ਫ਼ਲਸਰੂਪ 1790 ਵਿੱਚ ਕੁਰਸਾਖਸੇਨ ਵਿੱਚ ਕਿਸਾਨ-ਬਗ਼ਾਵਤਾਂ ਹੋਈਆਂ। ਇਸ ਪ੍ਰਕਾਰ ਦੀ ਸਫ਼ਾਈ ਖਾਸ ਕਰਕੇ ਪੂਰਬੀ ਜਰਮਨੀ ਵਿੱਚ ਹੋਈ। ਪਰੂਸ਼ੀਆ ਦੇ ਬਹੁਤੇ ਇਲਾਕਿਆਂ ਵਿੱਚ, ਫਰੈਡਰਿਕ ਦੂਜੇ ਨੇ ਪਹਿਲੀ ਵਾਰੀ ਕਿਸਾਨਾਂ ਨੂੰ

ਚਰਚ ਦੀ ਜਾਇਦਾਦ ਦੀ ਲੁੱਟ, ਰਾਜ ਦੇ ਇਲਾਕਿਆਂ ਉੱਤੇ ਧੋਖੇਬਾਜ਼ੀ ਨਾਲ਼ ਕਬਜ਼ਾ, ਸਾਂਝੀਆਂ ਜ਼ਮੀਨਾਂ ਦੀ ਡਾਕਾਜ਼ਨੀ, ਸਾਮੰਤੀ ਅਤੇ ਕਬੀਲਿਆਂ ਦੀ ਜਾਇਦਾਦ ਦੀ ਖੋਹਾ-ਮੋਹੀ, ਅਤੇ ਅੰਧਾਧੁੰਦ ਦਹਿਸ਼ਤਪਸੰਦੀ ਦੀਆਂ ਹਾਲਤਾਂ ਵਿੱਚ ਇਸ ਨੂੰ ਆਧੁਨਿਕ

---

➾ ਜਾਇਦਾਦ ਦਾ ਅਧਿਕਾਰ ਦਿਵਾਇਆ। ਸਿਲੇਸੀਆ ਦੀ ਫਤਹਿ ਤੋਂ ਮਗਰੋਂ ਉਸ ਨੇ ਬਿਸਵੇਦਾਰਾਂ ਨੂੰ ਝੌਂਪੜੀਆਂ ਅਤੇ ਖਲਿਆਨ ਮੁੜ-ਉਸਾਰਨ ਲਈ ਅਤੇ ਕਿਸਾਨਾਂ ਨੂੰ ਮਾਲ-ਡੰਗਰ ਅਤੇ ਸੰਦ-ਔਜ਼ਾਰ ਮੁਹੱਈਆ ਕਰਨ ਲਈ ਮਜਬੂਰ ਕੀਤਾ। ਉਸ ਨੂੰ ਆਪਣੀ ਫ਼ੌਜ ਲਈ ਸਿਪਾਹੀਆਂ ਦੀ ਅਤੇ ਆਪਣੇ ਖਜ਼ਾਨੇ ਲਈ ਕਰ ਦੇਣ ਵਾਲਿਆਂ ਦੀ ਲੋੜ ਸੀ। ਬਾਕੀ ਗੱਲਾਂ ਵਿੱਚ ਫਰੈਡਰਿਕ ਦੀ ਵਿੱਤ ਪ੍ਰਣਾਲੀ ਅਤੇ ਧੱਕੜਸ਼ਾਹੀ, ਅਫ਼ਸਰਸ਼ਾਹੀ ਅਤੇ ਸਾਮੰਤਵਾਦ ਦੇ ਗੜਬੜ-ਘੁਟਾਲੇ ਵਾਲੀ ਹਕੂਮਤ ਵਿੱਚ ਬਾਕੀ ਕਿਸਾਨਾਂ ਦਾ ਜੀਵਨ ਕਿਹੋ ਜਿਹਾ ਸੀ, ਇਹ ਉਸ ਦੇ ਇੱਕ ਪ੍ਰਸੰਸਕ ਮਿਰਾਬੋ ਦੇ ਹਵਾਲੇ ਤੋਂ ਪਤਾ ਲੱਗ ਸਕਦਾ ਹੈ:.... "ਉੱਤਰੀ ਜਰਮਨੀ ਵਿੱਚ ਲਿਨਨ ਦੀ ਖੇਤੀ ਵਾਹਕ-ਕਿਸਾਨ ਲਈ ਧਨ ਦਾ ਇੱਕ ਪ੍ਰਧਾਨ ਵਸੀਲਾ ਹੈ। ਮਨੁੱਖ ਜਾਤੀ ਦੀ ਬਦਕਿਸਮਤੀ, ਇਹ ਕੇਵਲ ਗਰੀਬੀ ਨੂੰ ਦੂਰ ਰੱਖਣ ਦਾ ਹੀ ਕੰਮ ਕਰਦਾ ਹੈ, ਕਿਉਂਕਿ ਇਸ ਨੂੰ ਸੁੱਖ ਅਤੇ ਬਹੁਤਾਤ ਦਾ ਸਾਧਨ ਨਹੀਂ ਮੰਨਿਆ ਜਾ ਸਕਦਾ। ਸਿੱਧੇ ਟੈਕਸ, ਵਿਗਾਰ ਅਤੇ ਤਰ੍ਹਾਂ ਤਰ੍ਹਾਂ ਦੀ ਗ਼ੁਲਾਮੀ ਮਿਲਕੇ ਜਰਮਨ ਕਿਸਾਨ ਦਾ ਕਚੂੰਮਰ ਕੱਢ ਦੇਂਦੀ ਹੈ। ਇਸ ਤੋਂ ਇਲਾਵਾ ਖ਼ਰੀਦੀਆਂ ਚੀਜ਼ਾਂ ਉੱਤੇ ਅਸਿੱਧੇ ਟੈਕਸ ਵੀ ਦੇਣੇ ਪੈਂਦੇ ਹਨ... ਮੁਸੀਬਤ ਕਦੇ ਇਕੱਲੀ ਨਹੀਂ ਆਉਂਦੀ ਅਨੁਸਾਰ, ਉਹ ਆਪਣੀ ਪੈਦਾਵਾਰ ਮਨਚਾਹੀ ਥਾਂ ਤੇ ਮਨਇਛੱਤ ਢੰਗ ਨਾਲ਼ ਨਹੀਂ ਵੇਚ ਸਕਦਾ। ਆਪਣੀ ਲੋੜ ਦੀਆਂ ਵਸਤਾਂ ਵੀ ਉਹ ਉਹਨਾਂ ਵਪਾਰੀਆਂ ਤੋਂ ਨਹੀਂ ਖਰੀਦ ਸਕਦਾ ਜਿਹੜੇ ਘੱਟ ਕੀਮਤ ਉੱਤੇ ਦੇਣ ਨੂੰ ਤਿਆਰ ਹਨ। ਇਸ ਕਾਰਨ ਉਹ ਹੌਲੀ ਹੌਲੀ ਚੌਪਟ ਹੋ ਜਾਂਦਾ ਹੈ, ਅਤੇ ਜੇ ਚਰਖਾ ਉਹਦੀ ਮੱਦਦ ਨਾ ਕਰੇ ਤਾਂ ਉਹ ਸਿੱਧਾ ਟੈਕਸ ਵੀ ਨਾ ਦੇ ਸਕੇ। ਚਰਖਾ ਕੁਝ ਹੱਦ ਤੱਕ ਉਹਦੀ ਮੱਦਦ ਕਰਦਾ ਹੈ, ਕਿਉਂਕਿ ਇਸ ਨਾਲ਼ ਉਹਦੀ ਪਤਨੀ, ਬੱਚਿਆਂ ਉਹਦੇ ਖੇਤ-ਮਜ਼ਦੂਰਾਂ ਨੂੰ ਅਤੇ ਉਹਨੂੰ ਆਪ ਨੂੰ ਇੱਕ ਉਪਯੋਗੀ ਕੰਮ ਮਿਲ ਜਾਂਦਾ ਹੈ। ਇਸ ਸਹਾਇਤਾ ਦੇ ਬਾਵਜੂਦ ਉਹਦਾ ਕੰਮ ਕਿੰਨਾਂ ਕਠਨ ਹੁੰਦਾ ਹੈ। ਗਰਮੀਆਂ ਵਿੱਚ ਉਹ ਬਾ-ਮੁਸ਼ੱਕਤ ਕੈਦ ਕੱਟ ਰਹੇ ਬੰਦੇ ਵਾਂਗ ਕੰਮ ਕਰਦਾ ਹੈ, ਹੱਲ ਜੋਂਦਾ ਹੈ ਤੇ ਫ਼ਸਲ ਕੱਟਦਾ ਹੈ। ਰਾਤ 9 ਵਜੇ ਉਹ ਬਿਸਤਰੇ ਉੱਤੇ ਪੈਂਦਾ ਹੈ ਅਤੇ ਤੜਕੇ 2 ਵਜੇ ਉੱਠ ਪੈਂਦਾ ਹੈ ਕਿਉਂਕਿ ਦੇਰ ਹੋ ਜਾਣ ਨਾਲ ਦਿਨ ਦਾ ਕੰਮ ਪੂਰਾ ਨਹੀਂ ਹੁੰਦਾ। ਸਰਦੀਆਂ ਵਿੱਚ ਦੇਰ ਤੱਕ ਆਰਾਮ ਕਰਕੇ ਉਹਨਾਂ ਨੂੰ ਆਪਣੀ ਸ਼ਕਤੀ ਮੁੜ ਪ੍ਰਾਪਤ ਕਰਨੀ ਚਾਹੀਦੀ ਹੈ। ਪਰ ਰਾਜ ਦਾ ਟੈਕਸ ਅਦਾ ਕਰਨ ਲਈ ਪੈਸਾ ਚਾਹੀਦਾ ਹੈ, ਪੈਸਾ ਹਾਸਲ ਕਰਨ ਲਈ ਸਾਰਾ ਅਨਾਜ ਵੇਚਣਾ ਚਾਹੀਦਾ ਹੈ ਅਤੇ ਜੇ ਸਾਰਾ ਅਨਾਜ ਵੇਚ ਦੇਵੇ ਤਾਂ ਖਾਣ ਨੂੰ ਰੋਟੀ ਅਤੇ ਅਗਲੀ ਫਸਲ ਜੋਗਾ ਬੀਜ ਨਹੀਂ ਰਹਿੰਦਾ। ਇਸ ਘਾਟ ਨੂੰ ਪੂਰਾ ਕਰਨ ਲਈ ਉਹ ਨੂੰ ਕਤਾਈ ਕਰਨੀ ਚਾਹੀਦੀ ਹੈ... ਅਤੇ ਇਸ ਨੂੰ ਕੰਮ ਵਿੱਚ ਖੂਬ ਮਿਹਨਤ ਕਰਨੀ ਚਾਹੀਦੀ ਹੈ। ਸੋ ਸਰਦੀ ਵਿੱਚ ਕਿਸਾਨ ਅੱਧੀ ਰਾਤ ਲੇਟਦਾ ਹੈ ਅਤੇ 5 ਜਾਂ 6 ਵਜੇ ਉੱਠ ਜਾਂਦਾ ਹੈ। ਜਾਂ ਉਹ ਰਾਤ 9 ਵਜੇ ਸੌਂ ਜਾਂਦਾ ਹੈ ਅਤੇ ਤੜਕੇ 2 ਵਜੇ ਉੱਠ ਜਾਂਦਾ ਹੈ। ਇੰਨਾਂ ਕੰਮ ਅਤੇ ਇੰਨੀ ਥੋੜ੍ਹੀ ਨੀਂਦ ਆਦਮੀ ਨੂੰ ਸੂਤ ਲੈਂਦੀ ਹੈ, ਇਸ ਕਰਕੇ ਹੀ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿੱਚ ਲੋਕ ਛੇਤੀ ਬੁੱਢੇ ਹੁੰਦੇ ਹਨ।" (ਉਪ. ਪੁ. ਸੈਂਚੀ ਤੀਜੀ, ਪੰਨਾ 212 ਤੇ ਅਗਲੇ ਪੰਨੇ)

**ਦੂਜੀ ਐਡੀਸ਼ਨ ਦਾ ਨੋਟ:** ਰਾਬਰਟ ਸੋਮਰਸ ਦੀ ਉਪਰੋਕਤ ਪੁਸਤਕ ਪ੍ਰਕਾਸ਼ਤ ਹੋਣ ➾

ਨਿੱਜੀ ਜਾਇਦਾਦ ਵਿੱਚ ਬਦਲ ਦੇਣਾ, ਇਹ ਸਨ ਉਹ ਕਿੰਨੇ ਸਾਰੇ ਸੁੰਦਰ ਤਰੀਕੇ ਜਿਨ੍ਹਾਂ ਦੁਆਰਾ ਆਰੰਭਕ ਇਕੱਤਰੀਕਰਨ ਹੋਇਆ। ਇਹਨਾਂ ਦੁਆਰਾ ਪੂੰਜੀਵਾਦੀ ਜ਼ਰਾਇਤ ਲਈ ਮੈਦਾਨ ਫਤਿਹ ਕੀਤਾ ਗਿਆ, ਜ਼ਮੀਨ ਨੂੰ ਪੂੰਜੀ ਦਾ ਅਨਿੱਖੜਵਾਂ ਅੰਗ ਬਣਾਇਆ ਗਿਆ

---

ਦੇ 18 ਸਾਲ ਮਗਰੋਂ, ਅਪ੍ਰੈਲ 1866 ਵਿੱਚ, ਪ੍ਰੋਫ਼ੈਸਰ ਲੇਓਨ ਲੇਵੀ ਨੇ «Society of Arts» ਦੇ ਸਨਮੁੱਖ ਭੇਡ ਵਾੜਿਆਂ ਨੂੰ ਹਿਰਨਾਂ ਦੇ ਜੰਗਲਾਂ ਵਿੱਚ ਬਦਲ ਦੇਣ ਬਾਰੇ ਇੱਕ ਭਾਸ਼ਨ ਦਿੱਤਾ ਜਿਸ ਵਿੱਚ ਉਸ ਨੇ ਇਹ ਦੱਸਿਆ ਸੀ ਕਿ ਸਕਾਟਲੈਂਡ ਦੇ ਪਰਬਤੀ-ਇਲਾਕਿਆਂ ਨੂੰ ਕਿਵੇਂ ਉਜਾੜਿਆ ਗਿਆ ਸੀ। ਹੋਰ ਗੱਲਾਂ ਤੋਂ ਇਲਾਵਾ ਉਸ ਨੇ ਆਖਿਆ: "ਵਸੋਂ ਨੂੰ ਉਜਾੜਨਾ ਅਤੇ ਬਸਤੀਆਂ ਨੂੰ ਭੇਡ-ਵਾੜਿਆਂ ਦਾ ਰੂਪ ਦੇ ਦੇਣਾ ਬਿਨਾਂ ਕੁਝ ਖਰਚ ਕੀਤੇ ਆਮਦਨ ਹਾਸਲ ਕਰਨ ਦਾ ਅਤਿ ਸੌਖਾ ਢੰਗ ਸੀ...। ਭੇਡ ਵਾੜੇ ਦੀ ਥਾਂ ਹਿਰਨਾਂ ਦਾ ਜੰਗਲ ਪਰਬਤੀ ਇਲਾਕਿਆਂ ਵਿੱਚ ਆਮ ਵੇਖਣ ਵਿੱਚ ਆਉਂਦੀ ਤਬਦੀਲੀ ਸੀ। ਭੂਮੀ ਮਾਲਕਾਂ ਨੇ ਭੇਡਾਂ ਨੂੰ ਉਵੇਂ ਹੀ ਕੱਢਿਆ ਜਿਵੇਂ ਇੱਕ ਸਮੇਂ ਉਹਨਾਂ ਨੇ ਆਦਮੀਆਂ ਨੂੰ ਆਪਣੀਆਂ ਜਾਗੀਰਾਂ ਤੋਂ ਕੱਢ ਮਾਰਿਆ ਸੀ ਅਤੇ ਨਵੇਂ ਕਿਰਾਇਦਾਰਾਂ ਦਾ - ਜੰਗਲੀ ਜਾਨਵਰਾਂ ਅਤੇ ਪੰਛੀਆਂ ਦਾ - ਉਹਨਾਂ ਸਵਾਗਤ ਕੀਤਾ। ਫੋਰਫਾਰਸ਼ਾਇਰ ਵਿੱਚ ਡਲਹੌਜ਼ੀ ਦੇ ਅਰਲ ਦੀਆਂ ਜਾਗੀਰਾਂ ਤੋਂ ਜਾਹਨ ਓ-ਗਰੋਟਸ ਤੱਕ ਬੰਦਾ ਤੁਰਿਆ ਜਾਏ ਤਾਂ ਉਹ ਕਦੇ ਜੰਗਲ ਵਿੱਚੋਂ ਬਾਹਰ ਨਹੀਂ ਨਿਕਲੇਗਾ...। ਇਹਨਾਂ ਵਿੱਚ ਬਹੁਤ ਸਾਰੇ ਜੰਗਲਾਂ ਵਿੱਚ ਲੂੰਬੜ, ਜੰਗਲੀ ਬਿੱਲੀ, ਮਾਰਟਨ, ਪੋਲਕੈਟ, ਨਿਓਲਾ ਅਤੇ ਪਹਾੜੀ ਖਰਗੋਸ਼ ਆਮ ਮਿਲਦੇ ਹਨ, ਅਤੇ ਸਹੇ, ਗਾਲ੍ਹੜ ਅਤੇ ਚੂਹੇ ਹਾਲ ਵਿੱਚ ਹੀ ਇਸ ਇਲਾਕੇ ਵਿੱਚ ਆ ਵੜੇ ਹਨ। ਇਸ ਪ੍ਰਕਾਰ, ਸਕਾਟਲੈਂਡ ਦੇ ਅੰਕੜਿਆਂ ਦੇ ਲੇਖੇ ਵਿੱਚ ਜਿਸ ਜ਼ਮੀਨ ਨੂੰ ਬਹੁਤ ਹੀ ਸ੍ਰੇਸ਼ਠ ਕਿਸਮ ਦੀਆਂ ਵਿਸ਼ਾਲ ਚਰਾਂਦਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਉਸ ਦੇ ਵਿਸ਼ਾਲ ਖੰਡਾਂ ਵਿੱਚ ਹੁਣ ਕਿਸੇ ਤਰ੍ਹਾਂ ਦੀ ਕਾਸ਼ਤ ਜਾਂ ਉੱਨਤੀ ਨਹੀਂ ਹੋ ਸਕਦੀ, ਅਤੇ ਹੁਣ ਉਹ ਸਾਲ ਵਿੱਚ ਥੋੜਾ ਜਿਹਾ ਸਮਾਂ ਕੁਝ ਵਿਅਕਤੀਆਂ ਦੇ ਸਿਰਫ਼ ਸ਼ਿਕਾਰ ਖੇਡਣ ਦੇ ਹੀ ਕੰਮ ਆਉਂਦੇ ਹਨ।"

ਲੰਡਨ ਦੇ «Economist» ਨੇ 2 ਜੂਨ, 1866 ਨੂੰ ਲਿਖਿਆ ਹੈ: "ਪਿਛਲੇ ਹਫ਼ਤੇ ਦੇ ਇੱਕ ਸਕਾਟ ਅਖ਼ਬਾਰ ਵਿੱਚੋਂ ਛਪੀਆਂ ਖਬਰਾਂ ਵਿੱਚੋਂ, ਇੱਕ ਇਹ ਵੀ ਹੈ.... 'ਸਦਰਲੈਂਡਸ਼ਾਇਰ ਵਿੱਚ ਇੱਕ ਸਭ ਤੋਂ ਉੱਤਮ ਭੇਡ ਫ਼ਾਰਮ, ਜਿਸ ਲਈ ਹਾਲ ਵਿੱਚ ਹੀ 1200 ਪੌਂਡ ਸਲਾਨਾ ਦੇ ਲਗਾਨ ਦੀ ਪੇਸ਼ਕਸ਼ ਹੋਈ ਸੀ, ਇਸ ਸਾਲ ਦੇ ਮੌਜੂਦਾ ਪਟੇ ਦੀ ਮਿਆਦ ਪੁੱਗ ਜਾਣ ਪਿੱਛੋਂ, ਹਿਰਨਾਂ ਦੇ ਜੰਗਲ ਵਿੱਚ ਬਦਲ ਦਿੱਤਾ ਜਾਇਗਾ।' ਇੱਥੇ ਅਸੀਂ ਸਾਮੰਤਵਾਦ ਦੀਆਂ ਆਧੁਨਿਕ ਪਰਵਿਰਤੀਆਂ ਨੂੰ ਕੰਮ ਕਰਦਿਆਂ ਦੇਖਦੇ ਹਾਂ - ਜੋ ਹੁਣ ਵੀ ਨਾਰਮਨ ਵਿਜੈਈ ਦੇ ਸਮੇਂ ਵਾਂਗ ਹੀ ਕੰਮ ਕਰਦੀਆਂ ਹਨ... ਜਦੋਂ ਨਵਾਂ ਜੰਗਲ (New Forest) ਸਿਰਜਣ ਲਈ 36 ਪਿੰਡ ਬਰਬਾਦ ਕਰ ਦਿੱਤੇ ਗਏ ਸਨ। ...20 ਲੱਖ ਏਕੜ ਰਕਬਾ... ਜਿਸ ਵਿੱਚ ਕੁਝ ਸਕਾਟਲੈਂਡ ਦੇ ਅਤਿ ਉਪਜਾਊ ਟੁਕੜੇ ਹਨ, ਪੂਰੀ ਤਰ੍ਹਾਂ ਉਜਾੜ ਦਿੱਤਾ ਗਿਆ ਹੈ। ਗਲੇਨ ਟਿਲਟ ਦੀ ਕੁਦਰਤੀ ਘਾਹ ਪਰਥ ਕਾਊਂਟੀ ਵਿਚ ਸਭ ਤੋਂ ਵੱਧ ਪੌਸ਼ਟਿਕ ਮੰਨੀ ਜਾਂਦੀ ਸੀ। ਬੇਨ ਆਲਡਰ ਦਾ ਹਿਰਨਾਂ ਦਾ ਜੰਗਲ ਕਦੇ ਬਾਡੇਨਾਓਕ ਜ਼ਿਲੇ ਵਿੱਚ ਸਭ ਤੋਂ ਵਧੀਆ ਚਰਾਗਾਹ ਮੰਨਿਆ ਜਾਂਦਾ ਸੀ; ਬਲੈਕ ਮਾਊਂਟ ਜੰਗਲ ਦਾ ਇੱਕ ਹਿੱਸਾ ਸਕਾਟਲੈਂਡ ਵਿੱਚ ਕਾਲੀਆਂ ਭੇਡਾਂ ਲਈ ਸਭ ਤੋਂ ਚੰਗੀ ਚਰਾਂਦ ਸੀ। ਸਕਾਟਲੈਂਡ ਵਿੱਚ ਨਿਰੋਲ ਸ਼ਿਕਾਰ ਖੇਡਣ ਦੇ ਮਨੋਰਥ ਲਈ ਵਿਹਲੀ ਪਈ ਜ਼ਮੀਨ ਬਾਰੇ ਕੁਝ ਅਨੁਮਾਨ

ਅਤੇ ਨਗਰ ਸਨਅਤਾਂ ਦੀ ਲੋੜ-ਪੂਰਤੀ ਲਈ ਇੱਕ "ਸੁਤੰਤਰ" ਅਤੇ ਕਾਨੂੰਨੋਂ ਛੇਕੇ ਪ੍ਰੋਲੇਤਾਰੀ ਦੀ ਸਿਰਜਣਾ ਕੀਤੀ ਗਈ।

---

☞ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੇ ਕਲਾਵੇ ਵਿੱਚ ਪਰਥ ਦੀ ਪੂਰੀ ਕਾਊਂਟੀ ਨਾਲੋਂ ਵਧੇਰੇ ਰਕਬਾ ਆਉਂਦਾ ਹੈ। ਬੈਨ ਆਲਡਰ ਜੰਗਲ ਦੇ ਵਸੀਲਿਆਂ ਤੋਂ ਕੁਝ ਅੰਦਾਜ਼ਾ ਲੱਗ ਸਕਦਾ ਹੈ ਕਿ ਜ਼ਬਰਦਸਤੀ ਉਜਾੜਿਆਂ ਨਾਲ਼ ਕਿੰਨਾ ਨੁਕਸਾਨ ਹੋਇਆ ਹੈ। ਇਸ ਜ਼ਮੀਨ ਉਤੇ 15,000 ਭੇਡਾਂ ਚਰਾਈਆਂ ਜਾ ਸਕਦੀਆਂ ਸਨ, ਅਤੇ ਇਹ ਸਕਾਟਲੈਂਡ ਦੀ ਪੁਰਾਣੇ ਜੰਗਲਾਂ ਵਾਲੀ ਜ਼ਮੀਨ ਦੇ 30ਵੇਂ ਹਿੱਸੇ ਤੋਂ ਵੱਧ ਨਹੀਂ ਸੀ... ਆਦਿ... ਜੰਗਲਾਂ ਦੀ ਇਹ ਸਾਰੀ ਜ਼ਮੀਨ ਉੱਕਾ ਹੀ ਅਣ-ਉਪਜਾਊ ਹੋ ਗਈ ਹੈ...। ਜਾਣੋ ਉਹ ਜਰਮਨ ਸਾਗਰ ਦੇ ਪਾਣੀ ਵਿੱਚ ਡੁਬ ਗਈ ਹੋਵੇ... ਇਸ ਪ੍ਰਕਾਰ ਦੇ ਬਣਾਉਂਟੀ ਬੀਆਬਾਨਾਂ ਜਾਂ ਮਾਰੂਥਲਾਂ ਨੂੰ ਹੋਰ ਫੈਲਣ ਤੋਂ ਰੋਕਣ ਲਈ ਕਾਨੂੰਨ ਨੂੰ ਨਿਰਣਾਇਕ ਰੂਪ ਵਿੱਚ ਦਖ਼ਲ ਦੇਣਾ ਚਾਹੀਦਾ ਹੈ।"

## ਬੇਦਖਲ ਕੀਤੇ ਗਏ ਲੋਕਾਂ ਵਿਰੁੱਧ 15ਵੀਂ ਸਦੀ ਤੋਂ ਲੈ ਕੇ ਖ਼ੂਨੀ ਕਾਨੂੰਨਾਂ ਦਾ ਬਣਨਾ। ਪਾਰਲੀਮੈਂਟ ਦੁਆਰਾ ਕਾਨੂੰਨਾਂ ਰਾਹੀਂ ਉਜਰਤਾਂ ਨੂੰ ਜ਼ਬਰਦਸਤੀ ਘਟਾਉਣਾ।

ਸਾਮੰਤੀ ਚਾਕਰਾਂ ਦੇ ਦਸਤੇ ਤੋੜਕੇ ਅਤੇ ਲੋਕਾਂ ਨੂੰ ਜ਼ਮੀਨਾਂ ਤੋਂ ਜ਼ਬਰਦਸਤੀ ਬੇਦਖਲ ਕਰਕੇ ਜਿਨ੍ਹਾਂ ਪ੍ਰੋਲੇਤਾਰੀਆਂ ਦੀ, "ਸੁਤੰਤਰ" ਪ੍ਰੋਲੇਤਾਰੀਆਂ ਦੀ ਸਿਰਜਣਾ ਕੀਤੀ ਗਈ ਸੀ ਉਹਨਾਂ ਨੂੰ ਉਸੇ ਤੇਜ਼ ਰਫ਼ਤਾਰੀ ਨਾਲ਼ ਨਵੀਂ ਜਨਮੀ ਕਾਰਖਾਨੇਦਾਰੀ ਵਿੱਚ ਖਪਾਉਣਾ ਸੰਭਵ ਨਹੀਂ ਸੀ ਜਿਸ ਤੇਜ਼ ਰਫਤਾਰੀ ਨਾਲ਼ ਇਹ ਦੁਨੀਆਂ ਵਿੱਚ ਸੁਟੇ ਗਏ ਸਨ। ਦੂਜੇ ਪਾਸੇ, ਇਹ ਲੋਕ, ਜਿਨ੍ਹਾਂ ਨੂੰ ਪਰੰਪਰਾਗਤ ਜੀਵਨ-ਜਾਂਚ ਵਿਚੋਂ ਅਚਾਨਕ ਧੱਕ ਕੇ ਬਾਹਰ ਕੀਤਾ ਗਿਆ ਸੀ, ਆਪਣੇ ਆਪ ਨੂੰ ਆਪਣੀਆਂ ਨਵੀਆਂ ਹਾਲਤਾਂ ਦੇ ਬੰਧੇਜ ਦੇ ਅਨੁਕੂਲ ਯਕਾਯਕ ਹੀ ਨਹੀਂ ਸਨ ਢਾਲ ਸਕਦੇ। ਇਹ ਲੋਕ ਸਮੁੱਚੇ ਰੂਪ ਵਿੱਚ, ਕੁਝ ਆਪਣੀ ਪ੍ਰਵਿਰਤੀ ਕਾਰਨ ਅਤੇ ਬਹੁਤ ਹਾਲਤਾਂ ਵਿੱਚ ਪ੍ਰਸਥਿਤੀਆਂ ਦੇ ਦਬਾਅ ਹੇਠ ਭਿਖਾਰੀ, ਡਾਕੂ ਅਤੇ ਆਵਾਰਾਗਰਦ ਬਣ ਗਏ। ਇਹੀ ਕਾਰਨ ਹੈ ਕਿ ਪੂਰੇ ਪੱਛਮੀ ਯੂਰਪ ਵਿੱਚ 15ਵੀਂ ਸਦੀ ਦੇ ਅਖ਼ੀਰ ਅਤੇ ਪੂਰੀ ਸੋਲ੍ਹਵੀਂ ਸਦੀ ਦੇ ਦੌਰਾਨ ਇਸ ਆਵਾਰਾਗਰਦੀ ਨੂੰ ਰੋਕਣ ਲਈ ਨਿਰਦਈ ਕਾਨੂੰਨ ਬਣਾਏ ਗਏ। ਵਰਤਮਾਨ ਮਜ਼ਦੂਰ ਜਮਾਤ ਦੇ ਪਿਤਾਮਾਵਾਂ ਨੂੰ ਇਸ ਗੱਲ ਦੀ ਸਜ਼ਾ ਦਿੱਤੀ ਗਈ ਸੀ ਕਿ ਉਹਨਾਂ ਨੂੰ ਦੂਸਰਿਆਂ ਨੇ ਜ਼ਬਰਦਸਤੀ ਆਵਾਰਾ ਅਤੇ ਕੰਗਾਲ ਬਣਾ ਦਿੱਤਾ ਸੀ। ਕਾਨੂੰਨ ਉਹਨਾਂ ਨਾਲ਼ ਅਜਿਹਾ ਵਿਹਾਰ ਕਰਦਾ ਸੀ ਜਿਵੇਂ ਉਹ "ਸਵੈ-ਇੱਛਾ" ਨਾਲ਼ ਹੀ ਅਪਰਾਧੀ ਬਣੇ ਹੋਣ, ਅਤੇ ਇਹ ਮੰਨ ਕੇ ਚਲਦਾ ਸੀ ਕਿ ਉਹਨਾਂ ਪੁਰਾਣੀਆਂ ਹਾਲਤਾਂ ਅਧੀਨ, ਜਿਹੜੀਆਂ ਹੁਣ ਨਹੀਂ ਰਹਿ ਗਈਆਂ ਸਨ, ਕੰਮ ਕਰਦੇ ਰਹਿਣਾ ਕੇਵਲ ਉਹਨਾਂ ਦੀ ਹੀ ਸਦਭਾਵਨਾ ਉੱਤੇ ਨਿਰਭਰ ਸੀ।

ਇੰਗਲੈਂਡ ਵਿੱਚ ਇਹ ਕਾਨੂੰਨ ਹੈਨਰੀ 7ਵੇਂ ਦੇ ਰਾਜਕਾਲ ਵਿੱਚ ਬਣਨੇ ਆਰੰਭ ਹੋ ਗਏ।

ਹੈਨਰੀ ਅੱਠਵੇਂ ਦੇ ਸਮੇਂ 1530 ਵਿੱਚ ਇੱਕ ਕਾਨੂੰਨ ਬਣਿਆ ਜਿਸ ਅਨੁਸਾਰ ਬੁਦੇ ਅਤੇ ਕੰਮ ਨਾ ਕਰ ਸਕਣ ਦੇ ਯੋਗ ਭਿਖਾਰੀਆਂ ਨੂੰ ਭਿਖਾਰੀ ਲਾਈਸੈਂਸ ਮਿਲ ਗਏ। ਦੂਜੇ ਪਾਸੇ, ਹੱਟੇ ਕੱਟੇ ਆਵਾਰਾਗਰਦਾਂ ਨੂੰ ਕੋਰੜੇ ਮਾਰੇ ਜਾਂਦੇ ਅਤੇ ਜੇਲ੍ਹਾਂ ਵਿੱਚ ਬੰਦ ਕੀਤਾ ਜਾਂਦਾ। ਉਹਨਾਂ ਨੂੰ ਛਕੜਿਆਂ ਦੇ ਪਿਛੇ ਬੰਨ੍ਹ ਦਿੱਤਾ ਜਾਂਦਾ ਅਤੇ ਓਨਾ ਚਿਰ ਤੱਕ ਕੋਰੜੇ ਮਾਰੇ ਜਾਂਦੇ ਜਿੰਨਾ ਚਿਰ ਉਹਨਾਂ ਦੇ ਸਰੀਰਾਂ ਵਿੱਚੋਂ ਲਹੂ ਦੀਆਂ ਤਤੀਰੀਆਂ ਨਾ ਵਹਿ ਤੁਰਦੀਆਂ, ਫੇਰ ਉਹਨਾਂ ਕੋਲੋਂ ਆਪਣੀ ਜਨਮ-ਭੂਮੀ ਜਾਂ ਜਿੱਥੇ ਉਹ ਪਿਛਲੇ ਤਿੰਨ ਵਰ੍ਹਿਆਂ ਤੋਂ ਰਹਿ ਰਹੇ ਹੁੰਦੇ

ਵਾਪਸ ਪਰਤ ਜਾਣ ਦੀ ਅਤੇ "ਆਪ ਕਿਰਤ ਕਰਨ ਦੀ" (to put himself to labour) ਕਸਮ ਚੁਕਾਈ ਜਾਂਦੀ। ਕਿਤਨਾ ਭਿਆਨਕ ਵਿਅੰਗ ਹੈ ਕੁਦਰਤ ਦਾ ? ਹੈਨਰੀ ਅੱਠਵੇਂ ਦੇ 27ਵੇਂ ਕਾਨੂੰਨ ਵਿੱਚ ਇੱਕ ਪੁਰਾਣੇ ਕਾਨੂੰਨ ਨੂੰ ਬਹਾਲ ਕੀਤਾ ਗਿਆ ਪਰ ਇਸ ਵਾਰੀ ਨਵੀਆਂ ਧਾਰਾਵਾਂ ਨਾਲ਼ ਇਸ ਨੂੰ ਹੋਰ ਸਖ਼ਤ ਬਣਾਇਆ ਗਿਆ। ਆਵਾਰਾਗਰਦੀ ਦੇ ਦੋਸ਼ ਵਿੱਚ ਦੂਜੀ ਵਾਰੀ ਫੜੇ ਜਾਣ ਉੱਤੇ ਦੁਬਾਰਾ ਕੋਰੜੇ ਮਾਰੇ ਜਾਂਦੇ ਅਤੇ ਅੱਧਾ ਕੰਨ ਕੱਟ ਦਿੱਤਾ ਜਾਂਦਾ; ਅਤੇ ਤੀਜੀ ਵਾਰੀ ਗ਼ਲਤੀ ਕਰਨ ਉੱਤੇ ਫੜੇ ਜਾਣ ਉੱਤੇ ਉਸ ਨੂੰ ਪੱਕੇ ਮੁਜਰਮ ਅਤੇ ਸਮਾਜ ਦੇ ਦੁਸ਼ਮਣ ਦੇ ਰੂਪ ਵਿੱਚ ਫਾਂਸੀ ਉੱਤੇ ਲਟਕਾ ਦਿੱਤਾ ਜਾਂਦਾ।

ਐਡਵਰਡ ਛੇਵੇਂ ਨੇ ਆਪਣੀ ਹਕੂਮਤ ਦੇ ਪਹਿਲੇ ਸਾਲ, 1547, ਵਿੱਚ ਇੱਕ ਕਾਨੂੰਨ ਬਣਾਇਆ ਜਿਸ ਅਨੁਸਾਰ ਜੇ ਕੋਈ ਆਦਮੀ ਕੰਮ ਕਰਨ ਤੋਂ ਇਨਕਾਰ ਕਰਦਾ, ਤਾਂ ਉਸ ਨੂੰ ਉਸ ਸ਼ਖਸ ਦਾ ਗੁਲਾਮ ਬਣਾ ਦਿੱਤਾ ਜਾਂਦਾ ਜਿਸ ਨੇ ਉਸ ਦੇ ਵਿਹਲੇ ਬੈਠੇ ਰਹਿਣ ਦੀ ਸ਼ਿਕਾਇਤ ਕੀਤੀ ਹੁੰਦੀ। ਕਾਨੂੰਨ ਕਹਿੰਦਾ ਸੀ ਕਿ ਮਾਲਕ ਆਪਣੇ ਗੁਲਾਮ ਨੂੰ ਰੋਟੀ ਅਤੇ ਪਾਣੀ, ਪਤਲਾ ਸ਼ੋਰਬਾ ਅਤੇ ਬੱਚਿਆ-ਖੁਚਿਆ ਅਜਿਹਾ ਗੋਸ਼ਤ ਦੇਵੇਗਾ ਜਿਵੇਂ ਕਿ ਮਾਲਕ ਠੀਕ ਸਮਝੇ। ਉਸ ਨੂੰ ਹੱਕ ਸੀ ਕਿ ਉਸ ਤੋਂ ਕੋਈ ਵੀ ਕੰਮ, ਭਾਵੇਂ ਉਹ ਕਿੰਨਾ ਹੀ ਘਿਨਾਉਣਾ ਕਿਉਂ ਨਾ ਹੋਵੇ, ਕੋਰੜੇ ਮਾਰਕੇ ਅਤੇ ਜ਼ੰਜੀਰਾਂ ਵਿੱਚ ਜਕੜ ਕੇ ਕਰਾਵੇ। ਜੇ ਗੁਲਾਮ ਇੱਕ ਪੰਦਰ੍ਹਵਾੜਾ ਗੈਰ-ਹਾਜ਼ਰ ਰਹਿੰਦਾ, ਤਾਂ ਉਸ ਨੂੰ ਜੀਵਨ ਭਰ ਗੁਲਾਮ ਰਹਿਣ ਦੀ ਸਜ਼ਾ ਦਿੱਤੀ ਜਾਂਦੀ ਅਤੇ ਉਸ ਦੇ ਮੱਥੇ ਜਾਂ ਪਿੱਠ ਉਤੇ «S» ਦਾ ਨਿਸ਼ਾਨ ਦਾਗ ਦਿੱਤਾ ਜਾਂਦਾ; ਜੇ ਉਹ ਤੀਜੀ ਵਾਰੀ ਦੌੜ ਜਾਂਦਾ ਤਾਂ ਉਸ ਨੂੰ ਇੱਕ ਘੋਰ ਅਪਰਾਧੀ ਕਰਾਰ ਦੇ ਕੇ ਫਾਹੇ ਲਾ ਦਿੱਤਾ ਜਾਂਦਾ। ਮਾਲਕ ਉਸ ਨੂੰ ਵੇਚ ਸਕਦਾ, ਵਿਰਸੇ ਵਿੱਚ ਦੇ ਸਕਦਾ, ਕਿਰਾਏ ਉਤੇ ਦੇ ਸਕਦਾ ਸੀ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਨਿੱਜੀ ਚੀਜ਼ ਜਾਂ ਪਸ਼ੂ ਨਾਲ਼ ਇੰਝ ਕਰ ਸਕਦਾ ਸੀ। ਜੇਕਰ ਗੁਲਾਮ ਮਾਲਕਾਂ ਦੇ ਵਿਰੁੱਧ ਕੁਝ ਕਰਨ ਦੀ ਕੋਸ਼ਿਸ਼ ਕਰਦੇ ਤਾਂ ਉਹਨਾਂ ਨੂੰ ਫਾਂਸੀ ਚਾੜ੍ਹ ਦਿੱਤਾ ਜਾਂਦਾ ਸੀ। ਅਮਨ ਕਾਇਮ ਰੱਖਣ ਦੇ ਜ਼ਿੰਮੇਦਾਰ ਮੈਜਿਸਟ੍ਰੇਟ, ਸੂਚਨਾ ਮਿਲਣ ਉੱਤੇ, ਅਜਿਹੇ ਬਦਮਾਸ਼ਾਂ ਨੂੰ ਫੜਵਾ ਲੈਂਦੇ ਸਨ। ਜੇ ਇਹ ਪਤਾ ਲੱਗ ਜਾਂਦਾ ਕਿ ਕੋਈ ਆਵਾਰਾਗਰਦ ਤਿੰਨ ਦਿਨਾਂ ਤੋਂ ਵਿਹਲਾ ਬੈਠਾ ਹੈ ਤਾਂ ਉਸ ਨੂੰ ਉਸ ਦੇ ਜਨਮ ਸਥਾਨ 'ਤੇ ਲਿਜਾਇਆ ਜਾਂਦਾ, ਲਾਲ ਸੁਰਖ ਹੋਏ ਲੋਹੇ ਨਾਲ਼ ਉਸ ਦੀ ਛਾਤੀ ਉੱਤੇ ਅੱਖਰ «V» ਦਾਗ ਦਿੱਤਾ ਜਾਂਦਾ ਅਤੇ ਜ਼ੰਜੀਰਾਂ ਵਿੱਚ ਜਕੜ ਕੇ ਉਸ ਤੋਂ ਸੜਕਾਂ ਕੁਟਵਾਈਆਂ ਜਾਂਦੀਆਂ ਜਾਂ ਕੋਈ ਹੋਰ ਕੰਮ ਕਰਵਾਇਆ ਜਾਂਦਾ। ਜੇ ਕੋਈ ਆਵਾਰਾਗਰਦ ਆਪਣੇ ਜਨਮ-ਸਥਾਨ ਦਾ ਗ਼ਲਤ ਪਤਾ ਦੱਸਦਾ, ਤਾਂ ਉਸ ਨੂੰ ਉਸ ਥਾਂ ਦਾ, ਉਥੋਂ ਦੇ ਵਸਨੀਕਾਂ ਦਾ, ਜਾਂ ਇਸ ਦੀ ਕਾਰਪੋਰੇਸ਼ਨ ਦਾ ਜ਼ਿੰਦਗੀ ਭਰ ਲਈ ਗ਼ੁਲਾਮ ਬਣਨਾ ਪੈਂਦਾ, ਅਤੇ ਉਸ ਨੂੰ «S» ਦੇ ਨਿਸ਼ਾਨ ਨਾਲ਼ ਦਾਗੀ ਕਰ ਦਿੱਤਾ ਜਾਂਦਾ। ਸਭਨਾਂ ਵਿਅਕਤੀਆਂ ਨੂੰ ਇਹ ਹੱਕ ਮਿਲ ਗਿਆ ਕਿ ਉਹ ਆਵਾਰਾਗਰਦਾਂ ਦੇ ਬੱਚਿਆਂ ਨੂੰ ਚੁੱਕ ਲਿਜਾਣ ਅਤੇ ਉਹਨਾਂ ਤੋਂ, ਜੇ ਮੁੰਡਾ ਹੋਵੇ ਤਾਂ 24 ਸਾਲਾਂ ਤੱਕ ਅਤੇ ਜੇ ਕੁੜੀ ਹੋਵੇ ਤਾਂ 20 ਸਾਲਾਂ ਤੱਕ ਸਿੱਖਿਆਰਥੀ ਮਜ਼ਦੂਰਾਂ ਵਜੋਂ ਕੰਮ ਕਰਾਉਣ। ਜੇ ਉਹ ਕੰਮ ਤੋਂ ਦੌੜ ਜਾਂਦੇ ਤਾਂ ਉਹਨਾਂ ਨੂੰ ਇੰਨੀ ਹੀ ਉਮਰ ਤੱਕ ਆਪਣੇ ਮਾਲਕਾਂ ਦੇ ਗ਼ੁਲਾਮ ਬਣਨਾ ਪੈਂਦਾ

ਜਿਹੜੇ ਉਹ ਚਾਹੁੰਦੇ ਤਾਂ, ਉਹਨਾਂ ਨੂੰ ਜ਼ੰਜੀਰਾਂ ਵਿੱਚ ਜਕੜ ਕੇ ਰੱਖ ਸਕਦੇ ਸਨ, ਕੋਰੜੇ ਮਾਰ ਸਕਦੇ ਸਨ, ਆਦਿ। ਹਰ ਮਾਲਕ ਆਪਣੇ ਗ਼ੁਲਾਮ ਦੇ ਗਲ਼ ਵਿੱਚ, ਬਾਂਹ ਵਿੱਚ ਜਾਂ ਪੈਰਾਂ ਵਿੱਚ ਲੋਹੇ ਦਾ ਇੱਕ ਕੜਾ ਪਾ ਸਕਦਾ ਸੀ ਤਾਂ ਜੋ ਉਸ ਨੂੰ ਆਸਾਨੀ ਨਾਲ਼ ਪਛਾਣਿਆ ਜਾ ਸਕੇ ਅਤੇ ਉਹ ਭੱਜ ਨਾ ਸਕੇ।* ਕਾਨੂੰਨ ਦੇ ਆਖਰੀ ਹਿੱਸੇ ਵਿੱਚ ਵਿਵਸਥਾ ਹੈ ਕਿ ਕੁਝ ਗਰੀਬ ਲੋਕਾਂ ਨੂੰ ਕੋਈ ਥਾਂ ਜਾਂ ਕੋਈ ਵਿਅਕਤੀ ਨੌਕਰ ਰੱਖ ਸਕਦੇ ਹਨ, ਜਿਹੜੇ ਉਹਨਾਂ ਨੂੰ ਅੰਨ ਪਾਣੀ ਦੇਣ ਅਤੇ ਉਹਨਾਂ ਲਈ ਕੰਮ ਲੱਭਣ ਲਈ ਰਾਜ਼ੀ ਹੋਣ। 19ਵੀਂ ਸਦੀ ਦੇ ਅਖੀਰ ਤੱਕ «roundsmen» ਦੇ ਨਾਂ ਹੇਠ ਇਸ ਕਿਸਮ ਦੇ ਪਾਰਿਸ਼-ਗੁਲਾਮ ਇੰਗਲੈਂਡ ਵਿੱਚ ਰੱਖੇ ਜਾਂਦੇ ਸਨ।

ਅਲਿਜ਼ਬੈਥ ਦੇ ਜ਼ਮਾਨੇ, 1572 ਵਿੱਚ, ਇੱਕ ਕਾਨੂੰਨ ਬਣਿਆ ਜਿਸ ਦੇ ਮੁਤਾਬਕ 14 ਸਾਲਾਂ ਤੋਂ ਵੱਧ ਉਮਰ ਦੇ ਉਹਨਾਂ ਭਿਖਾਰੀਆਂ ਨੂੰ, ਜਿਨ੍ਹਾਂ ਕੋਲ ਲਾਈਸੰਸ ਨਹੀਂ ਸੀ ਹੁੰਦਾ, ਬੁਰੀ ਤਰ੍ਹਾਂ ਕੋਰੜੇ ਮਾਰੇ ਜਾਂਦੇ ਅਤੇ ਉਹਨਾਂ ਦਾ ਖੱਬਾ ਕੰਨ ਦਾਗੀ ਕਰ ਦਿੱਤਾ ਜਾਂਦਾ। ਇਸ ਸਜ਼ਾ ਤੋਂ ਉਹ ਕੇਵਲ ਤਦ ਹੀ ਬਚ ਸਕਦੇ ਸਨ ਜੇ ਉਹਨਾਂ ਨੂੰ ਕੋਈ ਦੋ ਸਾਲ ਲਈ ਨੌਕਰ ਰੱਖਣ ਵਾਸਤੇ ਰਾਜ਼ੀ ਹੋ ਜਾਂਦਾ। ਦੋਬਾਰਾ ਫੜੇ ਜਾਣ ਉਤੇ, ਜੇ ਉਹਨਾਂ ਦੀ ਉਮਰ 18 ਸਾਲ ਤੋਂ ਵੱਧ ਹੁੰਦੀ ਉਹਨਾਂ ਨੂੰ ਫਾਹੇ ਲਾ ਦਿੱਤਾ ਜਾਂਦਾ। ਇਸ ਵਾਰੀ ਫੇਰ ਜੇ ਕੋਈ ਉਹਨਾਂ ਨੂੰ ਦੋ ਸਾਲ ਲਈ ਨੌਕਰ ਰੱਖ ਲੈਂਦਾ ਤਾਂ ਉਹ ਇਸ ਸਜ਼ਾ ਤੋਂ ਬਚ ਜਾਂਦੇ, ਪਰ ਤੀਜੀ ਵਾਰੀ ਉਹਨਾਂ ਨੂੰ ਘੋਰ ਅਪਰਾਧੀ ਗਰਦਾਨ ਕੇ ਹਰ ਹਾਲਤ ਵਿੱਚ ਹੀ ਮਾਰ ਦਿੱਤਾ ਜਾਂਦਾ। ਅਲਿਜ਼ਬੈਥ ਦੇ ਰਾਜ-ਕਾਲ ਦਾ 18ਵਾਂ ਕਾਨੂੰਨ ਧਾਰਾ, 13 ਅਤੇ 1597 ਦਾ ਇੱਕ ਹੋਰ ਕਾਨੂੰਨ ਇਸੇ ਤਰ੍ਹਾਂ ਦੇ ਕਾਨੂੰਨ ਸਨ।**

---

* «Essay on Trade, etc.» (ਵਪਾਰ ਆਦਿ ਬਾਰੇ ਨਿਬੰਧ), 1770, ਦੇ ਲੇਖਕ ਨੇ ਕਿਹਾ ਹੈ, "ਮਲੂਮ ਹੁੰਦਾ ਹੈ ਕਿ ਐਡਵਰਡ ਛੇਵੇਂ ਦੇ ਰਾਜ ਵਿੱਚ ਅੰਗਰੇਜ਼ ਪੂਰੀ ਗੰਭੀਰਤਾ ਨਾਲ਼ ਕਾਰਖਾਨੇਦਾਰੀ ਨੂੰ ਉਤਸ਼ਾਹਤ ਕਰਨ ਅਤੇ ਗਰੀਬਾਂ ਨੂੰ ਕੰਮ ਦੇਣ ਲੱਗ ਪਏ ਸਨ। ਇਸ ਦਾ ਪਤਾ ਇੱਕ ਧਿਆਨਯੋਗ ਕਾਨੂੰਨ ਤੋਂ ਲੱਗਦਾ ਹੈ ਜਿਸ ਵਿੱਚ ਕਿਹਾ ਗਿਆ ਹੈ: "ਕਿ ਸਭਨਾਂ ਆਵਾਰਾਗਰਦ ਲੋਕਾਂ ਨੂੰ ਦਾਗ਼ ਦਿੱਤਾ ਜਾਏਗਾ, ਆਦਿ।" ਉਪ. ਪੁ. ਪੰਨਾ 5.

** ਟਾਮਸ ਮੋਰ ਨੇ ਆਪਣੀ ਰਚਨਾ «Utopia» ਵਿਚ ਲਿਖਿਆ ਹੈ: "ਅਕਸਰ ਵੇਖਣ ਵਿੱਚ ਆਇਆ ਹੈ ਕਿ ਕੋਈ ਲਾਲਚੀ ਅਤੇ ਪੇਟੂ ਆਦਮੀ, ਜਿਸ ਦਾ ਲੋਭ ਅਸੀਮਤ ਹੁੰਦਾ ਹੈ ਅਤੇ ਜਿਹੜਾ ਆਪਣੀ ਮਾਤਭੂਮੀ ਲਈ ਸਰਾਪ ਹੁੰਦਾ ਹੈ, ਕਈ ਹਜ਼ਾਰ ਏਕੜ ਜ਼ਮੀਨ ਇੱਕ ਵਾੜੇ ਵਿੱਚ ਵਲ਼ ਲੈਂਦਾ ਹੈ, ਉੱਥੇ ਰਹਿਣ ਵਾਲੇ ਵਾਹਕ-ਕਿਸਾਨਾਂ ਨੂੰ ਬਾਹਰ ਕੱਢ ਦੇਂਦਾ ਹੈ, ਅਤੇ ਜਾਂ ਧੋਖੇ ਤੇ ਫ਼ਰੇਬ ਨਾਲ ਜਾਂ ਹਿੰਸਾਤਮਕ ਜਬਰ ਨਾਲ਼ ਉਹਨਾਂ ਨੂੰ ਉਸ ਥਾਂ ਤੋਂ ਹਟਾ ਦੇਂਦਾ ਹੈ, ਅਤੇ ਉਹਨਾਂ ਨੂੰ ਇਤਨੇ ਦੁੱਖ ਤਸੀਹੇ ਦੇਂਦਾ ਹੈ ਕਿ ਉਹ ਤੰਗ ਆ ਕੇ ਆਪਣਾ ਸਭ ਕੁਝ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਇਸ ਪ੍ਰਕਾਰ ਕਿਵੇਂ ਨਾ ਕਿਵੇਂ, ਕਿਸੇ ਨਾ ਕਿਸੇ ਹੇਰਾਫੇਰੀ ਨਾਲ਼, ਇਹਨਾਂ ਗਰੀਬ, ਜਾਹਿਲ, ਅਭਾਗੇ ਲੋਕਾਂ ਨੂੰ ਮਜਬੂਰ ਕਰ ਦਿੱਤਾ ਜਾਂਦਾ ਹੈ ਕਿ ਉਹ ਸਭ ਇਸਤਰੀ-ਮਰਦ, ਪਤੀ-ਪਤਨੀਆਂ, ਯਤੀਮ ਬੱਚੇ, ਵਿਧਵਾਵਾਂ, ਬਾਲਾਂ ਨੂੰ ਗੋਦੀ ਲਈ ਦੁਖਿਆਰੀਆਂ ਮਾਵਾਂ ਅਤੇ ਉਹਨਾਂ ਦਾ ਕੁੱਲ ਪਰਵਾਰ – ਜਿਸ ਦੀ ਹੈਸੀਅਤ ਛੋਟੀ ਪਰ ਗਿਣਤੀ ਵੱਡੀ ਹੁੰਦੀ ਹੈ ਕਿਉਂਕਿ ਖੇਤੀ ਕਰਨ ⇒

ਜੇਮਜ਼ ਪਹਿਲੇ ਦੇ ਰਾਜ ਵਿੱਚ ਆਵਾਰਾ ਫਿਰਦੇ ਰਹਿਣ ਵਾਲਿਆਂ ਅਤੇ ਭੀਖ ਮੰਗਣ ਵਾਲਿਆਂ ਨੂੰ ਬਦਮਾਸ਼ ਅਤੇ ਆਵਾਰਾਗਰਦ ਘੋਸ਼ਤ ਕਰ ਦਿੱਤਾ ਗਿਆ। ਸਥਾਨਕ ਮੈਜਿਸਟ੍ਰੇਟਾਂ ਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਉਹ ਅਜਿਹੇ ਲੋਕਾਂ ਨੂੰ ਖੁਲ੍ਹੇਆਮ ਕੋਰੜੇ ਮਰਵਾ ਸਕਣ ਅਤੇ ਪਹਿਲੀ ਵਾਰੀ ਅਪਰਾਧ ਕਰਨ ਬਦਲੇ ਉਹਨਾਂ ਨੂੰ 6 ਮਹੀਨੇ ਅਤੇ ਦੂਜੇ ਅਪਰਾਧ ਲਈ ਦੋ ਸਾਲ ਕੈਦ ਦੀ ਸਜ਼ਾ ਦੇ ਸਕਣ। ਜੇਲ੍ਹ ਦੇ ਅੰਦਰ ਵੀ, ਮੈਜਿਸਟ੍ਰੇਟ ਜਦੋਂ ਅਤੇ ਜਿੰਨੀ ਵਾਰੀ ਮੁਨਾਸਿਬ ਸਮਝਣ ਦੋਸ਼ੀਆਂ ਨੂੰ ਕੋਰੜੇ ਮਰਵਾ ਸਕਦੇ ਸਨ...। ਲਾਇਲਾਜ ਅਤੇ ਖਤਰਨਾਕ ਬਦਮਾਸ਼ਾਂ ਦੇ ਖੱਬੇ ਮੋਢੇ ਉਤੇ «R» ਦਾ ਚਿੰਨ੍ਹ ਦਾਗ ਦਿੱਤਾ ਜਾਂਦਾ ਅਤੇ ਉਹਨਾਂ ਤੋਂ ਸਖ਼ਤ ਮੁਸ਼ੱਕਤ ਕਰਾਈ ਜਾਂਦੀ। ਅਤੇ ਜੇਕਰ ਉਹ ਫੇਰ ਭੀਖ ਮੰਗਦੇ ਫੜੇ ਜਾਂਦੇ,

---

⇨ ਲਈ ਬਹੁਤ ਬੰਦੇ ਲੋੜੀਂਦੇ ਹੁੰਦੇ ਹਨ – ਇਹ ਸਭ ਲੋਕ ਆਪਣਾ ਘਰ ਬਾਰ ਛੱਡ ਕੇ ਨਿਕਲ ਜਾਣ। ਮੈਂ ਕਹਿੰਦਾ ਹਾਂ ਕਿ ਇੱਕ ਵਾਰੀ ਆਪਣਾ ਪਰੰਪਰਾਗਤ ਘਰ ਛੱਡਣ ਮਗਰੋਂ ਇਹ ਲੋਕ ਭਟਕਦੇ ਫਿਰਦੇ ਰਹਿੰਦੇ ਹਨ ਅਤੇ ਇਹਨਾਂ ਨੂੰ ਕਿਧਰੇ ਵੀ ਸਿਰ ਲੁਕਾਉਣ ਨੂੰ ਥਾਂ ਨਹੀਂ ਲਭਦੀ। ਉਹਨਾਂ ਦੇ ਘਰੇਲੂ ਸਮਾਨ ਦਾ ਮੁੱਲ ਬਹੁਤ ਥੋੜ੍ਹਾ ਹੁੰਦਾ ਹੈ, ਪਰ ਫੇਰ ਵੀ ਉਹ ਚੰਗੇ ਮੁੱਲ ਉੱਤੇ ਵਿਕ ਸਕਦਾ ਸੀ; ਪਰ ਇੱਕਦਮ ਚੁੱਕ ਕੇ ਘਰੋਂ ਬਾਹਰ ਸੁੱਟੇ ਜਾਣ ਉੱਤੇ ਉਹਨਾਂ ਨੂੰ ਇਹ ਮਿੱਟੀ ਦੇ ਭਾਅ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਅਤੇ ਜਦੋਂ ਉਹ ਇੱਧਰ ਉੱਧਰ ਭਟਕਦੇ ਇਹ ਰਕਮ ਖਰਚ ਕਰ ਲੈਂਦੇ ਹਨ ਤਾਂ ਇਸ ਤੋਂ ਬਿਨਾਂ ਉਹਨਾਂ ਕੋਲ ਕੀ ਚਾਰਾ ਰਹਿ ਜਾਂਦਾ ਹੈ ਕਿ ਉਹ ਚੋਰੀ ਕਰਨ ਅਤੇ ਫੇਰ ਨਿਆਂਪੂਰਨ ਢੰਗ ਨਾਲ਼ ਫਾਹੇ ਲੱਗ ਜਾਣ, ਤੇ ਜਾਂ ਫੇਰ ਆਵਾਰਾ ਭਿੱਖਿਆ ਮੰਗਦੇ ਫਿਰਨ ? ਪਰ ਇਸ ਹਾਲਤ ਵਿੱਚ ਵੀ ਉਹਨਾਂ ਨੂੰ ਆਵਾਰਾਗਰਦਾਂ ਦੀ ਹੈਸੀਅਤ ਵਿੱਚ ਜੇਲ੍ਹ ਅੰਦਰ ਡੱਕਿਆ ਜਾ ਸਕਦਾ ਹੈ ਕਿਉਂਕਿ ਉਹ ਇੱਧਰ ਉੱਧਰ ਘੁੰਮਦੇ ਫਿਰਦੇ ਹਨ ਅਤੇ ਕੰਮ ਨਹੀਂ ਕਰਦੇ, ਹਾਲਾਂਕਿ ਉਹ ਕੰਮ ਲੈਣ ਲਈ ਕਿੰਨੇ ਤਰਲੇ ਮਿੰਨਤਾਂ ਕਰਨ, ਉਹਨਾਂ ਨੂੰ ਕੋਈ ਕੰਮ ਦੇਣ ਲਈ ਤਿਆਰ ਨਹੀਂ ਹੁੰਦਾ।" ਇਹਨਾਂ ਭਜਾਏ ਹੋਏ ਗਰੀਬਾਂ ਵਿਚੋਂ, ਜਿਨ੍ਹਾਂ ਨੂੰ ਟਾਮਸ ਮੋਰ, ਅਨੁਸਾਰ, ਮਜਬੂਰ ਹੋ ਕੇ ਚੋਰੀ ਕਰਨੀ ਪਈ, ਹੈਨਰੀ ਅੱਠਵੇਂ ਦੇ ਰਾਜ ਵਿੱਚ "72,000 ਛੋਟੇ-ਵੱਡੇ ਚੋਰਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ।" (*Holinshed.* «Description of England») v. I, p. 1861. ਅਲਿਜ਼ਬੈਥ ਦੇ ਜ਼ਮਾਨੇ ਵਿੱਚ "ਬਦਮਾਸ਼ਾਂ ਨੂੰ ਬੜੀ ਛੇਤੀ ਫਾਂਸੀ ਲਾਇਆ ਜਾਂਦਾ ਸੀ, ਅਤੇ ਕੋਈ ਸਾਲ ਐਸਾ ਨਹੀਂ ਸੀ ਲੰਘਦਾ ਜਦੋਂ ਤਿੰਨ ਜਾਂ ਚਾਰ ਸੌ ਬੰਦੇ ਫਾਹੇ ਨਾ ਲੱਗਦੇ ਹੋਣ।" (*Strype.* «Annals of the Reformation and the Establishment of Religion, and other various Occurences in the Church of England during Queen Elizabeth's Happy Reign», Second ed., 1725, v. II)। ਇਸੇ ਹੀ ਲੇਖਕ – ਸਟ੍ਰਾਈਪ – ਅਨੁਸਾਰ, ਸੌਮਰਸੈਟਸ਼ਾਇਰ ਵਿੱਚ ਇੱਕ ਸਾਲ ਅੰਦਰ 40 ਬੰਦਿਆਂ ਨੂੰ ਫਾਹੇ ਲਾਇਆ ਗਿਆ, 35 ਡਾਕੂਆਂ ਦੇ ਹੱਥ ਸਾੜੇ ਗਏ, 37 ਨੂੰ ਕੋਰੜੇ ਮਾਰੇ ਗਏ, ਅਤੇ 183 ਨੂੰ "ਲਾਇਲਾਜ਼ ਆਵਾਰਾ" ਕਰਾਰ ਦੇ ਕੇ ਛੱਡ ਦਿੱਤਾ ਗਿਆ। ਤੱਦ ਵੀ, ਉਸ ਦੀ ਰਾਏ ਹੈ ਕਿ ਕੈਦੀਆਂ ਦੀ ਇਹ ਗਿਣਤੀ, ਜੱਜਾਂ ਦੀ ਅਣਗਹਿਲੀ ਕਾਰਨ ਅਤੇ ਲੋਕਾਂ ਦੀ ਆਪਣੀ ਮੂਰਖ਼ਤਾ ਕਾਰਨ, ਅਸਲ ਦੋਸ਼ੀਆਂ ਦਾ ਪੰਜਵਾਂ ਹਿੱਸਾ ਵੀ ਨਹੀਂ। ਅਤੇ ਇੰਗਲੈਂਡ ਦੀਆਂ ਦੂਜੀਆਂ ਕਾਊਂਟੀਆਂ ਦੀ ਹਾਲਤ ਸੌਮਰਸੈਟਸ਼ਾਇਰ ਨਾਲੋਂ ਕਿਸੇ ਤਰ੍ਹਾਂ ਬਿਹਤਰ ਨਹੀਂ ਸੀ, ਸਗੋਂ ਕੁਝ ਇੱਕ ਦੀ ਤਾਂ ਇਸ ਤੋਂ ਵੀ ਮਾੜੀ ਸੀ।

ਤਾਂ ਬਿਨਾਂ ਕਿਸੇ ਰਹਿਮ ਦੇ ਉਹਨਾਂ ਨੂੰ ਫਾਂਸੀ ਟੰਗ ਦਿੱਤਾ ਜਾਂਦਾ। ਇਹ ਕਾਨੂੰਨ, ਜੋ ਅਠਾਰ੍ਹਵੀਂ ਸਦੀ ਦੇ ਆਰੰਭ ਤੱਕ ਵਿਧਾਨਕ ਰੂਪ ਵਿੱਚ ਲਾਗੂ ਰਹੇ, ਰਾਣੀ ਕਿਤੇ ਮਲਕਾ ਐਨ ਦੇ ਰਾਜ ਵਿੱਚ ਜਾ ਕੇ 12ਵੇਂ ਕਾਨੂੰਨ ਦੀ ਧਾਰਾ 23 ਦੁਆਰਾ ਰੱਦ ਕੀਤੇ ਗਏ।

ਫ਼ਰਾਂਸ ਵਿੱਚ ਵੀ ਇਸੇ ਤਰ੍ਹਾਂ ਦੇ ਕਾਨੂੰਨ ਬਣਾਏ ਗਏ ਸਨ ਜਿੱਥੇ 17ਵੀਂ ਸਦੀ ਦੇ ਮੱਧ ਵਿੱਚ, ਪੈਰਿਸ ਵਿੱਚ "ਆਵਾਰਾਗਰਦਾਂ ਦੀ ਸਲਤਨਤ" (royaume des truands) ਕਾਇਮ ਕੀਤੀ ਗਈ ਸੀ। ਲੂਈ ਸੋਲ੍ਹਵੇਂ ਦੀ ਹਕੂਮਤ ਦੇ ਆਰੰਭਕ ਸਮੇਂ ਵਿੱਚ (ਜੁਲਾਈ 13, 1777 ਦਾ ਆਰਡੀਨੈਂਸ) 16 ਤੋਂ 60 ਸਾਲ ਦੀ ਉਮਰ ਦੇ ਹਰ ਨਰੋਈ ਸਿਹਤ ਵਾਲੇ ਆਦਮੀ ਨੂੰ, ਜੇ ਉਸ ਕੋਲ ਉਪਜੀਵਕਾ ਦਾ ਸਾਧਨ ਨਾ ਹੁੰਦਾ ਅਤੇ ਉਹ ਕੋਈ ਧੰਦਾ ਨਾ ਕਰਦਾ ਹੁੰਦਾ, ਜੰਗੀ ਬੇੜੇ ਵਿੱਚ ਕੰਮ ਕਰਨ ਲਈ ਭੇਜੇ ਜਾਣ ਦਾ ਕਾਨੂੰਨ ਬਣਾਇਆ ਗਿਆ। ਨੀਦਰਲੈਂਡਜ਼ ਲਈ ਚਾਰਲਸ ਪੰਜਵੇਂ ਦਾ ਕਾਨੂੰਨ (ਅਕਤੂਬਰ 1537), ਹਾਲੈਂਡ ਦੇ ਰਾਜਾਂ ਅਤੇ ਨਗਰਾਂ ਲਈ ਪਹਿਲਾ ਫਰਮਾਨ (19 ਮਾਰਚ, 1614), ਸੰਯੁਕਤ ਪ੍ਰਦੇਸ਼ਾਂ ਦੇ "ਪਲਾਕਾਟ" (25 ਜੂਨ, 1649) ਆਦਿ ਇਸੇ ਕਿਸਮ ਦੇ ਕਾਨੂੰਨ ਸਨ।

ਇਸ ਪ੍ਰਕਾਰ, ਖੇਤੀ ਕਰਨ ਵਾਲੇ ਲੋਕਾਂ ਨੂੰ ਪਹਿਲਾਂ ਜ਼ਬਰਦਸਤੀ ਉਹਨਾਂ ਦੀਆਂ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਗਿਆ, ਉਹਨਾਂ ਦੇ ਘਰਾਂ ਵਿੱਚੋਂ ਕੱਢਿਆ ਗਿਆ ਅਤੇ ਉਹਨਾਂ ਨੂੰ ਆਵਾਰਾਗਰਦ ਬਣਾਇਆ ਗਿਆ ਅਤੇ ਫੇਰ ਨਿਰਦਈ ਤੇ ਭਿਆਨਕ ਕਾਨੂੰਨਾਂ ਦੁਆਰਾ ਉਹਨਾਂ ਨੂੰ ਕੋਰੜੇ ਮਾਰੇ ਗਏ, ਉਹਨਾਂ ਨੂੰ ਦਾਗਿਆ ਗਿਆ, ਤਸੀਹੇ ਦਿੱਤੇ ਗਏ ਅਤੇ ਇਸ ਤਰ੍ਹਾਂ ਉਜਰਤੀ ਪ੍ਰਣਾਲੀ ਲਈ ਲੋੜੀਂਦੇ ਬੰਧੇਜ ਵਿੱਚ ਲਿਆਂਦਾ ਗਿਆ।

ਇੰਨਾ ਹੀ ਕਾਫੀ ਨਹੀਂ ਕਿ ਸਮਾਜ ਦੇ ਇੱਕ ਧੁਰੇ ਉਤੇ ਪੂੰਜੀ ਦੀ ਸ਼ਕਲ ਵਿੱਚ ਕਿਰਤ ਦੀਆਂ ਕੁੱਲ ਹਾਲਤਾਂ ਇਕੱਤਰ ਕੀਤੀਆਂ ਜਾਂਦੀਆਂ ਹਨ ਅਤੇ ਦੂਜੇ ਧੁਰੇ ਉੱਤੇ ਮਨੁੱਖਾਂ ਦੇ ਜਨ-ਸਮੂਹ ਨੂੰ ਕੇਂਦਰਿਤ ਕੀਤਾ ਜਾਂਦਾ ਹੈ, ਜਿਨ੍ਹਾਂ ਕੋਲ ਸਿਵਾਏ ਆਪਣੀ ਕਿਰਤ-ਸ਼ਕਤੀ ਵੇਚਣ ਦੇ ਹੋਰ ਕੁਝ ਨਹੀਂ। ਨਾ ਹੀ ਇੰਨੀ ਗੱਲ ਕਾਫੀ ਹੈ ਕਿ ਉਹ ਇਸ ਨੂੰ ਸਵੈ-ਇੱਛਾ ਨਾਲ਼ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਪੂੰਜੀਵਾਦੀ ਉਤਪਾਦਨ ਦੀ ਉੱਨਤੀ ਨਾਲ ਇੱਕ ਮਜ਼ਦੂਰ-ਜਮਾਤ ਵਿਕਸਤ ਹੁੰਦੀ ਹੈ, ਜਿਹੜੀ ਆਪਣੀ ਸਿੱਖਿਆ, ਪਰੰਪਰਾ, ਸਦਭਾਵਨਾ ਕਾਰਨ ਪੂੰਜੀਵਾਦੀ ਪ੍ਰਣਾਲੀ ਦੀਆਂ ਅਵੱਸ਼ਕਤਾਵਾਂ ਨੂੰ ਕੁਦਰਤ ਦਾ ਇੱਕ ਸਵੈ-ਪਰੱਤਖ ਕਾਨੂੰਨ ਮੰਨਣ ਲਗ ਜਾਂਦੀ ਹੈ। ਉਤਪਾਦਨ ਦੇ ਪੂੰਜੀਵਾਦੀ ਅਮਲ ਦਾ ਸੰਗਠਨ, ਇੱਕ ਵਾਰੀ ਪੂਰੀ ਤਰ੍ਹਾਂ ਵਿਕਸਤ ਹੋ ਜਾਣ ਉੱਤੇ, ਸਾਰੇ ਵਿਰੋਧ ਖ਼ਤਮ ਕਰ ਦੇਂਦਾ ਹੈ। ਸਾਪੇਖਕ ਵਾਧੂ-ਵਸੋਂ ਦਾ ਨਿਰੰਤਰ ਉਤਪਾਦਨ ਕਿਰਤ ਦੀ ਪੂਰਤੀ ਅਤੇ ਮੰਗ ਦੇ ਕਾਨੂੰਨ ਨੂੰ, ਅਤੇ ਇਸੇ ਲਈ ਹੀ ਉਜਰਤਾਂ ਨੂੰ, ਇਕ ਐਸੀ ਲੀਹ ਉੱਤੇ ਤੋਰੀ ਰੱਖਦਾ ਹੈ ਜਿਹੜੀ ਪੂੰਜੀ ਦੀਆਂ ਲੋੜਾਂ ਦੇ ਅਨੁਸਾਰੀ ਹੁੰਦੀ ਹੈ। ਆਰਥਕ ਸਬੰਧਾਂ ਦਾ ਬੇਹਿਸ ਕਰਨ ਵਾਲਾ ਦਬਾਓ ਕਿਰਤੀ ਨੂੰ ਪੂਰੀ ਤਰ੍ਹਾਂ ਪੂੰਜੀਪਤੀ ਦੇ ਅਧੀਨ ਕਰ ਦੇਂਦਾ ਹੈ। ਨਿਰਸੰਦੇਹ, ਆਰਥਕ ਪ੍ਰਸਥਿਤੀਆਂ ਤੋਂ ਬਾਹਰ, ਸਿੱਧਾ ਬਲ-ਪ੍ਰਯੋਗ ਹਾਲੇ ਵੀ ਹੁੰਦਾ ਹੈ। ਪਰ ਕੇਵਲ ਕਦੇ ਕਦਾਈਂ ਹੀ। ਸਾਧਾਰਨ ਰੂਪ ਵਿੱਚ, ਕਿਰਤੀ ਨੂੰ "ਉਤਪਾਦਨ ਦੇ ਕੁਦਰਤੀ ਕਾਨੂੰਨਾਂ" ਉੱਤੇ, ਭਾਵ, ਪੂੰਜੀ ਉੱਤੇ ਉਸ ਦੀ

ਨਿਰਭਰਤਾ ਉੱਤੇ ਛਡਿਆ ਜਾ ਸਕਦਾ ਹੈ, ਜਿਸ ਨਿਰਭਰਤਾ ਨੂੰ ਖ਼ੁਦ ਉਤਪਾਦਨ ਦੀਆਂ ਹਾਲਤਾਂ ਪੈਦਾ ਕਰਦੀਆਂ ਅਤੇ ਉਸ ਦੇ ਸਦੀਵੀ ਹੋਣ ਦੀ ਗਰੰਟੀ ਦੇਂਦੀਆਂ ਹਨ। ਪੂੰਜੀਵਾਦੀ ਉਤਪਾਦਨ ਦੀ ਇਤਿਹਾਸਕ ਉਤਪਤੀ ਦੇ ਦੌਰਾਨ ਹਾਲਤ ਇਸ ਤੋਂ ਵੱਖਰੀ ਹੁੰਦੀ ਹੈ। ਬੁਰਜੂਆਜ਼ੀ, ਆਪਣੇ ਉਭਾਰ ਸਮੇਂ, ਉਜਰਤਾਂ ਨੂੰ "ਨੇਮਬੱਧ" ਕਰਨ ਲਈ, ਭਾਵ, ਵਾਧੂ-ਕਦਰ ਪੈਦਾ ਕਰਨ ਲਈ ਢੁਕਵੀਆਂ ਸੀਮਾਵਾਂ ਦੇ ਅੰਦਰ ਅੰਦਰ ਉਹਨਾਂ ਨੂੰ ਜਬਰੀ ਲਾਗੂ ਕਰਨ ਲਈ, ਕਿਰਤ-ਦਿਹਾੜੀ ਨੂੰ ਲੰਮਾ ਕਰਨ ਲਈ ਅਤੇ ਇਸ ਕੰਮ ਲਈ ਰਾਜ ਦੀ ਸੱਤਾ ਚਾਹੁੰਦੀ ਹੈ ਅਤੇ ਵਰਤਦੀ ਹੈ ਕਿ ਕਿਰਤੀ ਆਪਣੇ ਆਪ ਨੂੰ ਸਾਧਾਰਨ ਹੱਦ ਤੱਕ ਅਧੀਨ ਬਣਾਈ ਰੱਖੇ। ਇਹ ਅਖੌਤੀ ਆਦਿ-ਕਾਲੀਨ ਇਕੱਤਰੀਕਰਨ ਦਾ ਇੱਕ ਲਾਜ਼ਮੀ ਅਨ ਹੈ।

ਉਜਰਤੀ ਕਿਰਤੀਆਂ ਦੀ ਜਮਾਤ, ਜਿਹੜੀ 14ਵੀਂ ਸਦੀ ਦੇ ਪਿਛਲੇ ਅੱਧ ਵਿੱਚ ਪੈਦਾ ਹੋਈ, ਉਸ ਸਮੇਂ ਅਤੇ ਅਗਲੀ ਸਦੀ ਵਿੱਚ ਵੀ ਵਸੋਂ ਦਾ ਇਕ ਬਹੁਤ ਛੋਟਾ ਹਿੱਸਾ ਸੀ ਅਤੇ ਇਹ ਪਿੰਡਾਂ ਵਿੱਚ ਸਵੈਧੀਨ ਕਿਸਾਨ ਮਾਲਕਾਂ ਅਤੇ ਸ਼ਹਿਰਾਂ ਵਿੱਚ ਦਸਤਕਾਰੀ ਸੰਘਾਂ ਸਦਕਾ ਆਪਣੀ ਪੁਜ਼ੀਸ਼ਨ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਸੀ। ਪਿੰਡਾਂ ਅਤੇ ਸ਼ਹਿਰਾਂ ਵਿੱਚ ਮਾਲਕ ਅਤੇ ਮਜ਼ਦੂਰ ਸਮਾਜਿਕ ਤੌਰ 'ਤੇ ਇਕ ਦੂਜੇ ਦੇ ਨੇੜੇ ਹੀ ਸਨ। ਪੂੰਜੀ ਪ੍ਰਤੀ ਕਿਰਤ ਦੀ ਅਧੀਨਗੀ ਕੇਵਲ ਰਸਮੀ ਸੀ – ਭਾਵ, ਖ਼ੁਦ ਉਤਪਾਦਨ ਦੀ ਪ੍ਰਣਾਲੀ ਦਾ ਹਾਲੇ ਕੋਈ ਵਿਸ਼ੇਸ਼ ਪੂੰਜੀਵਾਦੀ ਚਲਣ ਨਹੀਂ ਸੀ ਬਣਿਆਂ, ਸਥਾਈ ਪੂੰਜੀ ਦੇ ਮੁਕਾਬਲੇ ਅਸਥਾਈ ਪੂੰਜੀ ਦਾ ਪਲੜਾ ਬਹੁਤ ਭਾਰੀ ਸੀ। ਇਸ ਲਈ, ਉਜਰਤੀ-ਕਿਰਤ ਦੀ ਮੰਗ ਪੂੰਜੀ ਦੇ ਹਰ ਇਕੱਤਰੀਕਰਨ ਨਾਲ਼ ਤੇਜ਼ੀ ਨਾਲ ਵਧੀ, ਜਦ ਕਿ ਉਜਰਤੀ ਕਿਰਤ ਦੀ ਸਪਲਾਈ ਬਹੁਤ ਹੌਲੀ ਹੌਲੀ ਹੁੰਦੀ ਸੀ। ਕੌਮੀ ਉਤਪਾਦਨ ਦਾ ਇੱਕ ਵੱਡਾ ਹਿੱਸਾ, ਜੋ ਮਗਰੋਂ ਜਾ ਕੇ ਪੂੰਜੀਵਾਦੀ ਇਕੱਤਰੀਕਰਨ ਦੇ ਫੰਡ ਵਿੱਚ ਬਦਲ ਗਿਆ, ਉਸ ਵੇਲੇ ਹਾਲੇ ਕਿਰਤੀਆਂ ਦੇ ਉਪਭੋਗੀ ਫੰਡ ਵਿੱਚ ਦਾਖ਼ਲ ਸੀ।

ਇੰਗਲੈਂਡ ਵਿੱਚ ਉਜਰਤੀ ਕਿਰਤ ਬਾਰੇ ਕਾਨੂੰਨ ਬਣਾਉਣ ਦਾ ਆਰੰਭ 1349 ਵਿੱਚ ਹੋਇਆ, ਜਦੋਂ ਐਡਵਰਡ ਤੀਜੇ ਦੇ ਰਾਜ-ਕਾਲ ਵਿੱਚ ਕਿਰਤੀਆਂ ਦਾ ਕਾਨੂੰਨ (Statut) ਬਣਾਇਆ ਗਿਆ (ਸ਼ੁਰੂ ਤੋਂ ਹੀ ਇਸ ਦਾ ਆਸ਼ਾ ਕਿਰਤੀ ਦੀ ਲੁੱਟ-ਖਸੁੱਟ ਕਰਨੀ ਸੀ ਅਤੇ, ਅੱਗੋਂ ਜਾ ਕੇ ਵੀ, ਹਰ ਸਮੇਂ ਇਹ ਮਜ਼ਦੂਰ ਵਿਰੋਧੀ ਰਿਹਾ)*। 1350 ਵਿੱਚ, ਬਾਦਸ਼ਾਹ ਜਾਹਨ ਦੇ ਨਾਂ ਉੱਤੇ ਫ਼ਰਾਂਸ ਵਿੱਚ ਜਾਰੀ ਕੀਤਾ ਗਿਆ ਆਰਡੀਨੈਂਸ ਵੀ ਇਸੇ ਤਰ੍ਹਾਂ ਦਾ ਸੀ। ਇੰਗਲੈਂਡ ਅਤੇ ਫ਼ਰਾਂਸ ਦੇ ਕਾਨੂੰਨ ਬਰਾਬਰ ਚਲਦੇ ਹਨ ਅਤੇ ਉਹਨਾਂ ਦਾ ਤਾਤਪਰਜ ਵੀ

---

* ਐਡਮ ਸਮਿਥ (A. Smith. «An Inquiry into the Nature and Causes of the Wealth of Nations» Vol. I, Edinburgh, 1814, p. 237) ਕਹਿੰਦਾ ਹੈ: "ਜਦੋਂ ਕਦੇ ਵੀ ਵਿਧਾਨ ਸਭਾ ਨੇ ਮਾਲਕਾਂ ਤੇ ਉਹਨਾਂ ਦੇ ਮਜ਼ਦੂਰਾਂ ਵਿਚਕਾਰ ਮਤਭੇਦਾਂ ਨੂੰ ਨੇਮਬੱਧ ਕਰਨ ਦਾ ਯਤਨ ਕੀਤਾ ਹੈ, ਤਾਂ ਸਦਾ ਮਾਲਕ ਹੀ ਇਸ ਦੇ ਸਲਾਹਕਾਰ ਹੁੰਦੇ ਹਨ।" ਲੇਂਗੇ ਨੇ ਕਿਹਾ ਹੈ, "ਕਾਨੂੰਨਾਂ ਦੀ ਆਤਮਾ ਹੈ ਸੰਪਤੀ।" (Linguet. «Théorie des loix civiles, ou Principes fondamentaux de la société». Tome I, Londres, 1767, p. 236)

ਇੱਕ ਸਾਮਾਨ ਹੈ। ਜਿਥੋਂ ਤੱਕ ਕਿਰਤ-ਕਾਨੂੰਨਾਂ ਦਾ ਮਨੋਰਥ ਕਿਰਤ-ਦਿਹਾੜੀ ਨੂੰ ਲਾਜ਼ਮੀ ਤੌਰ 'ਤੇ ਲੰਮਾ ਕਰਨਾ ਹੈ, ਮੈਂ ਇਸ ਦੀ ਚਰਚਾ ਨਹੀਂ ਛੇੜਾਂਗਾ, ਕਿਉਂਕਿ ਇਸ ਨੁਕਤੇ ਉੱਤੇ ਪਹਿਲਾਂ (ਭਾਗ 5, ਦੇ ਕਾਂਡ 10 ਵਿੱਚ) ਵਿਚਾਰ ਹੋ ਚੁੱਕੀ ਹੈ।

ਕਿਰਤੀਆਂ ਦਾ ਕਾਨੂੰਨ ਹਾਊਸ ਆਫ਼ ਕਾਮਨਸ ਦੇ ਬਹੁਤ ਜ਼ੋਰ ਦੇਣ ਉੱਤੇ ਪਾਸ ਕੀਤਾ ਗਿਆ ਸੀ।

> ਇੱਕ ਟੋਡੀ ਨੇ ਬੜੇ ਭੋਲ਼ੇਪਨ ਨਾਲ ਕਿਹਾ ਹੈ: "ਪਹਿਲਾਂ ਗ਼ਰੀਬ ਇਤਨੀ **ਜ਼ਿਆਦਾ** ਉਜਰਤ ਮੰਗਦੇ ਸਨ ਕਿ ਸਨਅਤ ਤੇ ਧਨ ਲਈ ਖਤਰਾ ਪੈਦਾ ਹੋ ਜਾਂਦਾ ਸੀ। ਹੁਣ ਉਹਨਾਂ ਦੀਆਂ ਉਜਰਤਾਂ ਇੰਨੀਆਂ ਘੱਟ ਹੋ ਗਈਆਂ ਹਨ ਕਿ ਸਨਅਤ ਅਤੇ ਧਨ ਨੂੰ ਓਨਾ ਹੀ, ਅਤੇ ਸ਼ਾਇਦ ਉਸ ਤੋਂ ਜ਼ਿਆਦਾ ਖਤਰਾ ਹੈ ਪਰ ਇੱਕ ਹੋਰ ਤਰੀਕੇ ਨਾਲ਼"*।

ਪਿੰਡਾਂ ਅਤੇ ਸ਼ਹਿਰਾਂ ਲਈ ਕੰਮ ਅਨੁਸਾਰ ਅਤੇ ਸਮੇਂ ਅਨੁਸਾਰ ਉਜਰਤ ਦੀ ਦਰ ਕਾਨੂੰਨ ਦੁਆਰਾ ਮਿੱਥ ਦਿੱਤੀ ਗਈ। ਜ਼ਰਾਇਤੀ ਕਿਰਤੀਆਂ ਲਈ ਮਿਥਿਆ ਗਿਆ ਕਿ ਉਹ ਸਾਲ ਭਰ ਲਈ ਨੌਕਰ ਹੋਣ ਅਤੇ ਸ਼ਹਿਰੀ ਮਜ਼ਦੂਰ ਕਿਸੇ ਵੀ ਸਮੇਂ ਦੀ ਨੌਕਰੀ ਲਈ ਆਪਣੇ ਆਪ ਨੂੰ "ਖੁਲ੍ਹੀ ਮੰਡੀ ਵਿੱਚ" ਪੇਸ਼ ਕਰ ਸਕਦੇ ਸਨ। ਕਾਨੂੰਨ ਦੁਆਰਾ ਮਿਥੀਆਂ ਉਜਰਤਾਂ ਤੋਂ ਵਧੇਰੇ ਉਜਰਤਾਂ ਦੇਣ ਦੀ ਮਨਾਹੀ ਕੀਤੀ ਗਈ ਅਤੇ ਅਜਿਹੇ ਅਪਰਾਧ ਲਈ ਕੈਦ ਦੀ ਸਜ਼ਾ ਰੱਖੀ ਗਈ, ਪਰ ਬਹੁਤੀ ਉਜਰਤ ਦੇਣ ਵਾਲੇ ਦੇ ਮੁਕਾਬਲੇ ਬਹੁਤੀ ਉਜਰਤ ਲੈਣ ਵਾਲੇ ਨੂੰ ਵਧੇਰੇ ਸਖ਼ਤ ਸਜ਼ਾ ਦਿੱਤੀ ਜਾਣ ਦਾ ਹੁਕਮ ਸੀ। (ਇਸੇ ਤਰ੍ਹਾਂ ਅਲਿਜ਼ਬੈਥ ਦੇ ਜ਼ਮਾਨੇ ਸਿੱਖਿਆਰਥੀ - ਮਜ਼ਦੂਰਾਂ ਲਈ ਬਣੇ ਕਾਨੂੰਨ ਦੀ ਧਾਰਾ 18 ਅਤੇ 19 ਵਿੱਚ ਮਿੱਥੀ ਹੋਈ ਦਰ ਤੋਂ ਜ਼ਿਆਦਾ ਉਜਰਤ ਦੇਣ ਵਾਲੇ ਲਈ ਦਸ ਦਿਨਾਂ ਦੀ ਕੈਦ ਦਾ ਹੁਕਮ ਹੈ ਅਤੇ ਜ਼ਿਆਦਾ ਉਜਰਤ ਲੈਣ ਵਾਲੇ ਲਈ 20 ਦਿਨ ਦੀ ਕੈਦ ਦਾ) 1360 ਦੇ ਕਾਨੂੰਨ ਨੇ ਸਜ਼ਾਵਾਂ ਵਿੱਚ ਵਾਧਾ ਕਰ ਦਿੱਤਾ ਅਤੇ ਮਾਲਕਾਂ ਨੂੰ ਇਹ ਅਧਿਕਾਰ ਦੇ ਦਿੱਤਾ ਕਿ ਉਹ ਮਾਰ-ਕੁਟਾਈ ਦੀ ਸਜ਼ਾ ਦੇ ਕੇ ਵੀ ਉਜਰਤਾਂ ਦੀ ਕਾਨੂੰਨੀ ਦਰ ਉਤੇ ਮਜ਼ਦੂਰੀ ਕਰਵਾ ਸਕਦੇ ਹਨ। ਸਾਰੇ ਜੁੱਟ, ਇਕਰਾਰ ਅਤੇ ਕਸਮਾਂ, ਆਦਿ, ਜਿਨ੍ਹਾਂ ਦੁਆਰਾ ਰਾਜਾਂ ਅਤੇ ਤਰਖਾਣਾਂ ਨੇ ਆਪਣੇ ਆਪ ਨੂੰ ਪਰਸਪਰ ਤੌਰ 'ਤੇ ਜੋੜਿਆ ਹੋਇਆ ਸੀ, ਗੈਰ-ਕਾਨੂੰਨੀ ਘੋਸ਼ਤ ਕਰ ਦਿੱਤੇ ਗਏ। 14ਵੀਂ ਸਦੀ ਤੋਂ ਲੈ ਕੇ 1825 ਤੱਕ ਜਿਸ ਸਾਲ ਟਰੇਡ ਯੂਨੀਅਨਾਂ ਵਿਰੋਧੀ ਕਾਨੂੰਨ ਮਨਸੂਖ ਕੀਤੇ ਗਏ, ਕਿਰਤੀਆਂ ਦਾ ਇਕ ਸੰਗਠਨ ਵਿੱਚ ਜੁੜਨਾ ਭਿਆਨਕ ਜੁਰਮ ਸਮਝਿਆ ਜਾਂਦਾ ਸੀ। 1349 ਦੇ ਕਿਰਤੀਆਂ ਦੇ ਕਾਨੂੰਨ ਅਤੇ ਇਸ ਵਿੱਚੋਂ ਫੁਟਦੀਆਂ ਸ਼ਾਖਾਵਾਂ ਦੀ ਭਾਵਨਾ ਇਸ ਤੱਥ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਰਾਜ ਅਧਿਕਤਮ ਉਜਰਤਾਂ ਤਾਂ ਨਿਸ਼ਚੇ ਹੀ ਮਿਥ ਦੇਂਦਾ ਸੀ, ਪਰ ਨਿਮਨਤਮ ਕਿਸੇ ਹਾਲਤ ਵਿੱਚ ਵੀ ਨਿਸ਼ਚਿਤ ਨਹੀਂ ਸੀ ਕਰਦਾ।

---

* [*J. B. Byles*] «Sophisms of Free Trade» By a Barrister, London, 1850, p. 206, ਉਹ ਅੱਗੋਂ ਖੁਣਸੀ ਢੰਗ ਨਾਲ਼ ਕਹਿੰਦਾ ਹੈ: "ਮਾਲਕਾਂ ਦੇ ਹਿਤ ਲਈ ਤਾਂ ਅਸੀਂ ਦਖਲ ਦੇਣ ਲਈ ਤਿਆਰ ਹੋ ਗਏ ਸਾਂ, ਹੁਣ ਕੀ ਮੁਲਾਜ਼ਮਾਂ ਲਈ ਕੁਝ ਨਹੀਂ ਕੀਤਾ ਜਾ ਸਕਦਾ ?"

16ਵੀਂ ਸਦੀ ਵਿੱਚ ਕਿਰਤੀਆਂ ਦੀ ਹਾਲਤ, ਜਿਵੇਂ ਕਿ ਅਸੀਂ ਦੇਖਦੇ ਹਾਂ, ਹੋਰ ਵੀ ਖ਼ਰਾਬ ਹੋ ਗਈ ਸੀ। ਮੁਦਰਾ ਦੀ ਸ਼ਕਲ ਵਿੱਚ ਉਜਰਤ ਵਧੀ ਪਰ ਉਸ ਨਿਸਬਤ ਨਾਲ਼ ਨਹੀਂ ਜਿਸ ਨਾਲ਼ ਮੁਦਰਾ ਦੀ ਕਦਰ-ਘਟਾਈ ਹੋਈ ਸੀ ਅਤੇ ਜਿਸ ਨਿਸਬਤ ਨਾਲ਼ ਵਸਤਾਂ ਦੀਆਂ ਕੀਮਤਾਂ ਵਧੀਆਂ ਸਨ। ਇਸ ਲਈ, ਵਾਸਤਵ ਵਿੱਚ ਤਾਂ, ਉਜਰਤਾਂ ਸਗੋਂ ਘੱਟ ਹੋਈਆਂ। ਇਸ ਦੇ ਬਾਵਜੂਦ, ਉਜਰਤਾਂ ਨੂੰ ਘੱਟ ਰਖਣ ਦੇ ਕਾਨੂੰਨ ਲਾਗੂ ਰਹੇ, ਅਤੇ ਨਾਲ਼ ਹੀ ਉਹਨਾਂ ਨੂੰ ਦਾਗਣ ਦੇ ਅਤੇ ਉਹਨਾਂ ਦੇ ਕੰਨ ਕਟਣ ਦੇ ਕਾਨੂੰਨ "ਜਿਨ੍ਹਾਂ ਨੂੰ ਕੋਈ ਨੌਕਰੀ ਦੇਣ ਲਈ ਰਾਜ਼ੀ ਨਹੀਂ ਸੀ।" ਅਲਿਜ਼ਬੈਥ ਦੇ ਰਾਜ ਦੇ ਸਿਖਾਂਦਰੂ-ਮਜ਼ਦੂਰਾਂ ਬਾਰੇ ਪਾਸ ਹੋਏ ਪੰਜਵੇਂ ਕਾਨੂੰਨ ਦੀ ਧਾਰਾ 3 ਦੁਆਰਾ ਸਥਾਨਕ ਮੈਜਿਸਟ੍ਰੇਟਾਂ ਨੂੰ ਇਹ ਤਾਕਤ ਦੇ ਦਿੱਤੀ ਗਈ ਕਿ ਉਹ ਨਿਸ਼ਚਿਤ ਉਜਰਤਾਂ ਮਿਥ ਸਕਣ ਅਤੇ ਔਸਤ ਅਤੇ ਮਾਲ ਦੀਆਂ ਕੀਮਤਾਂ ਅਨੁਸਾਰ ਉਹਨਾਂ ਵਿੱਚ ਅਦਲ-ਬਦਲ ਕਰ ਸਕਣ। ਜੇਮਸ ਪਹਿਲੇ ਨੇ ਕਿਰਤ ਬਾਰੇ ਇਹਨਾਂ ਨੇਮਾਂ ਨੂੰ ਬੁਣਿਆਂ, ਕਾਤਿਆਂ ਅਤੇ ਮਜ਼ਦੂਰਾਂ ਦੇ ਹਰ ਸੰਭਵ ਵਰਗਾਂ ਉੱਤੇ ਵੀ ਲਾਗੂ ਕਰ ਦਿੱਤਾ।* ਜਾਰਜ ਦੂਜੇ ਨੇ ਕਿਰਤੀਆਂ ਦੇ ਸੰਗਠਨ ਵਿੱਚ ਬੱਝਣ ਦੇ ਵਿਰੋਧੀ ਕਾਨੂੰਨ ਨੂੰ ਕਾਰਖਾਨੇਦਾਰਾਂ

---

* ਜੇਮਸ ਪਹਿਲੇ ਦੇ ਦੂਜੇ ਕਾਨੂੰਨ (ਕਾਂਡ 6) ਦੀ ਇੱਕ ਧਾਰਾ ਤੋਂ ਅਸੀਂ ਦੇਖਦੇ ਹਾਂ ਕਿ ਕੁਝ ਕੱਪੜੇ ਦੇ ਕਾਰਖਾਨੇਦਾਰਾਂ ਨੇ, ਖ਼ੁਦ ਸਥਾਨਕ ਮੈਜਿਸਟ੍ਰੇਟਾਂ ਦੇ ਰੂਪ ਵਿੱਚ, ਆਪਣੇ ਖਾਤਿਆਂ ਵਿੱਚ ਉਜਰਤਾਂ ਦੀ ਸਰਕਾਰੀ ਦਰ ਲਾਗੂ ਕਰ ਦਿੱਤੀ। ਜਰਮਨੀ ਵਿੱਚ, ਖਾਸ ਕਰਕੇ ਤੀਹ ਸਾਲਾਂ ਯੁੱਧ ਤੋਂ ਬਾਅਦ, ਉਜਰਤਾਂ ਨੂੰ ਵਧਣੋਂ ਰੋਕਣ ਦੇ ਕਾਨੂੰਨ ਇੱਕ ਆਮ ਗੱਲ ਸੀ। "ਉੱਜੜੇ ਹੋਏ ਇਲਾਕਿਆਂ ਵਿੱਚ ਜ਼ਮੀਨਾਂ ਦੇ ਮਾਲਕਾਂ ਨੂੰ ਨੌਕਰਾਂ ਤੇ ਕਿਰਤੀਆਂ ਦੀ ਥੁੜ ਤੋਂ ਬਹੁਤ ਤਕਲੀਫ਼ ਸੀ। ਸਭਨਾਂ ਪਿੰਡ ਵਾਲਿਆਂ ਨੂੰ ਮਨ੍ਹਾਂ ਕੀਤਾ ਗਿਆ ਸੀ ਕਿ ਉਹ ਇਕੱਲੇ ਮਰਦ ਜਾਂ ਇਕੱਲੀ ਇਸਤਰੀ ਨੂੰ ਜਗ੍ਹਾ ਨਾ ਦੇਣ; ਇਹਨਾਂ ਸਭਨਾਂ ਨੂੰ ਅਧਿਕਾਰੀਆਂ ਅੱਗੇ ਜਾ ਕੇ ਰਿਪੋਰਟ ਕਰਨੀ ਪੈਂਦੀ ਸੀ ਅਤੇ ਜੇ ਉਹ ਨੌਕਰ ਰਹਿਣ ਲਈ ਰਾਜ਼ੀ ਨਾ ਹੁੰਦੇ, ਭਾਵੇਂ ਉਹ ਪਹਿਲਾਂ ਕਿਸੇ ਹੋਰ ਥਾਂ ਕੰਮ ਹੀ ਕਿਉਂ ਨਾ ਕਰਦੇ ਹੋਣ ਜਿਵੇਂ ਕਿ ਦਿਹਾੜੀ ਉਤੇ ਕਿਸਾਨਾਂ ਲਈ ਬੀਜ ਬੀਜਣ ਦਾ ਕੰਮ, ਜਾਂ ਅਨਾਜ ਖਰੀਦਣ ਤੇ ਵੇਚਣ ਦਾ ਕੰਮ, ਤਾਂ ਉਹਨਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ। («Kaiserliche Privilegien und Sanctionen für Schlesien», I, 125) ਇੱਕ ਪੂਰੀ ਸਦੀ ਤੱਕ ਛੋਟੇ ਛੋਟੇ ਜਰਮਨ ਰਾਜਿਆਂ ਦੇ ਫ਼ਰਮਾਨਾਂ ਵਿੱਚ ਮੁੜ ਮੁੜ ਇਸ ਗੱਲ ਦਾ ਚੀਕ-ਚਿਹਾੜਾ ਸੁਣੀਂਦਾ ਹੈ ਕਿ ਬਦਮਾਸ਼ਾਂ ਅਤੇ ਬੇਅਦਬਾਂ ਦੀ ਭੀੜ ਆਪਣੀ ਕਿਸਮਤ ਉੱਤੇ ਸਬਰ ਕਰਕੇ ਨਹੀਂ ਬਹਿੰਦੀ ਅਤੇ ਕਾਨੂੰਨੀ ਉਜਰਤ ਉੱਤੇ ਸੰਤੋਖ ਨਹੀਂ ਕਰਦੀ। ਕੋਈ ਵਿਅਕਤੀਗਤ ਭੂਮੀਮਾਲਕ ਰਾਜ ਵੱਲੋਂ ਮਿਥੀਆਂ ਦਰਾਂ ਤੋਂ ਵੱਧ ਉਜਰਤ ਨਹੀਂ ਸੀ ਦੇ ਸਕਦਾ। ਅਤੇ ਇਸ ਦੇ ਬਾਵਜੂਦ ਕਈ ਵਾਰੀ ਨੌਕਰੀ ਦੀਆਂ ਸ਼ਰਤਾਂ ਜੰਗ ਤੋਂ ਪਿੱਛੋਂ ਇਤਨੀਆਂ ਚੰਗੀਆਂ ਸਨ ਕਿ ਅਗਲੇ ਸੌ ਸਾਲ ਵੀ ਅਜਿਹੀਆਂ ਸ਼ਰਤਾਂ ਉੱਤੇ ਨੌਕਰੀ ਨਹੀਂ ਸੀ ਮਿਲਦੀ। 1652 ਵਿੱਚ, ਸਿਲੀਸਿਆ ਦੇ ਖੇਤ-ਮਜ਼ਦੂਰਾਂ ਨੂੰ ਹਫ਼ਤੇ ਵਿੱਚ ਦੋ ਵਾਰੀ ਮਾਸ ਖਾਣ ਨੂੰ ਮਿਲਦਾ ਸੀ, ਜਦ ਕਿ ਸਾਡੀ ਸਦੀ ਵਿੱਚ ਹੀ, ਐਸੇ ਇਲਾਕੇ ਹਨ ਜਿਨ੍ਹਾਂ ਵਿੱਚ ਖੇਤ-ਮਜ਼ਦੂਰਾਂ ਨੂੰ ਸਾਲ ਵਿੱਚ ਮਸਾਂ ਤਿੰਨ ਵਾਰੀ ਗੋਸ਼ਤ ਮਿਲਦਾ ਹੈ। ਅਮਲੀ ਗੱਲ, ਜੰਗ ਤੋਂ ਮਗਰੋਂ ਦੀਆਂ ਉਜਰਤਾਂ ਅਗਲੀ ਸਦੀ ਦੀ ਤੁਲਨਾ ਵਿੱਚ ਜ਼ਿਆਦਾ ਸਨ।" (*G. Foreytag*) [«Neue Bilder aus dem Leben des deutschen Volkes». Leipzig, 1862, S. 35, 36]

ਉੱਤੇ ਲਾਗੂ ਕਰ ਦਿੱਤਾ।

ਜੋ ਸੱਚੇ ਅਰਥਾਂ ਵਿੱਚ ਕਾਰਖਾਨੇਦਾਰੀ ਦਾ ਯੁਗ ਹੈ, ਉਸ ਵਿੱਚ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਇਤਨੀ ਚੋਖੀ ਮਜ਼ਬੂਤ ਹੋ ਗਈ ਸੀ ਕਿ ਉਜਰਤਾਂ ਦੀ ਕਾਨੂੰਨੀ ਨੇਮਬੰਦੀ ਜਿੰਨੀ ਗੈਰ-ਜ਼ਰੂਰੀ ਹੋ ਗਈ ਸੀ ਓਨੀ ਹੀ ਅਣ-ਵਿਹਾਰਕ ਵੀ; ਪਰ ਹਾਕਮ ਜਮਾਤਾਂ ਲੋੜ ਵੇਲੇ ਪੁਰਾਣੇ ਅਸਲੇਖਾਨੇ ਦੇ ਹਥਿਆਰਾਂ ਤੋਂ ਬਗ਼ੈਰ ਰਹਿਣ ਲਈ ਰਾਜ਼ੀ ਨਹੀਂ ਸਨ। ਇਸੇ ਲਈ ਹੀ ਜਾਰਜ ਦੂਜੇ ਦੇ ਅੱਠਵੇਂ ਕਾਨੂੰਨ ਅਨੁਸਾਰ ਲੰਡਨ ਦੇ ਵਿੱਚ ਅਤੇ ਇਸ ਦੇ ਆਸ ਪਾਸ ਦਰਜ਼ੀ ਦੀ ਮਜ਼ਦੂਰਾਂ ਲਈ, ਆਮ ਸ਼ੋਕ ਦੀਆਂ ਹਾਲਤਾਂ ਤੋਂ ਛੁੱਟ, 2 ਸ਼ਲਿੰਗ 71/2 ਪਿੰਸ ਤੋਂ ਵੱਧ ਪ੍ਰਤੀ ਦਿਹਾੜੀ ਉਜਰਤ ਦੇਣ ਦੀ ਮਨਾਹੀ ਸੀ; ਫੇਰ ਜਾਰਜ ਤੀਜੇ ਦੀ ਹਕੂਮਤ ਦੇ 13ਵੇਂ ਕਾਨੂੰਨ ਦੀ ਧਾਰਾ 68 ਦੁਆਰਾ ਸਥਾਨਕ ਮੈਜਿਸਟ੍ਰੇਟਾਂ ਨੂੰ ਰੇਸ਼ਮ ਉਨਣ ਵਾਲਿਆਂ ਦੀਆਂ ਉਜਰਤਾਂ ਦੀ ਨੇਮਬੰਦੀ ਕਰਨ ਦਾ ਅਧਿਕਾਰ ਦਿੱਤਾ ਗਿਆ; ਇਸੇ ਤਰ੍ਹਾਂ, 1796 ਵਿੱਚ, ਇਹ ਨਿਰਣਾ ਕਰਨ ਲਈ ਉਚੇਰੀਆਂ ਅਦਾਲਤਾਂ ਦੇ ਦੋ ਫੈਸਲਿਆਂ ਦੀ ਲੋੜ ਪਈ, ਕਿ ਸਥਾਨਕ ਮੈਜਿਸਟ੍ਰੇਟਾਂ ਦਾ ਅਧਿਕਾਰ ਗੈਰ-ਕਾਸ਼ਤਕਾਰ ਕਿਰਤੀਆਂ ਦੀਆਂ ਉਜਰਤਾਂ ਨਿਸ਼ਚਿਤ ਕਰਨ ਉੱਤੇ ਵੀ ਲਾਗੂ ਹੁੰਦਾ ਹੈ ਜਾਂ ਨਹੀਂ; ਫੇਰ, 1799 ਵਿੱਚ ਪਾਰਲੀਮੈਂਟ ਦੁਆਰਾ ਇੱਕ ਕਾਨੂੰਨ ਪਾਸ ਕੀਤਾ ਗਿਆ ਕਿ ਸਕਾਟਲੈਂਡ ਦੇ ਖਾਣ-ਮਜ਼ਦੂਰਾਂ ਦੀਆਂ ਉਜਰਤਾਂ ਅਲਿਜ਼ਬੈਥ ਦੇ ਕਾਨੂੰਨ ਅਤੇ 1661 ਅਤੇ 1671 ਦੇ ਦੋ ਸਕਾਟ ਕਾਨੂੰਨਾਂ ਦੁਆਰਾ ਨੇਮਬੱਧ ਹੁੰਦੀਆਂ ਰਹਿਣੀਆਂ ਚਾਹੀਦੀਆਂ ਹਨ। ਪਰੰਤੂ ਇਚਰ ਨੂੰ ਹਾਲਤਾਂ ਕਿਵੇਂ ਪੂਰੀ ਤਰ੍ਹਾਂ ਬਦਲ ਗਈਆਂ ਸਨ, ਇਹ ਗੱਲ ਇੰਗਲੈਂਡ ਦੇ ਹਾਊਸ ਆਫ਼ ਕਾਮਨਸ ਵਿੱਚ ਹੋਈ ਇੱਕ ਲਾਸਾਨੀ ਘਟਨਾ ਤੋਂ ਸਿੱਧ ਹੁੰਦੀ ਹੈ। ਇਸ ਥਾਂ, ਜਿੱਥੇ 400 ਸਾਲ ਤੋਂ ਵਧੇਰੇ ਅਰਸੇ ਤੋਂ ਅਧਿਕਤਮ ਉਜਰਤਾਂ ਲਈ ਹੀ ਕਾਨੂੰਨ ਬਣੇ ਸਨ, ਜਿਨ੍ਹਾਂ ਤੋਂ ਉੱਪਰ ਉਜਰਤਾਂ ਉੱਕਾ ਹੀ ਨਹੀਂ ਜਾ ਸਕਦੀਆਂ ਸਨ, 1796 ਵਿੱਚ ਵਾਈਟਬ੍ਰੈਡ ਨੇ ਜ਼ਰਾਇਤੀ ਕਿਰਤੀਆਂ ਲਈ ਕਾਨੂੰਨੀ ਰੂਪ ਵਿੱਚ ਨਿਮਨਤਮ ਉਜਰਤ ਦਾ ਸੁਝਾਓ ਰੱਖਿਆ। ਪਿੱਟ ਨੇ ਇਸ ਦਾ ਵਿਰੋਧ ਕੀਤਾ, ਪਰ ਮੰਨਿਆ ਕਿ "ਗ਼ਰੀਬਾਂ ਦੀ ਹਾਲਤ ਬਹੁਤ ਮੰਦੀ (cruel) ਹੈ।" ਅਖੀਰ, 1813 ਵਿੱਚ, ਉਜਰਤਾਂ ਦੀ ਨੇਮਬੰਦੀ ਦੇ ਕਾਨੂੰਨ ਮਨਸੂਖ ਹੋਏ। ਇਹਨਾਂ ਵਿੱਚ ਇੱਕ ਬੇਥਵ੍ਹੀ ਅਸੰਗਤੀ ਸੀ, ਕਿਉਂਕਿ ਪੂੰਜੀਪਤੀ ਆਪਣੇ ਨਿੱਜੀ ਕਾਨੂੰਨ ਦੁਆਰਾ ਆਪਣੀ ਫੈਕਟਰੀ ਵਿੱਚ ਨੇਮਬੰਦੀ ਕਰ ਸਕਦਾ ਸੀ ਅਤੇ ਜ਼ਰਾਇਤੀ ਕਿਰਤੀਆਂ ਦੀ ਉਜਰਤ ਗ਼ਰੀਬਾਂ ਨੂੰ ਮਿਲਦੀ ਸਹਾਇਤਾ ਦੀ ਮੱਦਦ ਨਾਲ਼ ਲਾਜ਼ਮੀ ਨਿਮਨਤਮ ਹੱਦ ਤੱਕ ਰੱਖ ਸਕਦਾ ਸੀ। ਮਾਲਕ ਅਤੇ ਮਜ਼ਦੂਰ ਵਿਚਕਾਰ ਇਕਰਾਰ ਨਾਲ ਸਬੰਧਤ ਨੋਟਿਸ ਦੇਣ ਅਤੇ ਇਸ ਤਰ੍ਹਾਂ ਦੇ ਹੋਰ ਕੰਮਾਂ ਨਾਲ਼ ਸਬੰਧਤ ਕਿਰਤ ਕਾਨੂੰਨਾਂ ਦੀਆਂ ਧਾਰਾਵਾਂ, ਜੋ ਇਕਰਾਰ ਤੋੜਨ ਵਾਲੇ ਮਾਲਕ ਦੇ ਖਿਲਾਫ਼ ਸਿਰਫ਼ ਦੀਵਾਨੀ ਕਾਰਵਾਈ ਦੀ ਆਗਿਆ ਦੇਂਦੀਆਂ ਸਨ ਅਤੇ ਇਕਰਾਰ ਤੋੜਨ ਵਾਲੇ ਮਜ਼ਦੂਰ ਦੇ ਖਿਲਾਫ਼ ਫ਼ੌਜਦਾਰੀ ਕਾਰਵਾਈ ਦੀ ਆਗਿਆ ਦੇਂਦੀਆਂ ਸਨ, ਇਸ ਘੜੀ ਤੱਕ ਪੂਰੀ ਤਰ੍ਹਾਂ ਲਾਗੂ ਹਨ। ਟਰੇਡ ਯੂਨੀਅਨਾਂ ਵਿਰੋਧੀ ਵਹਿਸ਼ੀ ਕਾਨੂੰਨ ਘੁਰਕੀ ਦੇਂਦੇ ਪ੍ਰੋਲੇਤਾਰੀਆਂ ਤੋਂ ਡਰ ਕੇ 1825 ਵਿੱਚ ਰੱਦ ਕਰ ਦਿੱਤੇ ਗਏ ਸਨ। ਇਸ ਦੇ ਬਾਵਜੂਦ ਵੀ, ਉਹ ਅੰਸ਼ਕ ਰੂਪ

ਵਿੱਚ ਹੀ ਰੱਦ ਕੀਤੇ ਗਏ। ਪੁਰਾਣੇ ਕਾਨੂੰਨ ਦੇ ਕੁਝ ਖ਼ੂਬਸੂਰਤ ਅੰਸ਼ 1859 ਵਿੱਚ ਜਾ ਕੇ ਰੱਦ ਹੋਏ। ਅਖੀਰ 29 ਜੂਨ 1871 ਦੇ ਪਾਰਲੀਮੈਂਟ ਦੇ ਇੱਕ ਐਕਟ ਦੁਆਰਾ ਟਰੇਡ ਯੂਨੀਅਨਾਂ ਨੂੰ ਕਾਨੂੰਨੀ ਮਾਨਤਾ ਦੇ ਕੇ ਇਸ ਕਿਸਮ ਦੇ ਕਾਨੂੰਨ ਦੇ ਆਖਰੀ ਨਿਸ਼ਾਨ ਮੇਟਣ ਦਾ ਦੌਰਾਂ ਰਚਿਆ ਗਿਆ। ਪਰ ਉਸੇ ਹੀ ਦਿਨ ਪਾਰਲੀਮੈਂਟ ਦੇ ਇੱਕ ਹੋਰ ਐਕਟ ਨੇ, (ਹਿੰਸਾ, ਧਮਕੀਆਂ, ਅਤੇ ਛੇੜ-ਛਾੜ ਨਾਲ਼ ਸਬੰਧਤ ਫ਼ੌਜਦਾਰੀ ਕਾਨੂੰਨ ਵਿੱਚ ਤਰਮੀਮ ਦਾ ਐਕਟ) ਅਸਲ ਵਿੱਚ, ਪਿਛਲੀ ਹੀ ਸਥਿਤੀ ਨੂੰ ਇਕ ਨਵੇਂ ਰੂਪ ਵਿੱਚ ਮੁੜ-ਸਥਾਪਤ ਕੀਤਾ। ਇਸ ਪਾਰਲੀਮੈਂਟਰੀ ਬਾਜ਼ੀਗਰੀ ਨਾਲ਼ ਉਹ ਸਾਧਨ, ਜਿਸ ਨੂੰ ਕਿਰਤੀ ਹੜਤਾਲ ਜਾਂ ਤਾਲਾਬੰਦੀ ਵਿੱਚ ਵਰਤ ਸਕਦੇ ਸਨ, ਸਾਰੇ ਨਾਗਰਿਕਾਂ ਲਈ ਸਾਂਝੇ ਕਾਨੂੰਨ ਵਿੱਚੋਂ ਹਟਾ ਦਿੱਤਾ ਗਿਆ, ਅਤੇ ਅਸਾਧਾਰਨ ਦੰਡ ਸਬੰਧੀ ਕਾਨੂੰਨ ਅਧੀਨ ਕਰ ਦਿੱਤਾ ਗਿਆ, ਜਿਸ ਕਾਨੂੰਨ ਦੀ ਵਿਆਖਿਆ ਖੁਦ ਮਾਲਕ ਹੀ ਆਪਣੀ ਸਥਾਨਕ ਮੈਜਿਸਟ੍ਰੇਟਾਂ ਦੀ ਹੈਸੀਅਤ ਵਿੱਚ ਕਰਦੇ ਸਨ। ਦੋ ਸਾਲ ਪਹਿਲਾਂ, ਇਸੇ ਹੀ ਹਾਊਸ ਆਫ਼ ਕਾਮਨਸ ਨੇ ਅਤੇ ਇਸੇ ਹੀ ਮਿਸਟਰ ਗਲੈਡਸਟਨ ਨੇ ਆਪਣੇ ਪ੍ਰਸਿੱਧ ਦੋ-ਟੁਕ ਅੰਦਾਜ਼ ਵਿੱਚ ਮਜ਼ਦੂਰ-ਜਮਾਤ ਵਿਰੁੱਧ ਸਾਰੇ ਅਸਾਧਾਰਨ ਦੰਡ ਦੇ ਕਾਨੂੰਨਾਂ ਨੂੰ ਖਤਮ ਕਰਨ ਲਈ ਇੱਕ ਬਿਲ ਪੇਸ਼ ਕੀਤਾ ਸੀ। ਪਰ ਇਸ ਨੂੰ ਦੂਜੇ ਪਾਠ ਤੋਂ ਅੱਗੇ ਕਦੇ ਨਹੀਂ ਵਧਣ ਦਿੱਤਾ ਗਿਆ, ਅਤੇ ਇਹ ਮਾਮਲਾ ਉਦੋਂ ਤੱਕ ਖੱਟੇ ਪਿਆ ਰਿਹਾ,ਜਦੋਂ ਅਖੀਰ "ਮਹਾਨ ਲਿਬਰਲ ਪਾਰਟੀ" ਟੋਰੀਆਂ ਨਾਲ਼ ਗੰਢ-ਚਤਰਾਵਾ ਕਰਕੇ, ਉਹਨਾਂ ਪ੍ਰੋਲੇਤਾਰੀਆਂ ਦੇ ਖਿਲਾਫ਼ ਪਾਸਾ ਪਰਤਣ ਦਾ ਹੀਆ ਨਾ ਕਰ ਬੈਠੀ ਜਿਨ੍ਹਾਂ ਨੇ ਉਸ ਨੂੰ ਰਾਜ-ਗੱਦੀ ਉੱਤੇ ਬਿਠਾਇਆ ਸੀ। ਇਸ ਵਿਸਾਹਘਾਤ ਤੋਂ ਸੰਤੁਸ਼ਟ ਨਾ ਹੋ ਕੇ "ਮਹਾਨ ਲਿਬਰਲ ਪਾਰਟੀ" ਨੇ ਅੰਗਰੇਜ਼ ਜੱਜਾਂ ਨੂੰ, ਜਿਹੜੇ ਸਦਾ ਹੀ ਹਾਕਮ ਜਮਾਤਾਂ ਦੀ ਖਿਦਮਤ ਵਿੱਚ ਹਾਜ਼ਰ ਰਹਿੰਦੇ ਸਨ, "ਸਾਜ਼ਸ਼"* ਵਿਰੋਧੀ ਪਹਿਲੇ ਕਾਨੂੰਨ ਨੂੰ ਪੁਟ ਕੱਢਣ ਅਤੇ ਇਹਨਾਂ ਨੂੰ ਮਜ਼ਦੂਰਾਂ ਦੇ ਸੰਗਠਨਾਂ ਦੇ ਖਿਲਾਫ਼ ਵਰਤੋਂ ਵਿਚ ਲਿਆਉਣ ਦੀ ਆਗਿਆ ਦੇ ਦਿੱਤੀ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਇੰਗਲੈਂਡ ਦੀ ਪਾਰਲੀਮੈਂਟ ਨੇ ਖੁਦ 500 ਸਾਲਾਂ ਤੱਕ, ਬੇਸ਼ਰਮ ਹਉਮੈਵਾਦ ਨਾਲ਼, ਕਿਰਤੀਆਂ ਦੇ ਖਿਲਾਫ਼ ਪੂੰਜੀਪਤੀਆਂ ਦੀ ਇੱਕ ਸਥਾਈ ਟਰੇਡ ਯੂਨੀਅਨ ਦੀ ਪੁਜ਼ੀਸ਼ਨ ਵਿਚ ਰਹਿ ਕੇ, ਕੇਵਲ ਆਪਣੀ ਇੱਛਾ ਦੇ ਵਿਰੁੱਧ ਅਤੇ ਜਨਤਾ ਦੇ ਦਬਾਓ ਹੇਠ ਹੜਤਾਲਾਂ ਅਤੇ ਟਰੇਡ ਯੂਨੀਅਨਾਂ** ਦੇ ਵਿਰੋਧੀ ਕਾਨੂੰਨ ਰੱਦ ਕੀਤੇ।

---

* ਇੰਗਲੈਂਡ ਵਿੱਚ "**ਸਾਜਸ਼ ਵਿਰੋਧੀ ਕਾਨੂੰਨ**" ਮੱਧ ਕਾਲ ਤੋਂ ਹੀ ਮੌਜੂਦ ਸੀ। ਇਹ "ਕਿਸੇ ਵੀ ਸਾਜ਼ਸ਼ੀ ਕਾਰਵਾਈ ਦੀ ਭਾਵੇਂ ਉਸ ਦਾ ਕਾਨੂੰਨੀ ਅਧਾਰ ਵੀ ਹੁੰਦਾ" ਮਨਾਹੀ ਕਰਦਾ ਸੀ। ਇਸ ਕਾਨੂੰਨ ਦੇ ਆਧਾਰ ਉੱਤੇ, ਸੰਗਠਨ ਸਬੰਧੀ ਕਾਨੂੰਨਾਂ ਦੇ ਪਾਸ ਕਰਨ ਤੋਂ ਪਹਿਲਾਂ ਵੀ (ਅਗਲਾ ਨੋਟ ਦੇਖੋ) ਅਤੇ ਉਹਨਾਂ ਦੇ ਮਨਸੂਖ ਹੋਣ ਤੋਂ ਮਗਰੋਂ ਵੀ ਮਜ਼ਦੂਰਾਂ ਦੇ ਸੰਗਠਨ ਅਤੇ ਉਦਯੋਗਪਤੀਆਂ ਵਿਰੁੱਧ ਉਹਨਾਂ ਦੇ ਸੰਘਰਸ਼ ਨੂੰ ਕੁਚਲ ਦਿੱਤਾ ਜਾਂਦਾ ਸੀ। -**ਸੰਪਾ**.

** ਸੰਗਠਨਾਂ ਵਿਰੋਧੀ ਕਾਨੂੰਨਾਂ ਵੱਲ ਸੰਕੇਤ ਹੈ ਜਿਹੜੇ ਇੰਗਲੈਂਡ ਦੀ ਪਾਰਲੀਮੈਂਟ ਵੱਲੋਂ 1799 ਅਤੇ 1800 ਵਿੱਚ ਪਾਸ ਕੀਤੇ ਗਏ ਅਤੇ ਜਿਨ੍ਹਾਂ ਦੁਆਰਾ ਹਰ ਪ੍ਰਕਾਰ ਦੀਆਂ ਮਜ਼ਦੂਰ ⇨

ਇਨਕਲਾਬ ਦੀ ਪਹਿਲੀ ਹਨ੍ਹੇਰੀ ਚੜ੍ਹਨ ਦੇ ਸਮੇਂ ਹੀ, ਫ਼ਰਾਂਸ ਦੀ ਬੁਰਜੂਆਜ਼ੀ ਨੇ ਮਜ਼ਦੂਰਾਂ ਤੋਂ ਸੰਗਠਨ ਦਾ ਥੋੜ੍ਹਾ ਹੀ ਚਿਰ ਪਹਿਲਾਂ ਮਿਲਿਆ ਅਧਿਕਾਰ ਖੋਹ ਲਿਆ। 14 ਜੂਨ, 1791 ਦੇ ਫ਼ਰਮਾਨ ਦੁਆਰਾ, ਉਸ ਨੇ ਮਜ਼ਦੂਰਾਂ ਦੇ ਕੁੱਲ ਸੰਗਠਨਾਂ ਨੂੰ "ਆਜ਼ਾਦੀ ਅਤੇ ਮਨੁੱਖ ਦੇ ਹੱਕਾਂ ਦੇ ਐਲਾਨਨਾਮੇ ਵਿਰੁੱਧ ਇੱਕ ਯਤਨ" ਘੋਸ਼ਤ ਕਰ ਦਿੱਤਾ ਜਿਸ ਦੀ ਸਜ਼ਾ 500 ਲਿਵਰ ਜੁਰਮਾਨਾ ਅਤੇ ਨਾਲ਼ ਹੀ ਇੱਕ ਸਾਲ ਲਈ ਸਰਗਰਮ ਨਾਗਰਿਕ ਦੇ ਅਧਿਕਾਰ ਖੋਹ ਲੈਣਾ ਐਲਾਨੀ ਗਈ।*

ਇਹ ਕਾਨੂੰਨ ਜਿਸ ਨੇ ਰਾਜ ਦੀ ਸ਼ਕਤੀ ਵਰਤਦੇ, ਪੂੰਜੀ ਅਤੇ ਕਿਰਤ ਵਿਚਕਾਰ ਸੰਗਰਾਮ ਨੂੰ ਐਸੀਆਂ ਸੀਮਾਵਾਂ ਵਿੱਚ ਰੱਖਿਆ ਜਿਹੜੀਆਂ ਪੂੰਜੀ ਲਈ ਸੁਖਦਾਈ ਸਨ, ਇਨਕਲਾਬਾਂ ਅਤੇ ਰਾਜ-ਵੰਸਾਂ ਦੀਆਂ ਤਬਦੀਲੀਆਂ ਤੋਂ ਬਚਿਆ ਰਿਹਾ ਹੈ। ਇਥੋਂ ਤੱਕ ਕਿ "ਦਹਿਸ਼ਤ ਦੇ ਰਾਜ" ਨੇ ਵੀ ਇਸ ਨੂੰ ਹੱਥ ਨਾ ਲਾਇਆ। ਇਸ ਨੂੰ ਫੌਜਦਾਰੀ ਕਾਨੂੰਨ (Code Pénal) ਵਿੱਚੋਂ ਹਾਲ ਵਿੱਚ ਹੀ ਕੱਢਿਆ ਗਿਆ ਹੈ। ਇਸ ਬੁਰਜੂਆ ਰਾਜ-ਪਲਟੇ ਲਈ ਬਹਾਨੇ ਨਾਲੋਂ ਵਧੇਰੇ ਕੋਈ ਲਖਣਾਇਕ ਚੀਜ਼ ਨਹੀਂ। ਇਸ ਕਾਨੂੰਨ ਬਾਰੇ ਚੋਣਵੀਂ ਕਮੇਟੀ ਦੀ ਰਿਪੋਰਟ ਪੇਸ਼ ਕਰਨ ਵਾਲੇ, ਚੈਪੇਲੀਅਰ ਨੇ ਕਿਹਾ ਹੈ, "ਇਹ ਮੰਨਦਿਆਂ, ਕਿ ਉਜਰਤਾਂ ਜਿੰਨੀਆਂ ਇਸ ਵੇਲੇ ਹਨ ਉਸ ਨਾਲੋਂ ਵਧੇਰੇ ਹੋਣੀਆਂ ਚਾਹੀਦੀਆਂ ਹਨ... ਅਤੇ ਕਿ ਇਹ ਉਹਨਾਂ ਲਈ ਕਾਫ਼ੀ ਹੋਣੀਆਂ ਚਾਹੀਦੀਆਂ ਹਨ ਜਿਹੜੇ ਇਹਨਾਂ ਨੂੰ ਪ੍ਰਾਪਤ ਕਰਦੇ

---

☞ ਜਥੇਬੰਦੀਆਂ ਕਾਇਮ ਕਰਨ ਅਤੇ ਉਹਨਾਂ ਦੀ ਸਰਗਰਮੀ ਉੱਤੇ ਪਾਬੰਦੀ ਲਾਈ ਗਈ ਸੀ। 1824 ਵਿੱਚ ਪਾਰਲੀਮੈਂਟ ਨੇ ਇਹ ਕਾਨੂੰਨ ਰੱਦ ਕਰ ਦਿੱਤੇ, ਅਤੇ ਅਗਲੇ ਸਾਲ ਇਸ ਮਨਸੂਖੀ ਦੀ ਮੁੜ-ਪੁਸ਼ਟੀ ਕੀਤੀ ਗਈ। ਇਸ ਦੇ ਬਾਵਜੂਦ ਅਧਿਕਾਰੀਆਂ ਨੇ ਮਜ਼ਦੂਰਾਂ ਦੀਆਂ ਯੂਨੀਅਨਾਂ ਦੀ ਸਰਗਰਮੀ ਨੂੰ ਸੀਮਾਬੱਧ ਕਰਨ ਲਈ ਪੂਰੀ ਵਾਹ ਲਾਈ। ਮਿਸਾਲ ਲਈ, ਮਹਿਜ਼ ਮਜ਼ਦੂਰਾਂ ਦੀ ਯੂਨੀਅਨ ਵਿੱਚ ਸ਼ਾਮਲ ਹੋਣ ਦੇ ਅੰਦੋਲਨ ਨੂੰ ਜਾਂ ਹੜਤਾਲ ਵਿੱਚ ਹਿਸਾ ਲੈਣ ਨੂੰ "ਦਮਨ" ਅਤੇ "ਹਿੰਸਾ" ਸਮਝਿਆ ਜਾਂਦਾ ਸੀ ਅਤੇ ਫੌਜਦਾਰੀ ਜੁਰਮ ਜਾਣਕੇ ਇਸ ਦੀ ਸਜ਼ਾ ਦਿੱਤੀ ਜਾਂਦੀ ਸੀ। **-ਸੰਪਾ.**

* ਇਸ ਕਾਨੂੰਨ ਦੀ ਪਹਿਲੀ ਧਾਰਾ ਇਸ ਤਰ੍ਹਾਂ ਹੈ: "ਸਮਾਨ ਸਮਾਜਿਕ ਪੱਧਰ ਅਤੇ ਪੇਸ਼ੇ ਦੇ ਲੋਕਾਂ ਦੀਆਂ ਹਰ ਪ੍ਰਕਾਰ ਦੀਆਂ ਜਥੇਬੰਦੀਆਂ ਖਤਮ ਕਰਨਾ ਕਿਉਂਕਿ ਫ਼ਰਾਂਸੀਸੀ ਵਿਧਾਨ ਦਾ ਆਧਾਰ ਹੈ, ਇਸ ਲਈ ਅਜਿਹੇ ਸੰਗਠਨਾਂ ਨੂੰ ਕਿਸੇ ਵੀ ਬਹਾਨੇ ਅਤੇ ਕਿਸੇ ਵੀ ਰੂਪ ਵਿੱਚ ਮੁੜ-ਸਥਾਪਤ ਕਰਨ ਉੱਤੇ ਪਾਬੰਦੀ ਲਾਈ ਜਾਂਦੀ ਹੈ"। ਧਾਰਾ ਚਾਰ ਵਿੱਚ ਐਲਾਨ ਕੀਤਾ ਗਿਆ ਹੈ ਕਿ ਜੇ "ਸਮਾਨ ਧੰਦਿਆਂ, ਕਲਾਵਾਂ ਜਾਂ ਕਿੱਤਿਆਂ ਵਿੱਚ ਲੱਗੇ ਨਾਗਰਿਕ ਆਪਣੇ ਆਪਣੇ ਉਦਯੋਗ ਅਤੇ ਆਪਣੀ ਕਿਰਤ ਦੇ ਰੂਪ ਵਿੱਚ ਸਹਾਇਤਾ ਦੇਣੋਂ ਇਨਕਾਰ ਕਰਨ ਦੇ ਮਨੋਰਥ ਲਈ ਜਾਂ ਸਿਰਫ਼ ਇੱਕ ਨਿਸ਼ਚਿਤ ਕੀਮਤ ਉੱਤੇ ਵੇਚਣ ਦੇ ਮਨੋਰਥ ਲਈ ਆਪਸੀ ਸਲਾਹ-ਮਸ਼ਵਰਾ ਜਾਂ ਸਮਝੌਤਾ ਕਰਨਗੇ, ਤਾਂ ਇਸ ਪ੍ਰਕਾਰ ਦੇ ਹਰ ਸਲਾਹ-ਮਸ਼ਵਰੇ ਅਤੇ ਸਮਝੌਤੇ ਨੂੰ.... ਅਵਿਧਾਨਕ ਘੋਸ਼ਤ ਕਰ ਦਿੱਤਾ ਜਾਏਗਾ ਅਤੇ ਉਸ ਨੂੰ ਆਜ਼ਾਦੀ ਅਤੇ ਮਨੁੱਖ ਦੇ ਅਧਿਕਾਰਾਂ ਦੇ ਐਲਾਨਨਾਮੇ ਉੱਤੇ ਹਮਲਾ ਸਮਝਿਆ ਜਾਏਗਾ, ਆਦਿ")। ਇਸ ਲਈ, ਇਹ ਵੀ ਪੁਰਾਣੇ ਕਿਰਤ ਕਾਨੂੰਨਾਂ ਵਾਂਗ ਇੱਕ ਘੋਰ ਅਪਰਾਧ ਸੀ। («Révolutions de Paris». Paris, 1791, III, p. 523)

ਹਨ, ਤਾਂ ਜੋ ਉਹ ਜੀਵਨ ਦੀਆਂ ਅਵੱਸ਼ਕਤਾਵਾਂ ਦੀ ਥੁੜ ਕਾਰਨ ਪੈਦਾ ਹੁੰਦੀ ਪੂਰਨ ਅਧੀਨਗੀ ਦੀ ਸਥਿਤੀ ਤੋਂ ਮੁਕਤ ਹੋ ਜਾਣ, ਜੋ ਕਿ ਲਗਭਗ ਗ਼ੁਲਾਮੀ ਦੇ ਸਮਾਨ ਹੀ ਹੁੰਦੀ ਹੈ" – ਤਦ ਵੀ ਕਾਮਿਆਂ ਨੂੰ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਕਿ ਉਹ ਆਪਣੇ ਹਿੱਤਾਂ ਬਾਰੇ ਕਿਸੇ ਸਮਝਦਾਰੀ ਨੂੰ ਪਹੁੰਚ ਜਾਣ ਜਾਂ ਕੋਈ ਸਾਂਝਾ ਅਮਲ ਕਰਨ ਅਤੇ ਇਸ ਪ੍ਰਕਾਰ ਆਪਣੀ "ਪੂਰਨ ਅਧੀਨਗੀ" ਨੂੰ ਘੱਟ ਕਰਨ "ਜਿਹੜੀ ਲਗਭਗ ਗ਼ੁਲਾਮੀ ਹੀ ਹੁੰਦੀ ਹੈ;" ਕਿਉਂਕਿ ਇਸ ਤਰ੍ਹਾਂ ਕਰਕੇ ਮਜ਼ਦੂਰ "ਆਪਣੇ ਪੁਰਾਣੇ ਮਾਲਕਾਂ ਅਤੇ ਵਰਤਮਾਨ ਉਦਯੋਗਪਤੀਆਂ ਦੀ ਸੁਤੰਤਰਤਾ" ਨੂੰ ਹਾਨੀ ਪਹੁੰਚਾਣਗੇ, ਅਤੇ ਕਿਉਂਕਿ ਕਾਰਪੋਰੇਸ਼ਨਾਂ ਦੇ ਪੁਰਾਣੇ ਮਾਲਕਾਂ ਦੀ ਧੱਕੜਸ਼ਾਹੀ ਦੇ ਖਿਲਾਫ਼ ਇੱਕ ਸੰਗਠਨ – ਦੱਸੋ ਭਲਾ ਇਹ ਕੀ ਹੈ! – ਉਹਨਾਂ ਕਾਰਪੋਰੇਸ਼ਨਾਂ ਦੀ ਬਹਾਲੀ ਹੈ ਜਿਹੜੀਆਂ ਫ਼ਰਾਂਸ ਦੇ ਸੰਵਿਧਾਨ ਨੇ ਖਤਮ ਕਰ ਦਿੱਤੀਆਂ ਸਨ।*

* Buchez et Roux «Histoire Parlementaire» t. X, p. 193 - 195, passim.

## ਪੂੰਜੀਵਾਦੀ ਕਾਸ਼ਤਕਾਰ ਦੀ ਉਤਪਤੀ

ਹੁਣ ਜਦੋਂ ਕਿ ਅਸੀਂ ਕਾਨੂੰਨੋਂ ਛੇਕੇ ਪ੍ਰੋਲੇਤਾਰੀ ਵਰਗ ਦੀ ਜ਼ਬਰਦਸਤੀ ਸਿਰਜਣਾ ਬਾਰੇ, ਇਹਨਾਂ ਨੂੰ ਉਜਰਤੀ-ਮਜ਼ਦੂਰ ਬਣਾ ਦੇਣ ਵਾਲੇ ਬਰਬਰੀ ਬੰਧੇਜ ਬਾਰੇ, ਕਿਰਤ ਦੀ ਲੁੱਟ-ਖਸੁੱਟ ਦੀ ਮਾਤਰਾ ਵਿੱਚ ਵਾਧਾ ਕਰਕੇ ਪੂੰਜੀ ਦੇ ਇਕੱਤਰੀਕਰਨ ਨੂੰ ਤੇਜ਼ ਕਰਨ ਲਈ ਪੁਲਸ ਦੀ ਵਰਤੋਂ ਕਰਨ ਵਾਲੇ ਰਾਜ ਦੀ ਨਿਰਲੱਜ ਕਾਰਵਾਈ ਬਾਰੇ ਵਿਚਾਰ ਕਰ ਚੁੱਕੇ ਹਾਂ, ਤਾਂ ਇਹ ਸਵਾਲ ਬਾਕੀ ਰਹਿ ਜਾਂਦਾ ਹੈ ਕਿ ਸ਼ੁਰੂ ਵਿੱਚ ਪੂੰਜੀਪਤੀਆਂ ਦਾ ਜਨਮ ਕਿਵੇਂ ਹੋਇਆ ? ਕਾਰਨ ਇਹ ਕਿ ਜ਼ਰਾਇਤੀ ਵਸੋਂ ਦੀ ਬੇਦਖਲੀ ਨਾਲ ਸਿੱਧੇ ਤੌਰ 'ਤੇ ਵੱਡੇ ਭੂਮੀ ਮਾਲਕਾਂ ਦਾ ਹੀ ਜਨਮ ਹੁੰਦਾ ਹੈ। ਪਰੰਤੂ, ਜਿੱਥੋਂ ਤੱਕ ਕਾਸ਼ਤਕਾਰ ਦੀ ਉਤਪਤੀ ਦਾ ਸਬੰਧ ਹੈ, ਅਸੀਂ ਉਸ ਦਾ ਭੇਦ ਵੀ ਲੱਭ ਸਕਦੇ ਹਾਂ ਕਿਉਂਕਿ ਇਹ ਇੱਕ ਸੁਸਤ-ਰਫਤਾਰ ਅਮਲ ਹੈ ਜਿਸ ਨੂੰ ਕਈ ਸਦੀਆਂ ਲਗ ਗਈਆਂ ਸਨ। ਭੂਮੀ-ਗ਼ੁਲਾਮਾਂ ਕੋਲ ਵੀ, ਸੁਤੰਤਰ ਛੋਟੇ ਛੋਟੇ ਮਾਲਕਾਂ ਵਾਂਗ, ਬਹੁਤ ਹੀ ਵੱਖ ਵੱਖ ਤਰ੍ਹਾਂ ਦੀਆਂ ਸ਼ਰਤਾਂ ਅਧੀਨ ਜ਼ਮੀਨ ਸੀ, ਅਤੇ ਇਸ ਲਈ ਉਹ ਬਹੁਤ ਹੀ ਭਿੰਨ ਭਿੰਨ ਆਰਥਕ ਹਾਲਤਾਂ ਵਿੱਚ ਮੁਕਤ ਹੋਏ।

ਇੰਗਲੈਂਡ ਵਿੱਚ ਕਾਸ਼ਤਕਾਰ ਦਾ ਪਹਿਲਾ ਰੂਪ bailiff (ਕਰਿੰਦੇ) ਦਾ ਸੀ ਜਿਹੜਾ ਆਪ ਇੱਕ ਭੂਮੀ-ਗ਼ੁਲਾਮ ਸੀ। ਇਸ ਦੀ ਪੁਜ਼ੀਸ਼ਨ ਪੁਰਾਣੇ ਰੋਮ ਦੇ villicus ਵਰਗੀ ਸੀ, ਕੇਵਲ ਉਸ ਦੇ ਅਮਲ ਦਾ ਖੇਤਰ ਵਧੇਰੇ ਸੀਮਤ ਸੀ। 14ਵੀਂ ਸਦੀ ਦੇ ਦੂਜੇ ਅੱਧ ਵਿੱਚ ਉਸ ਦੀ ਥਾਂ ਇੱਕ ਐਸੇ ਕਾਸ਼ਤਕਾਰ ਨੇ ਲੈ ਲਈ ਜਿਸ ਨੂੰ ਬਿਸਵੇਦਾਰ ਬੀਜ, ਮਾਲ ਡੰਗਰ ਅਤੇ ਸੰਦ-ਔਜ਼ਾਰ ਮੁਹੱਈਆ ਕਰਦਾ ਸੀ। ਉਸ ਦੀ ਹਾਲਤ ਕਿਸਾਨ ਦੀ ਹਾਲਤ ਨਾਲੋਂ ਬਹੁਤੀ ਵੱਖਰੀ ਨਹੀਂ ਸੀ। ਸਿਰਫ਼ ਉਹ ਉਜਰਤੀ-ਕਿਰਤ ਦੀ ਵਧੇਰੇ ਲੁੱਟ-ਖਸੁੱਟ ਕਰਦਾ ਹੈ। ਛੇਤੀ ਹੀ ਮਗਰੋਂ ਉਹ «métayer» – ਹਿੱਸੇ ਵੱਟੇ ਤੇ ਖੇਤੀ ਕਰਨ ਵਾਲਾ – ਬਣ ਗਿਆ ਜੋ ਇੱਕ ਤਰ੍ਹਾਂ ਨਾਲ਼ ਅੱਧਾ ਕਾਸ਼ਤਕਾਰ ਹੁੰਦਾ ਹੈ। ਜ਼ਰਾਇਤੀ ਪੂੰਜੀ ਦਾ ਇੱਕ ਹਿੱਸਾ ਉਹ ਆਪ ਲਾਉਂਦਾ ਹੈ ਅਤੇ ਇੱਕ ਹਿੱਸਾ ਬਿਸਵੇਦਾਰ। ਦੋਵੇਂ ਹੀ ਕੀਤੇ ਗਏ ਇਕਰਾਰ ਦੁਆਰਾ ਮਿਥੀ ਨਿਸਬਤ ਨਾਲ਼ ਕੁੱਲ ਪੈਦਾਵਾਰ ਵੰਡ ਲੈਂਦੇ ਹਨ। ਇੰਗਲੈਂਡ ਵਿੱਚ ਇਹ ਰੂਪ ਛੇਤੀ ਹੀ ਲੋਪ ਹੋ ਜਾਂਦਾ ਹੈ, ਅਤੇ ਇਸ ਦੀ ਥਾਂ ਵਾਸਤਵਕ ਕਾਸ਼ਤਕਾਰ ਲੈ ਲੈਂਦਾ ਹੈ ਜਿਹੜਾ ਉਜਰਤੀ ਮਜ਼ਦੂਰਾਂ ਨੂੰ ਨੌਕਰ ਰੱਖ ਕੇ ਆਪਣੀ ਪੂੰਜੀ ਦਾ ਵਿਸਥਾਰ ਕਰਦਾ ਹੈ, ਅਤੇ ਵਾਧੂ-ਉਪਜ ਦਾ ਇੱਕ ਹਿੱਸਾ, ਨਕਦੀ ਜਾਂ ਜਿਣਸ ਦੀ ਸ਼ਕਲ ਵਿੱਚ, ਬਿਸਵੇਦਾਰ ਨੂੰ ਲਗਾਨ ਵਜੋਂ ਅਦਾ ਕਰਦਾ ਹੈ।

15ਵੀਂ ਸਦੀ ਦੇ ਦੌਰਾਨ, ਜਿੰਨਾਂ ਚਿਰ ਸਵੈਧੀਨ ਕਿਸਾਨ ਅਤੇ ਕੁਝ ਉਜਰਤ ਬਦਲੇ ਅਤੇ ਕੁਝ ਆਪਣੇ ਲਈ ਕੰਮ ਕਰਦਾ ਖੇਤ-ਮਜ਼ਦੂਰ ਆਪਣੀ ਹੀ ਕਿਰਤ ਦੁਆਰਾ ਆਪਣੇ ਆਪ ਨੂੰ ਅਮੀਰ ਬਣਾਉਂਦੇ ਰਹੇ, ਉਦੋਂ ਤੱਕ ਕਾਸ਼ਤਕਾਰ ਦੀ ਹਾਲਤ, ਅਤੇ ਉਸ ਦੇ

ਉਤਪਾਦਨ ਦਾ ਖੇਤਰ, ਇਕੋ ਜਿੰਨੇ ਹੀ ਦਰਮਿਆਨੇ ਦਰਜੇ ਦੇ ਰਹੇ। 15ਵੀਂ ਸਦੀ ਦੀ ਆਖਰੀ ਤਿਹਾਈ ਵਿੱਚ ਸ਼ੁਰੂ ਹੋਏ ਜ਼ਰਾਇਤੀ ਇਨਕਲਾਬ ਨੇ, ਜਿਹੜਾ ਲਗਭਗ ਪੂਰੀ 16ਵੀਂ ਸਦੀ ਵਿੱਚ ਜਾਰੀ ਰਿਹਾ (ਪਰੰਤੂ, ਇਸ ਦੇ ਆਖਰੀ ਦਹਾਕੇ ਤੋਂ ਛੁੱਟ), ਉਸ ਨੂੰ ਉਤਨੀ ਹੀ ਤੇਜ਼ੀ ਨਾਲ਼ ਅਮੀਰ ਬਣਾਇਆ ਜਿਤਨੀ ਤੇਜ਼ੀ ਨਾਲ਼ ਇਸ ਨੇ ਜ਼ਰਾਇਤੀ ਜਨਤਾ ਨੂੰ ਗਰੀਬ ਬਣਾਇਆ।* ਸਾਂਝੀਆਂ ਜ਼ਮੀਨਾਂ ਦੀ ਖੋਹਾ-ਮੋਹੀ ਨੇ ਉਸ ਨੂੰ ਇੱਕ ਧੇਲਾ ਖਰਚੇ ਬਿਨਾਂ ਹੀ ਆਪਣੇ ਪਸ਼ੂਆਂ ਦੀ ਗਿਣਤੀ ਵਿੱਚ ਢੇਰ ਵਾਧਾ ਕਰਨ ਵਿੱਚ ਮੱਦਦ ਦਿੱਤੀ, ਅਤੇ ਪਸ਼ੂਆਂ ਦੀ ਇਸ ਵਧੀ ਗਿਣਤੀ ਤੋਂ ਉਸ ਨੂੰ ਆਪਣੀ ਜ਼ਮੀਨ ਉਤੇ ਖੇਤੀ ਕਰਨ ਲਈ ਵਧੇਰੇ ਖਾਦ ਪ੍ਰਾਪਤ ਹੋਣ ਲੱਗੀ।

16ਵੀਂ ਸਦੀ ਵਿੱਚ ਇਸ ਦੇ ਨਾਲ਼ ਹੀ ਇੱਕ ਹੋਰ ਮਹੱਤਵਪੂਰਨ ਤੱਤ ਜੁੜ ਗਿਆ। ਉਸ ਵੇਲੇ ਫਾਰਮਾਂ ਦੇ ਠੇਕੇ ਲੰਮੇ ਸਮੇਂ ਲਈ, ਅਕਸਰ 99 ਸਾਲਾਂ ਲਈ ਹੁੰਦੇ ਸਨ। ਕੀਮਤੀ ਧਾਤਾਂ ਦੇ ਮੁੱਲ ਵਿੱਚ ਲਗਾਤਾਰ ਗਿਰਾਵਟ ਆਉਣ ਕਰਕੇ, ਅਤੇ ਇਸ ਲਈ, ਮੁਦਰਾ ਦੀ ਕਦਰ-ਘਟਾਈ ਕਾਰਨ, ਕਾਸ਼ਤਕਾਰਾਂ ਦੇ ਵਾਰੇ ਨਿਆਰੇ ਹੋ ਗਏ। ਉੱਪਰ ਵਿਚਾਰੇ ਗਏ ਸਭਨਾਂ ਹਾਲਾਤਾਂ ਤੋਂ ਇਲਾਵਾ, ਇਸ ਨਾਲ਼ ਉਜਰਤਾਂ ਘਟ ਗਈਆਂ। ਹੁਣ ਉਜਰਤਾਂ ਦਾ ਇੱਕ ਹਿੱਸਾ ਫਾਰਮ ਦੇ ਮੁਨਾਫਿਆਂ ਵਿੱਚ ਜਮ੍ਹਾਂ ਹੁੰਦਾ ਸੀ। ਅਨਾਜ, ਉੱਨ, ਗੋਸ਼ਤ, ਮੁਕਦੀ ਗੱਲ ਕਿ ਜ਼ਰਾਇਤੀ ਉਪਜ ਦੀ ਕੀਮਤ ਵਿੱਚ ਨਿਰੰਤਰ ਵਾਧੇ ਨਾਲ਼, ਕਾਸ਼ਤਕਾਰ ਦੀ ਕਿਸੇ ਕੋਸ਼ਿਸ਼ ਤੋਂ ਬਿਨਾਂ ਹੀ, ਉਸ ਦੀ ਨਕਦ ਪੂੰਜੀ ਵਿੱਚ ਵਾਧਾ ਹੋਇਆ, ਅਤੇ ਉਸ ਵੱਲੋਂ ਦਿੱਤਾ ਜਾਂਦਾ ਲਗਾਨ (ਮੁਦਰਾ ਦੀ ਪੁਰਾਣੀ ਕਦਰ ਦੇ ਹਿਸਾਬ ਗਿਣੇ ਜਾਣ ਕਾਰਨ) ਯਥਾਰਥ ਵਿੱਚ ਘੱਟ ਹੋ ਗਿਆ ਸੀ।** ਇਸ ਪ੍ਰਕਾਰ ਉਹ ਆਪਣੇ ਕਿਰਤੀਆਂ ਅਤੇ ਆਪਣੇ ਬਿਸਵੇਦਾਰਾਂ,

* ਹੈਰੀਸਨ ਨੇ ਆਪਣੀ ਰਚਨਾ «Description of England» ਵਿੱਚ ਕਿਹਾ ਹੈ ਕਿ "ਪੁਰਾਣਾ ਲਗਾਨ, ਸੰਭਵ ਹੈ, ਚਾਰ ਪੌਂਡ ਤੋਂ ਵਧ ਕੇ ਚਾਲੀ, ਪੰਜਾਹ ਜਾਂ ਸੌ ਪੌਂਡ ਹੋ ਗਿਆ ਹੋਵੇ, ਪਰ ਜੇ ਸਾਲ ਦੇ ਅਖੀਰ ਕਾਸ਼ਤਕਾਰ ਕੋਲ ਛੇ ਜਾਂ ਸੱਤ ਸਾਲ ਦਾ ਲਗਾਨ ਨਹੀਂ ਬਚਦਾ - ਤਾਂ ਉਹ ਸਮਝੇਗਾ ਕਿ ਉਹਨੂੰ ਬਹੁਤ ਘੱਟ ਮੁਨਾਫ਼ਾ ਹੋਇਆ ਹੈ।

** 16ਵੀਂ ਸਦੀ ਵਿੱਚ ਮੁਦਰਾ ਦੀ ਕਦਰ-ਘਟਾਈ ਦੇ ਸਮਾਜ ਵਿਚਲੀਆਂ ਵੱਖ ਵੱਖ ਜਮਾਤਾਂ ਉੱਤੇ ਪ੍ਰਭਾਵ ਬਾਰੇ «A Compendious of Briefe Examination of Certayne Ordinary Complaints of Diverse of our Countrymen in these our Days». By W. S. Gentleman. (London, 1581) ਦੇਖੋ। ਇਹ ਪੁਸਤਕ ਵਾਰਤਾਲਾਪ ਦੇ ਰੂਪ ਵਿੱਚ ਹੈ ਅਤੇ ਢੇਰ ਚਿਰ ਤੱਕ ਲੋਕ ਸ਼ੈਕਸਪੀਅਰ ਨੂੰ ਇਸ ਦਾ ਕਰਤਾ ਮੰਨਦੇ ਰਹੇ, ਅਤੇ ਇੱਥੋਂ ਤੱਕ ਕਿ 1751 ਵਿੱਚ ਵੀ ਇਹ ਉਸੇ ਦੇ ਨਾਂ ਹੇਠ ਛਪੀ। ਅਸਲ ਵਿੱਚ ਇਸ ਦਾ ਲੇਖਕ ਵਿਲੀਅਮ ਸਟੈਫ਼ਰਡ ਹੈ। ਇੱਕ ਥਾਂ ਤੇ ਸੂਰਮਾ ਸਰਦਾਰ (knight) ਇਸ ਪ੍ਰਕਾਰ ਦਲੀਲ ਦੇਂਦਾ ਹੈ:

**ਸਰਦਾਰ**: "ਤੁਸੀਂ ਮੇਰੇ ਗੁਆਂਢੀ ਕਾਸ਼ਤਕਾਰੋ, ਕੱਪੜੇ ਦੇ ਵਪਾਰੀਓ, ਕਸੇਰੇ ਦਾ ਕੰਮ ਕਰਨ ਵਾਲ਼ਿਓ, ਤੇ ਬਾਕੀ ਸਭ ਕਾਰੀਗਰੋਂ, ਤੁਸੀਂ ਸਭ ਖੂਬ ਕਮਾ ਰਹੇ ਹੋ। ਕਿਉਂਕਿ ਚੀਜ਼ਾਂ ਜਿੰਨੀਆਂ ਪਹਿਲਾਂ ਦੇ ਮੁਕਾਬਲੇ ਮਹਿੰਗੀਆਂ ਹੋਈਆਂ ਹਨ ਤੁਸੀਂ ਮਾਲ ਦੀ ਕੀਮਤ ਅਤੇ ਆਪਣੀ ਸੇਵਾ ਦੀ ਕੀਮਤ, ਜਿਨ੍ਹਾਂ ਨੂੰ ਤੁਸੀਂ ਫੇਰ ਵੇਚਦੇ ਹੋ, ਓਨੀ ਹੀ ਵਧਾ ਦਿੱਤੀ ਹੈ। ਪਰ ਸਾਡੇ ਕੋਲ ਵੇਚਣ ⇨

ਦੋਹਾਂ ਦੀ ਕੀਮਤ ਉੱਤੇ ਧਨੀ ਬਣਦੇ ਹਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ 16ਵੀਂ ਸਦੀ ਦੇ ਅਖੀਰ, ਇੰਗਲੈਂਡ ਵਿੱਚ ਪੂੰਜੀਵਾਦੀ ਕਾਸ਼ਤਕਾਰਾਂ ਦੀ ਇੱਕ ਜਮਾਤ ਸੀ ਜਿਹੜੀ, ਉਸ ਸਮੇਂ ਦੇ ਹਾਲਾਤ ਮੁਤਾਬਿਕ, ਅਮੀਰ ਸੀ।*

---

ਲਈ ਅਜਿਹਾ ਕੁਝ ਨਹੀਂ, ਜਿਸ ਦੀ ਕੀਮਤ ਵਧਾ ਕੇ ਅਸੀਂ ਚੀਜ਼ਾਂ ਦੇ ਵਧੇ ਮੁੱਲ ਦੀ ਕਸਰ ਪੂਰੀ ਕਰ ਲਈਏ, ਜਿਹੜੀਆਂ ਸਾਨੂੰ ਲਾਜ਼ਮੀ ਖਰੀਦਣੀਆਂ ਪੈਂਦੀਆਂ ਹਨ।" ਇੱਕ ਹੋਰ ਥਾਂ ਸਰਦਾਰ ਡਾਕਟਰ ਨੂੰ ਪੁੱਛਦਾ ਹੈ: "ਕਿਰਪਾ ਕਰਕੇ ਦੱਸਣਾ ਤੁਸੀਂ ਕਿਨ੍ਹਾਂ ਲੋਕਾਂ ਦਾ ਜ਼ਿਕਰ ਕਰਦੇ ਹੋ ? ਅਤੇ ਉਹ ਲੋਕ ਕੌਣ ਹਨ, ਜਿਨ੍ਹਾਂ ਦੇ ਧੰਦੇ ਵਿੱਚ, ਤੁਹਾਡੇ ਅਨੁਸਾਰ ਨੁਕਸਾਨ ਨਹੀਂ ਹੋ ਸਕਦਾ ?" - **ਡਾਕਟਰ**: "ਮੇਰਾ ਮਤਲਬ ਉਹਨਾਂ ਸਭਨਾਂ ਲੋਕਾਂ ਤੋਂ ਹੈ ਜਿਹੜੇ ਵੇਚ ਕੇ ਖਰੀਦ ਕੇ ਜੀਊਂਦੇ ਹਨ, ਕਿਉਂਕਿ ਜੇ ਉਹ ਮਹਿੰਗਾ ਖਰੀਦਦੇ ਹਨ ਤਾਂ ਮਹਿੰਗਾਂ ਹੀ ਵੇਚਦੇ ਹਨ।" **ਸਰਦਾਰ**: "ਉਹ ਕਿਹੜੇ ਲੋਕ ਹਨ ਜਿਹੜੇ, ਤੁਸੀਂ ਕਹਿੰਦੇ ਹੋ, ਫ਼ਾਇਦੇ ਵਿੱਚ ਰਹਿਣਗੇ ?" **ਡਾਕਟਰ**: "ਵਾਹ, ਉਹ ਸਭ ਜਿਨ੍ਹਾਂ ਨੂੰ ਪੁਰਾਣੇ ਲਗਾਨ ਉੱਤੇ ਵਾਹੁਣ ਲਈ ਜ਼ਮੀਨ ਮਿਲੀ ਹੋਈ ਹੈ, ਕਿਉਂਕਿ ਉਹ ਲਗਾਨ ਦੇਂਦੇ ਹਨ, ਪੁਰਾਣੀ ਦਰ ਮੁਤਾਬਕ ਅਤੇ ਵੇਚਦੇ ਹਨ ਨਵੀਂ ਦਰ ਮੁਤਾਬਕ। ਭਾਵ, ਆਪਣੀ ਜ਼ਮੀਨ ਦੀ ਉਹਨਾਂ ਨੂੰ ਘੱਟ ਕੀਮਤ ਦੇਣੀ ਪੈਂਦੀ ਹੈ ਅਤੇ ਪੈਦਾਵਾਰ ਨੂੰ ਮਹਿੰਗੇ ਭਾਅ ਵੇਚਦੇ ਹਨ। **ਸਰਦਾਰ**: "ਉਹ ਲੋਕ ਕਿਹੜੇ ਹਨ ਜਿਨ੍ਹਾਂ ਨੂੰ ਉਸ ਤੋਂ ਜ਼ਿਆਦਾ ਨੁਕਸਾਨ ਹੋ ਰਿਹਾ ਹੈ ਜਿੰਨ੍ਹਾਂ ਇਹਨਾਂ ਨੂੰ ਫਾਇਦਾ ਹੁੰਦਾ ਹੈ ?" **ਡਾਕਟਰ**: "ਇਹ ਹਨ ਰਾਠ, ਭੱਦਰ-ਪੁਰਖ, ਅਤੇ ਉਹ ਸਾਰੇ ਹੀ ਜਿਹੜੇ ਇੱਕ ਨਿਸ਼ਚਿਤ ਲਗਾਨ ਜਾਂ ਇੱਕ ਨਿਸ਼ਚਿਤ ਤਨਖਾਹ ਉੱਤੇ ਗੁਜ਼ਾਰਾ ਕਰਦੇ ਹਨ ਜਾਂ ਜਿਹੜੇ ਕਾਸ਼ਤ ਨਹੀਂ ਕਰਦੇ, ਜਾਂ ਜਿਹੜੇ ਵੇਚਣ ਤੇ ਖਰੀਦਣ ਦਾ ਕੰਮ ਨਹੀਂ ਕਰਦੇ।"

* ਫ਼ਰਾਂਸ ਵਿੱਚ régisseur ਜੋ ਮੱਧ-ਕਾਲ ਦੇ ਆਰੰਭ ਵਿੱਚ ਸਾਮੰਤੀ ਪ੍ਰਭੂਆਂ ਦਾ ਮੁਨੀਮ, ਕਰਿੰਦਾ ਅਤੇ ਲਗਾਨ ਜਮ੍ਹਾਂ ਕਰਨ ਵਾਲ਼ਾ ਗੁਮਾਸ਼ਤਾ ਵੀ ਸੀ, ਛੇਤੀ ਹੀ ਕਾਰ-ਵਿਹਾਰ (homme d'affaires) ਕਰਨ ਵਾਲਾ ਆਦਮੀ ਬਣ ਗਿਆ, ਅਤੇ ਲੁੱਟ-ਖਸੁੱਟ, ਧੋਖਾ-ਫਰੇਬ ਕਰਕੇ ਆਪਣੀਆਂ ਤਜੌਰੀਆਂ ਭਰ ਕੇ ਪੂੰਜੀਪਤੀ ਬਣ ਬੈਠਾ। ਇਹਨਾਂ ਵਿੱਚੋਂ ਹੀ ਕੁਝ ਗੁਮਾਸ਼ਤੇ ਕਦੇ ਆਪ ਕੁਲੀਨ ਲੋਕ ਸਨ। ਮਿਸਾਲ ਲਈ, ਨਿਮਨਲਿਖਤ ਉਦਾਹਰਣ ਵੇਖੋ: ਬੇਸਾਂਸਾਂ ਦੇ ਦੁਰਗਪਤੀ ਸਰਦਾਰ ਸੀ ਜੈਕ ਦੇ ਥੋਰੇਨ ਨੇ ਦਿਜਾਂ ਦੇ ਬਰਗੰਡੀ ਦੇ ਡਿਊਕ ਅਤੇ ਕਾਊਂਟ ਵੱਲੋਂ ਹਿਸਾਬ-ਕਿਤਾਬ ਰਖਣ ਵਾਲੇ ਸਾਮੰਤ ਅੱਗੇ ਉੱਪਰ ਕਥਤ ਜਾਗੀਰ ਵਿੱਚ 25 ਦਸੰਬਰ 1359 ਤੋਂ ਦਸੰਬਰ 1360 ਦੇ ਅਠਾਈਵੇਂ ਦਿਨ ਤੱਕ ਦੀ ਲਗਾਨ ਦੀ ਵਸੂਲੀ ਦੀ ਰਿਪੋਰਟ ਪੇਸ਼ ਕੀਤੀ" (*Alexis Monteil* «Traite des Matériaux manuscrits ets», p. 234, 235) ਇੱਥੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕਿਵੇਂ ਸਮਾਜੀ ਜੀਵਨ ਦੇ ਸਭਨਾਂ ਖੇਤਰਾਂ ਵਿੱਚ ਵੱਡਾ ਹਿੱਸਾ ਵਿਚਲੇ ਹੜਪ ਜਾਂਦੇ ਹਨ। ਆਰਥਕ ਖੇਤਰ ਵਿੱਚ, ਵਿੱਤ-ਪ੍ਰਬੰਧਕ, ਸਟਾਕ ਐਕਸੇਂਚਜ ਦੇ ਸੱਟੇਬਾਜ਼, ਸੁਦਾਗਰ, ਦੁਕਾਨਦਾਰ ਸਾਰੀ ਮਲਾਈ ਖਾ ਜਾਂਦੇ ਹਨ; ਦੀਵਾਨੀ ਦੇ ਮਾਮਲਿਆਂ ਵਿੱਚ, ਵਕੀਲ ਆਪਣੇ ਮੁਅੱਕਲਾਂ ਨੂੰ ਮੁੱਛਦੇ ਹਨ; ਰਾਜਨੀਤੀ ਵਿੱਚ ਵੋਟਰ ਨਾਲੋਂ ਵਧੇਰੇ ਪ੍ਰਤੀਨਿਧ ਦੀ, ਰਾਜੇ ਨਾਲੋਂ ਮੰਤਰੀ ਦੀ ਵਧੇਰੇ ਅਹਿਮੀਅਤ ਹੈ; ਧਰਮ ਵਿੱਚ "ਰਸੂਲ" ਰੱਬ ਨੂੰ ਪਿਛੋਕੜ ਵਿੱਚ ਸੁੱਟ ਦੇਂਦਾ ਹੈ, ਅਤੇ ਰਸੂਲ ਨੂੰ ਪਾਦਰੀ ਪਿੱਛੇ ਧੱਕ ਦੇਂਦੇ ਹਨ, ਜੋ ਕਿ ਆਜੜੀ ਅਤੇ ਉਸ ਦੀਆਂ ਭੇਡਾਂ ਵਿਚਕਾਰ ਅਟੱਲ ਵਿਚੋਲੇ ਹਨ। ਇੰਗਲੈਂਡ ਵਾਂਗ ਫ਼ਰਾਂਸ ਵਿੱਚ ਵੀ ਵੱਡੀਆਂ ਸਾਮੰਤੀ ਜਾਗੀਰਾਂ ਅਣਗਿਣਤ ਛੋਟੀਆਂ ਜੋਤਾਂ ਵਿੱਚ ਵੰਡੀਆਂ

## ਜ਼ਰਾਇਤੀ ਇਨਕਲਾਬ ਦਾ ਸਨਅਤ ਉੱਪਰ ਪ੍ਰਤੀਕਰਮ। ਸਨਅਤੀ ਪੂੰਜੀ ਲਈ ਘਰੇਲੂ ਮੰਡੀ ਦੀ ਸਿਰਜਣਾ

ਜ਼ਰਾਇਤੀ ਵਸੋਂ ਦੀ ਜ਼ਮੀਨਾਂ ਤੋਂ ਬੇਦਖਲੀ ਅਤੇ ਨਿਕਾਲੇ ਦੇ ਅਮਲ ਨੇ, ਜਿਹੜਾ ਰੁਕ ਰੁਕ ਜਾਂਦਾ ਪਰ ਮੁੜ ਮੁੜ ਸ਼ੁਰੂ ਹੁੰਦਾ ਸੀ, ਨਗਰ ਦੀਆਂ ਸਨਅਤਾਂ ਨੂੰ ਪ੍ਰੋਲੇਤਾਰੀ ਜਨਸਮੂਹ ਸਪਲਾਈ ਕੀਤੇ ਜਿਨ੍ਹਾਂ ਦਾ ਸੰਗਠਿਤ ਦਸਤਕਾਰੀਆਂ ਨਾਲ਼ ਕੋਈ ਵਾਸਤਾ ਨਹੀਂ ਸੀ ਅਤੇ ਉਹ ਇਹਨਾਂ ਦੇ ਬੰਧਨ ਵਿੱਚ ਬੱਝੇ ਹੋਏ ਨਹੀਂ ਸਨ। ਇਹ ਇੱਕ ਐਸੀ ਭਾਗਸ਼ੀਲ ਸਥਿਤੀ ਸੀ ਕਿ ਬਜ਼ੁਰਗ ਏ. ਐਂਡਰਸਨ ਨੇ (ਇਸ ਨੂੰ ਜੇਮਸ ਐਂਡਰਸਨ ਨਾਲ਼ ਗਡਮਡ ਨਾ ਕੀਤਾ ਜਾਵੇ) ਆਪਣੀ ਪੁਸਤਕ "ਵਣਿਜ ਦਾ ਇਤਿਹਾਸ" ਇਹ ਵਿਸ਼ਵਾਸ ਪ੍ਰਗਟ ਕੀਤਾ ਕਿ ਇਸ ਦੇ ਪਿੱਛੇ ਪਰਮੇਸ਼ਰ ਦਾ ਸਿੱਧਾ ਹੱਥ ਸੀ। ਸਾਨੂੰ ਫੇਰ ਆਰੰਭਕ ਇਕੱਤਰੀਕਰਨ ਦੇ ਇਸ ਤੱਤ ਬਾਰੇ ਵਿਚਾਰ ਕਰਨ ਲਈ ਇੱਕ ਪਲ ਰੁਕ ਜਾਣਾ ਚਾਹੀਦਾ ਹੈ। ਸਵੈਧੀਨ, ਆਤਮ-ਨਿਰਭਰ ਕਿਸਾਨਾਂ ਦੀ ਗਿਣਤੀ ਘੱਟ ਹੋਣ ਨਾਲ਼ ਕੇਵਲ ਇਹ ਨਤੀਜਾ ਹੀ ਨਹੀਂ ਨਿਕਲਿਆ ਕਿ ਸਨਅਤੀ ਪ੍ਰੋਲੇਤਾਰੀਆਂ ਦਾ ਇੱਕ ਥਾਂ ਇਸ ਤਰ੍ਹਾਂ ਜਮਘਟਾ ਹੋਣ ਲਗਾ ਜਿਸ ਤਰ੍ਹਾਂ ਜੀਓਫਰੀ ਸੇਂਟ ਹਿਲੇਅਰ ਦੀ ਵਿਆਖਿਆ ਅਨੁਸਾਰ ਬ੍ਰਹਿਮੰਡੀ ਪਦਾਰਥ ਦਾ, ਜਦੋਂ ਇਸ ਦਾ ਇੱਕ ਥਾਂ ਪਤਲਾਪਨ ਹੁੰਦਾ ਹੈ ਤਾਂ ਦੂਜੇ ਥਾਂ ਉਸ ਵਿੱਚ ਸੰਘਣਾਪਨ ਆਉਂਦਾ ਹੈ।* ਕਾਸ਼ਤਕਾਰਾਂ ਦੀ ਗਿਣਤੀ ਘੱਟ ਹੋ ਜਾਣ ਦੇ ਬਾਵਜੂਦ, ਜ਼ਮੀਨ ਤੋਂ ਉਪਜ ਪਹਿਲਾਂ ਜਿੰਨੀ ਜਾਂ ਸਗੋਂ ਪਹਿਲਾਂ ਤੋਂ ਜ਼ਿਆਦਾ ਹੁੰਦੀ ਸੀ ਕਿਉਂਕਿ ਭੂਮੀ ਸੰਪਤੀ ਦੀਆਂ ਹਾਲਤਾਂ ਵਿੱਚ ਇਨਕਲਾਬ ਦੇ ਨਾਲ਼ ਖੇਤੀ ਦੀਆਂ ਉੱਨਤ ਵਿਧੀਆਂ, ਵਡੇਰੀ ਸਹਿਕਾਰਤਾ, ਪੈਦਾਵਾਰ ਦੇ ਸਾਧਨਾਂ ਦਾ ਕੇਂਦਰੀਕਰਨ ਵੀ ਹੋਇਆ ਸੀ, ਆਦਿ, ਅਤੇ ਕਿਉਂਕਿ ਹੁਣ ਸਿਰਫ਼ ਖੇਤੀ ਕਰਨ ਵਾਲੇ ਉਜਰਤੀ-ਕਿਰਤੀਆਂ

---

⇨ ਗਈਆਂ, ਪਰ ਲੋਕਾਂ ਲਈ ਅਜਿਹਾ ਇੰਗਲੈਂਡ ਦੀ ਤੁਲਨਾ ਵਿੱਚ ਵਧੇਰੇ ਪ੍ਰਤੀਕੂਲ ਹਾਲਤਾਂ ਵਿੱਚ ਹੋਇਆ। 14ਵੀਂ ਸਦੀ ਦੇ ਦੌਰਾਨ ਫਾਰਮਾਂ ਜਾਂ terriers ਦਾ ਜਨਮ ਹੋਇਆ। ਇਹਨਾਂ ਦੀ ਗਿਣਤੀ ਲਗਾਤਾਰ ਵਧਕੇ 1,00,000 ਤੋਂ ਟੱਪ ਗਈ। ਇਹ ਪੈਦਾਵਾਰ ਦੇ 1/12 ਤੋਂ 1/5 ਤੱਕ ਨਕਦ ਜਾਂ ਜਿਣਸ ਦੀ ਸ਼ਕਲ ਵਿੱਚ ਲਗਾਨ ਭਰਦੇ ਸਨ। ਇਹ ਫਾਰਮ ਕੀਮਤ ਅਤੇ ਪਸਾਰ ਅਨੁਸਾਰ ਜਾਗੀਰ, ਉਪ-ਜਾਗੀਰ (fiefs, arrière-fiefs) ਦਾ ਦਰਜਾ ਰਖਦੇ ਸਨ। ਬਹੁਤੇ ਤਾਂ ਕੁਝ ਹੀ ਏਕੜ ਦੇ ਫਾਰਮ ਸਨ। ਪਰ ਇਹਨਾਂ ਕਾਸ਼ਤਕਾਰਾਂ ਨੂੰ ਆਪਣੀ ਭੂਮੀ ਉੱਤੇ ਰਹਿੰਦੇ ਲੋਕਾਂ ਦੇ ਕਿਸੇ ਹੱਦ ਤੱਕ ਫੈਸਲੇ ਕਰਨ ਦਾ ਹੱਕ ਸੀ; ਇਸ ਅਧਿਕਾਰ ਦੇ ਚਾਰ ਦਰਜੇ ਸਨ। ਇਹਨਾਂ ਛੋਟੇ ਛੋਟੇ ਅਤਿ ਆਚਾਰੀਆਂ ਅਧੀਨ ਜ਼ਰਾਇਤੀ ਵਸੋਂ ਉੱਤੇ ਹੁੰਦੇ ਜਬਰ ਨੂੰ ਸਮਝਿਆ ਜਾ ਸਕਦਾ ਹੈ। ਮੌਨਤੀਲ ਕਹਿੰਦਾ ਹੈ ਕਿ ਇੱਕ ਸਮੇਂ ਫ਼ਰਾਂਸ ਵਿੱਚ 1,60,000 ਜੱਜ ਸਨ, ਜਦ ਕਿ ਅੱਜ, ਸਥਾਨਕ ਮੈਜਿਸਟ੍ਰੇਟਾਂ ਸਮੇਤ 4,000 ਅਦਾਲਤਾਂ ਹੀ ਕਾਫੀ ਹਨ।

* ਉਸ ਦੀ ਪੁਸਤਕ «Notions de Philosophie Naturell» Paris, 1838.

ਕੋਲੋਂ ਵਧੇਰੇ ਤੀਬਰ** ਕੰਮ ਹੀ ਨਹੀਂ ਸੀ ਲਿਆ ਜਾਂਦਾ ਸਗੋਂ ਪੈਦਾਵਾਰ ਦੇ ਉਹ ਖੇਤ ਜਿਨ੍ਹਾਂ ਵਿੱਚ ਉਹ ਆਪਣੇ ਲਈ ਕੰਮ ਕਰਦੇ ਸਨ ਵਧੇਰੇ ਤੋਂ ਵਧੇਰੇ ਸੁੰਗੜਦੇ ਗਏ ਸਨ। ਇਸ ਲਈ, ਜ਼ਰਾਇਤੀ ਵਸੋਂ ਦੇ ਇੱਕ ਭਾਗ ਦੇ ਸੁਤੰਤਰ ਕਰ ਦਿੱਤੇ ਜਾਣ ਨਾਲ਼, ਉਹਨਾਂ ਲਈ ਆਹਾਰ ਦੇ ਸਾਬਕਾ ਸਾਧਨ ਵੀ ਮੁਕਤ ਹੋ ਗਏ। ਹੁਣ ਇਹ ਅਸਥਾਈ ਪੂੰਜੀ ਦੇ ਪਦਾਰਥਕ ਤੱਤਾਂ ਵਿੱਚ ਬਦਲ ਗਏ। ਜਾਇਦਾਦ ਖੁਹਾ ਬੈਠਾ ਅਤੇ ਦਰ ਦਰ ਠੋਕਰਾਂ ਖਾਂਦਾ, ਕਿਸਾਨ, ਜ਼ਰੂਰੀ ਸੀ, ਕਿ ਇਹਨਾਂ ਸਾਧਨਾਂ ਦੀ ਕਦਰ ਆਪਣੇ ਨਵੇਂ ਮਾਲਕ, ਸਨਅਤੀ ਪੂੰਜੀਪਤੀ ਕੋਲੋਂ, ਉਜਰਤ ਦੀ ਸ਼ਕਲ ਵਿੱਚ ਖਰੀਦੇ। ਜਿਹੜੀ ਗੱਲ ਉਪਜੀਵਕਾ ਦੇ ਸਾਧਨਾਂ ਬਾਰੇ ਸੱਚ ਹੈ, ਉਹੀ ਗੱਲ ਘਰੇਲੂ ਜ਼ਰਾਇਤ ਉਤੇ ਨਿਰਭਰ ਸਨਅਤ ਦੇ ਕੱਚੇ ਮਾਲ ਬਾਰੇ ਵੀ ਸੱਚ ਹੈ। ਉਹ ਸਥਾਈ ਪੂੰਜੀ ਦਾ ਇੱਕ ਤੱਤ ਬਣ ਗਿਆ ਸੀ।

ਫਰਜ਼ ਕਰੋ ਕਿ ਵੈਸਟਫੇਲੀਅਨ ਕਿਸਾਨਾਂ ਦਾ ਇੱਕ ਹਿੱਸਾ, ਜਿਹੜੇ ਫ਼ਰੈਡਰਿਕ ਦੂਜੇ ਦੇ ਵੇਲੇ ਸਿਣੀ (ਲਿਨਨ) ਕੱਤਿਆ ਕਰਦੇ ਸਨ, ਜ਼ਰਬਦਸਤੀ ਬੇਦਖ਼ਲ ਕਰ ਦਿੱਤਾ ਜਾਂਦਾ ਹੈ ਅਤੇ ਉਥੋਂ ਭਜਾ ਦਿੱਤਾ ਜਾਂਦਾ ਹੈ; ਅਤੇ ਦੂਜਾ ਹਿੱਸਾ ਜਿਹੜਾ ਉਥੇ ਰਹਿ ਗਿਆ, ਵੱਡੇ ਵੱਡੇ ਕਾਸ਼ਤਕਾਰਾਂ ਕੋਲ ਦਿਹਾੜੀਦਾਰ ਮਜ਼ਦੂਰ ਬਣ ਕੇ ਕੰਮ ਕਰਦਾ ਹੈ। ਇਸ ਦੇ ਨਾਲ਼ ਹੀ ਲਿਨਨ ਦੀ ਕਤਾਈ ਅਤੇ ਬੁਣਾਈ ਲਈ ਵੱਡੇ ਕਾਰਖਾਨੇ ਖੁੱਲ੍ਹ ਜਾਂਦੇ ਹਨ ਜਿਨ੍ਹਾਂ ਵਿੱਚ "ਸੁਤੰਤਰ ਕੀਤੇ" ਮਨੁੱਖ ਹੁਣ ਉਜਰਤਾਂ ਉੱਤੇ ਕੰਮ ਕਰਦੇ ਹਨ। ਇਹ ਸਿਣੀ ਐਨ ਪਹਿਲਾਂ ਵਰਗੀ ਹੀ ਦਿਖਾਈ ਦੇਂਦੀ ਹੈ। ਇਸ ਦਾ ਇਕ ਰੇਸ਼ਾ ਤੱਕ ਨਹੀਂ ਬਦਲਿਆ, ਪਰ ਇਸ ਦੇ ਸਰੀਰ ਵਿੱਚ ਇੱਕ ਨਵੀਂ ਸਮਾਜੀ ਆਤਮਾ ਦਾ ਵਾਧਾ ਹੋ ਗਿਆ ਹੈ। ਇਹ ਹੁਣ ਮਾਲਕ ਕਾਰਖਾਨੇਦਾਰ ਦੀ ਸਥਾਈ ਪੂੰਜੀ ਦਾ ਇੱਕ ਹਿੱਸਾ ਹੋ ਗਈ ਹੈ। ਪਹਿਲਾਂ ਇਹ ਛੋਟੇ ਛੋਟੇ ਉਤਪਾਦਕਾਂ ਵਿਚਕਾਰ ਵੰਡੀ ਜਾਂਦੀ ਸੀ ਜਿਹੜੇ ਆਪ ਹੀ ਇਸ ਦੀ ਕਾਸ਼ਤ ਕਰਦੇ ਸਨ, ਅਤੇ ਆਪਣੇ ਪਰਵਾਰ ਨਾਲ਼ ਮਿਲਕੇ ਥੋੜ੍ਹਾ ਥੋੜ੍ਹਾ ਕਰਕੇ ਇਸ ਦੀ ਕਤਾਈ ਕਰਦੇ ਸਨ, ਹੁਣ ਇਹ ਇੱਕ ਪੂੰਜੀਪਤੀ ਦੇ ਹੱਥਾਂ ਵਿੱਚ ਕੇਂਦਰਿਤ ਹੋ ਗਈ ਹੈ ਜਿਹੜਾ ਦੂਜਿਆਂ ਤੋਂ ਆਪਣੀ ਖਾਤਰ ਇਸ ਦੀ ਕਤਾਈ ਅਤੇ ਬੁਣਾਈ ਕਰਾਉਂਦਾ ਹੈ। ਪਹਿਲਾਂ ਸਿਣੀ ਦੀ ਕਤਾਈ ਉੱਤੇ ਖਰਚ ਹੋਣ ਵਾਲੀ ਵਾਧੂ ਕਿਰਤ ਅਣਗਿਣਤ ਕਿਸਾਨ ਪਰਵਾਰਾਂ ਦੀ ਵਾਧੂ ਆਮਦਨ ਦੇ ਰੂਪ ਵਿੱਚ, ਜਾਂ ਹੋ ਸਕਦਾ ਹੈ, ਫ਼ਰੈਡਰਿਕ ਦੂਜੇ ਦੇ ਰਾਜ-ਕਾਲ ਸਮੇਂ ਪਰੂਸ਼ੀਆ ਨੂੰ ਦਿੱਤੇ ਜਾਣ ਵਾਲੇ pour le roi de Prusse ਟੈਕਸਾਂ ਦੇ ਰੂਪ ਵਿੱਚ ਸਾਕਾਰ ਹੁੰਦੀ ਸੀ। ਹੁਣ ਇਹ ਕੁਝ ਇੱਕ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਰੂਪ ਵਿੱਚ ਸਾਕਾਰ ਹੁੰਦੀ ਹੈ। ਸਪਿੰਡਲ ਅਤੇ ਲੂਮਾਂ (ਤੱਕਲੇ ਅਤੇ ਖੱਡੀਆਂ) ਜੋ ਪਹਿਲਾਂ ਪਿੰਡ ਪਿੰਡ ਖਿੰਡੇ ਹੋਏ ਸਨ, ਹੁਣ ਇੱਕ ਬਹੁਤ ਵੱਡੀ ਕਿਰਤ ਬੈਰਕ ਵਿੱਚ ਇੱਕ ਥਾਂ ਜਮ੍ਹਾਂ ਹੋ ਗਏ ਹਨ ਜਿੱਥੇ ਨਾਲ਼ ਹੀ ਕੱਚਾ ਮਾਲ ਅਤੇ ਕਿਰਤੀ ਵੀ ਪਹੁੰਚ ਗਏ ਹਨ। ਅਤੇ ਇਹ ਸਪਿੰਡਲਾਂ, ਲੂਮਾਂ ਅਤੇ ਕੱਚਾ ਮਾਲ ਜੋ ਕਿ ਕਾਤਿਆਂ ਅਤੇ ਬੋਣਿਆਂ ਲਈ ਸਵੈਧੀਨ ਹੋਂਦ ਦਾ ਸਾਧਨ ਸਨ ਉਹਨਾਂ ਉੱਤੇ ਹੁਕਮ ਕਰਨ ਅਤੇ ਉਹਨਾਂ ਦੀ ਮੁਫ਼ਤ ਮਿਹਨਤ

* ਇਸ ਗੱਲ ਉੱਤੇ ਸਰ ਜੇਮਸ ਸਟਿਊਅਰਟ ਨੇ ਜ਼ੋਰ ਦਿੱਤਾ ਹੈ।

ਖਾਣ ਦਾ ਸਾਧਨ ਬਣ ਗਏ ਹਨ।* ਇਹਨਾਂ ਵੱਡੇ ਵੱਡੇ ਕਾਰਖਾਨਿਆਂ ਅਤੇ ਵੱਡੇ ਵੱਡੇ ਫਾਰਮਾਂ ਨੂੰ ਦੇਖਕੇ, ਕੋਈ ਕਲਪਨਾ ਨਹੀਂ ਕਰ ਸਕਦਾ ਕਿ ਉਤਪਾਦਨ ਦੇ ਬਹੁਤ ਸਾਰੇ ਛੋਟੇ ਛੋਟੇ ਕੇਂਦਰਾਂ ਨੂੰ ਇੱਕ ਕਰਨ ਨਾਲ਼ ਇਹਨਾਂ ਦਾ ਜਨਮ ਹੋਇਆ ਹੈ ਅਤੇ ਬਹੁਤ ਸਾਰੇ ਛੋਟੇ ਸਵੈਧੀਨ ਉਤਪਾਦਕਾਂ ਦੀ ਖੋਹਾ-ਮੋਹੀ ਨਾਲ ਇਹ ਉਸਰੇ ਹਨ। ਇਸ ਦੇ ਬਾਵਜੂਦ ਵੀ, ਲੋਕਾਂ ਦੀ ਸਹਿਜ ਬੁੱਧੀ ਨੇ ਉਕਾਈ ਨਹੀਂ ਖਾਧੀ। ਇਨਕਲਾਬ ਦੇ ਸ਼ੇਰ ਮਿਰਾਬੋ ਦੇ ਸਮੇਂ ਇਹਨਾਂ ਵੱਡੇ ਵੱਡੇ ਕਾਰਖਾਨਿਆਂ ਨੂੰ manufactures réunies – ਕਈ ਵਰਕਸ਼ਾਪਾਂ ਨੂੰ ਜੋੜ ਕੇ ਬਣਾਈ ਇੱਕ ਵੱਡੀ ਵਰਕਸ਼ਾਪ – ਆਖਿਆ ਜਾਂਦਾ ਸੀ ਜਿਵੇਂ ਕਿ ਅਸੀਂ ਛੋਟੇ ਖੇਤਾਂ ਨੂੰ ਮਿਲ ਕੇ ਬਣਾਏ ਗਏ ਫਾਰਮ ਨੂੰ ਕਹਿੰਦੇ ਹਾਂ।

ਮਿਰਾਬੋ ਨੇ ਕਿਹਾ ਹੈ: "ਅਸੀਂ ਕੇਵਲ ਉਹਨਾਂ ਵਿਰਾਟ ਕਾਰਖਾਨਿਆਂ ਵੱਲ ਧਿਆਨ ਦੇ ਰਹੇ ਹਾਂ ਜਿਨ੍ਹਾਂ ਵਿੱਚ ਸੈਂਕੜੇ ਆਦਮੀ ਇੱਕ ਡਾਇਰੈਕਟਰ ਅਧੀਨ ਕੰਮ ਕਰਦੇ ਹਨ ਅਤੇ ਜਿਨ੍ਹਾਂ ਨੂੰ ਆਮ ਕਰਕੇ ਕਈ ਵਰਕਸ਼ਾਪਾਂ ਨੂੰ ਜੋੜ ਕੇ ਬਣਾਈ ਗਈ ਇੱਕ ਸਾਂਝੀ ਵੱਡੀ ਵਰਕਸ਼ਾਪ (manufactures réunies) ਆਖਿਆ ਜਾਂਦਾ ਹੈ। ਉਹਨਾਂ ਵੱਲ ਜਿੱਥੇ ਕਿਰਤੀਆਂ ਦੀ ਬਹੁਤ ਹੀ ਵਡੇਰੀ ਗਿਣਤੀ ਕੰਮ ਕਰਦੀ ਹੈ, ਹਰ ਕੋਈ ਅਲੱਗ-ਅਲੱਗ ਅਤੇ ਆਪਣੇ ਹੀ ਵਾਸਤੇ, ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ; ਉਹ ਦੂਜੀਆਂ ਨਾਲ਼ੋਂ ਅਨੰਤ ਦੂਰੀ ਉੱਤੇ ਰੱਖੀਆਂ ਜਾਂਦੀਆਂ ਹਨ। ਇਹ ਭਾਰੀ ਗ਼ਲਤੀ ਹੈ, ਕਿਉਂਕਿ ਸਿਰਫ਼ ਇਹ ਵਰਕਸ਼ਾਪਾਂ ਹੀ ਹਨ ਜਿਹੜੀਆਂ ਕੌਮੀ ਖੁਸ਼ਹਾਲੀ ਦਾ ਅਸਲ ਵਿੱਚ ਆਧਾਰ ਹੁੰਦੀਆਂ ਹਨ...। ਵੱਡੀਆਂ ਵਰਕਸ਼ਾਪਾਂ (fabrique réunie) ਇੱਕ ਜਾਂ ਦੋ ਉਦਯੋਗਪਤੀਆਂ ਨੂੰ ਅਸਾਧਾਰਨ ਰੂਪ ਵਿੱਚ ਧਨੀ ਬਣਾਉਣਗੀਆਂ, ਪਰ ਕਿਰਤੀ, ਘੱਟ ਜਾਂ ਵੱਧ ਤਨਖਾਹ ਲੈਂਦੇ, ਕਿਰਤੀ ਹੀ ਬਣੇ ਰਹਿਣਗੇ ਅਤੇ ਕਾਰੋਬਾਰ ਦੀ ਸਫ਼ਲਤਾ ਵਿੱਚ ਉਹਨਾਂ ਦਾ ਕੋਈ ਹਿੱਸਾ ਨਹੀਂ ਹੋਵੇਗਾ। ਇਸ ਦੇ ਉਲਟ, ਛੋਟੀ ਅਤੇ ਅਲੱਗ ਕੰਮ ਕਰਨ ਵਾਲੀ (fabrique séparée) ਵਰਕਸ਼ਾਪ ਵਿੱਚ ਕੋਈ ਅਮੀਰ ਨਹੀਂ ਬਣੇਗਾ, ਸਗੋਂ ਬਹੁਤ ਸਾਰੇ ਕਿਰਤੀ ਆਰਾਮ ਦਾ ਜੀਵਨ ਬਿਤਾ ਸਕਣਗੇ; ਇਹਨਾਂ ਵਿੱਚੋਂ ਸੰਜਮੀ ਅਤੇ ਮਿਹਨਤੀ ਥੋੜ੍ਹੀ ਬਹੁਤ ਪੂੰਜੀ ਬਚਾ ਲੈਣ ਦੇ ਸਮਰੱਥ ਹੋਣਗੇ ਜਿਹੜੀ ਬੱਚੇ ਦੇ ਜਨਮ ਵੇਲੇ, ਬੀਮਾਰੀ ਵੇਲੇ, ਆਪਣੇ ਉੱਤੇ ਖਰਚ ਕਰਨ ਜਾਂ ਕੋਈ ਚੀਜ਼-ਵਸਤ ਖਰੀਦਣ ਵੇਲੇ ਕੰਮ ਆ ਸਕੇਗੀ। ਸੰਜਮੀ ਅਤੇ ਮਿਹਨਤੀ ਕਿਰਤੀਆਂ ਦੀ ਗਿਣਤੀ ਵੱਧਦੀ ਜਾਵੇਗੀ, ਕਿਉਂਕਿ ਉਹ ਦੇਖ ਲੈਣਗੇ ਕਿ ਚੰਗਾ ਵਿਹਾਰ ਤੇ ਸਰਗਰਮੀ ਲਾਜ਼ਮੀ ਹੀ ਉਹਨਾਂ ਦੀ ਹਾਲਤ ਨੂੰ

* ਪੂੰਜੀਪਤੀ ਦਾ ਕਹਿਣਾ ਹੈ: "ਮੈਂ ਤੈਨੂੰ ਇਹ ਆਗਿਆ ਬਖਸ਼ਾਂਗਾ ਕਿ ਤੈਥੋਂ ਆਪਣੀ ਸੇਵਾ ਕਰਾਵਾਂ, ਪਰ ਸ਼ਰਤ ਇਹ ਕਿ ਤੈਨੂੰ ਹੁਕਮ ਦੇਣ ਵਿੱਚ ਮੈਨੂੰ ਜੋ ਤਕਲੀਫ਼ ਹੋਵੇਗੀ, ਉਸ ਦੇ ਬਦਲੇ, ਜੋ ਕੁਝ ਤੇਰੇ ਕੋਲ ਬਚਿਆ ਹੈ, ਉਹ ਤੂੰ ਮੈਨੂੰ ਦੇ ਦੇ।" (*J. J. Rousseau* «Discours sur l'Economie Politique»)

ਚੰਗੇਰਾ ਬਣਾਉਣ ਦੇ ਸਾਧਨ ਹਨ, ਨਾ ਕਿ ਉਜਰਤਾਂ ਵਿੱਚ ਮਾੜਾ ਮੋਟਾ ਵਾਧਾ ਪ੍ਰਾਪਤ ਕਰਨ ਦਾ ਜਿਸ ਦੀ ਕਦੇ ਵੀ ਭਵਿੱਖ ਲਈ ਕੋਈ ਮਹੱਤਤਾ ਨਹੀਂ ਹੋ ਸਕਦੀ, ਅਤੇ ਜਿਸ ਦਾ ਇੱਕੋ ਇੱਕ ਨਤੀਜਾ ਇਹ ਹੁੰਦਾ ਹੈ ਕਿ ਉਹ ਉਹਨਾਂ ਨੂੰ ਰਤਾ ਚੰਗੇਰੀ ਪੁਜ਼ੀਸ਼ਨ, ਪਰ ਕੇਵਲ ਦਿਨ ਪ੍ਰਤੀ ਦਿਨ ਲਈ, ਬਖ਼ਸ਼ ਦੇਂਦਾ ਹੈ। ...ਵੱਡੀਆਂ ਵਰਕਸ਼ਾਪਾਂ ਕੁਝ ਕੁ ਲੋਕਾਂ ਦੇ ਨਿੱਜੀ ਕਾਰੋਬਾਰ ਹੁੰਦੀਆਂ ਹਨ ਜਿਹੜੇ ਕਿਰਤੀਆਂ ਤੋਂ ਦਿਨ ਪ੍ਰਤੀ ਦਿਨ ਆਪਣੇ ਲਾਭ ਹਿੱਤ ਕੰਮ ਕਰਾਉਂਦੇ ਹਨ। ਇਹਨਾਂ ਤੋਂ ਇਹਨਾਂ ਵਿਅਕਤੀਆਂ ਨੂੰ ਕੁਝ ਸੁਖ-ਆਰਾਮ ਤਾਂ ਮਿਲ ਸਕਦਾ ਹੈ ਪਰ ਇਹ ਕਦੇ ਵੀ ਸਰਕਾਰਾਂ ਦੇ ਧਿਆਨ ਦਾ ਵਿਸ਼ਾ ਨਹੀਂ ਬਣਨਗੀਆਂ। ਇਹ ਛੋਟੀਆਂ ਛੋਟੀਆਂ ਵਰਕਸ਼ਾਪਾਂ ਹੀ, ਜਿਨ੍ਹਾਂ ਦੇ ਨਾਲ਼ ਛੋਟੀਆਂ ਛੋਟੀਆਂ ਖੇਤੀਆਂ ਦੀ ਕਾਸ਼ਤ ਜੁੜੀ ਰਹਿੰਦੀ ਹੈ, ਸੁਤੰਤਰ ਵਰਕਸ਼ਾਪਾਂ ਸਮਝੀਆਂ ਜਾਂਦੀਆਂ ਹਨ।"*

ਜ਼ਰਾਇਤੀ ਵਸੋਂ ਦੇ ਇੱਕ ਹਿੱਸੇ ਦੀ ਜਾਇਦਾਦ ਖੋਹਣ ਅਤੇ ਉਸ ਨੂੰ ਬੇਦਖਲ ਕਰਨ ਨਾਲ਼ ਸਨਅਤੀ ਪੂੰਜੀ ਲਈ ਕਿਰਤੀ, ਉਹਨਾਂ ਦੀ ਉਪਜੀਵਕਾ ਦੇ ਸਾਧਨ, ਅਤੇ ਕਿਰਤ ਲਈ ਕੱਚਾ ਪਦਾਰਥ ਹੀ ਮੁਕਤ ਨਹੀਂ ਹੋ ਗਿਆ; ਇਸ ਨਾਲ਼ ਇੱਕ ਘਰੇਲੂ ਮੰਡੀ ਦੀ ਸਿਰਜਣਾ ਵੀ ਹੋਈ।

ਵਾਸਤਵ ਵਿੱਚ, ਜਿਨ੍ਹਾਂ ਹਾਲਤਾਂ ਨੇ ਛੋਟੇ ਕਿਸਾਨਾਂ ਨੂੰ ਉਜਰਤ-ਮਜ਼ਦੂਰਾਂ ਦਾ, ਅਤੇ ਉਹਨਾਂ ਦੇ ਉਪਜੀਵਕਾ - ਸਾਧਨਾਂ ਤੇ ਉਹਨਾਂ ਦੀ ਕਿਰਤ ਨੂੰ ਪੂੰਜੀ ਲਈ ਪਦਾਰਥਕ ਤੱਤਾਂ ਵਿੱਚ ਬਦਲ ਦਿੱਤਾ, ਉਹਨਾਂ ਨੇ, ਨਾਲ਼ ਹੀ ਨਾਲ਼, ਪੂੰਜੀ ਲਈ ਇੱਕ ਘਰੇਲੂ-ਮੰਡੀ ਨੂੰ ਜਨਮ ਦਿੱਤਾ। ਪਹਿਲਾਂ, ਕਿਸਾਨ ਪਰਵਾਰ ਉਪਜੀਵਕਾ ਦੇ ਸਾਧਨ ਅਤੇ ਕੱਚਾ ਮਾਲ ਪੈਦਾ ਕਰਦੇ ਸਨ ਜਿਸ ਦੇ ਬਹੁਤੇ ਹਿੱਸੇ ਨੂੰ ਉਹ ਆਪ ਹੀ ਖਪਾ ਲੈਂਦੇ ਸਨ। ਹੁਣ ਇਹ ਕੱਚੇ ਪਾਦਰਥ ਤੇ ਉਪਜੀਵਕਾ ਦੇ ਸਾਧਨ ਜਿਣਸ ਦਾ ਰੂਪ ਧਾਰਨ ਕਰ ਗਏ ਹਨ; ਵੱਡਾ ਕਾਸ਼ਤਕਾਰ ਇਹਨਾਂ ਨੂੰ ਵੇਚਦਾ ਹੈ, ਕਾਰਖਾਨੇ ਉਸ ਦੀ ਮੰਡੀ ਹਨ। ਸੂਤ, ਲਿਨਨ, ਮੋਟੀ ਉੱਨ ਦਾ ਸਾਮਾਨ - ਐਸੀਆਂ ਚੀਜ਼ਾਂ ਜਿਨ੍ਹਾਂ ਲਈ ਕੱਚਾ ਮਾਲ ਹਰ ਕਿਸਾਨ ਪਰਵਾਰ ਦੀ ਪਹੁੰਚ ਵਿੱਚ ਹੁੰਦਾ ਸੀ, ਜਿਸ ਨੂੰ ਇਹ ਪਰਵਾਰ ਆਪ ਹੀ ਆਪਣੀ ਵਰਤੋਂ ਲਈ ਕੱਤਦਾ ਤੇ ਬੁਣਦਾ ਸੀ - ਹੁਣ ਕਾਰਖਾਨੇ ਦੀਆਂ ਬਣੀਆਂ ਚੀਜ਼ਾਂ ਹੋ ਗਈਆਂ ਸਨ ਅਤੇ ਪੇਂਡੂ ਇਲਾਕੇ ਇੱਕਦਮ ਹੀ ਇਸ ਮਾਲ ਲਈ ਮੰਡੀ ਬਣ ਗਏ। ਬਹੁਤ ਸਾਰੇ ਫੈਲੇ ਹੋਏ ਗਾਹਕ, ਜਿਹੜੇ ਹੁਣ ਤੱਕ ਆਪਣੇ ਲਈ ਕੰਮ ਕਰਨ ਵਾਲੇ ਅਣਗਿਣਤ ਛੋਟੇ ਉਤਪਾਦਕ ਕਾਰੀਗਰਾਂ ਤੋਂ ਮਾਲ ਖਰੀਦਦੇ ਸਨ, ਇੱਕ ਵੱਡੀ ਮੰਡੀ ਵਿੱਚ ਕੇਂਦਰਿਤ ਹੋ ਜਾਂਦੇ ਹਨ ਜਿਹੜੀ ਸਨਅਤੀ ਪੂੰਜੀ ਨੇ ਮੁਹੱਈਆ

---

* Mirabeau, ਉਪ. ਪੁ. ਸੈਂਚੀ ਤੀਜੀ, ਪੰਨੇ 20-109, ਵਿੱਚੋਂ। ਜੇਕਰ ਮਿਰਾਬੋ ਅਲੱਗ ਅਲੱਗ ਕੰਮ ਕਰਦੇ ਮਜ਼ਦੂਰਾਂ ਵਾਲੀਆਂ ਵਰਕਸ਼ਾਪਾਂ ਨੂੰ "ਸਾਂਝੀਆਂ" ਵਰਕਸ਼ਾਪਾਂ ਦੇ ਮੁਕਾਬਲੇ ਵਧੇਰੇ ਘਟ-ਖਰਚੀਲੀਆਂ ਅਤੇ ਉਪਜਾਊ ਸਮਝਦਾ ਸੀ, ਅਤੇ "ਸਾਂਝੀਆਂ" ਵਰਕਸ਼ਾਪਾਂ ਨੂੰ ਸਰਕਾਰ ਵੱਲੋਂ ਲਾਇਆ ਬਣਾਉਟੀ ਪੌਦਾ ਸਮਝਦਾ ਸੀ ਤਾਂ ਇਸ ਦਾ ਕਾਰਨ ਇਹ ਸੀ ਕਿ ਉਸ ਵੇਲੇ ਯੂਰਪੀ ਕਾਰਖਾਨਿਆਂ ਦੇ ਵਡੇਰੇ ਹਿੱਸੇ ਦੀ ਹਾਲਤ ਹੀ ਅਜਿਹੀ ਸੀ।

ਕੀਤੀ ਹੁੰਦੀ ਹੈ।* ਇਸ ਪ੍ਰਕਾਰ, ਆਤਮ-ਨਿਰਭਰ ਕਿਸਾਨਾਂ ਦੀ ਜਾਇਦਾਦ-ਖੋਹਣ, ਉਹਨਾਂ ਨੂੰ ਉਹਨਾਂ ਦੇ ਉਤਪਾਦਨ ਦੇ ਸਾਧਨਾਂ ਤੋਂ ਵੱਖ ਕਰਨ ਦੇ ਨਾਲ਼ ਨਾਲ਼ ਹੀ, ਪਿੰਡਾਂ ਦੀ ਘਰੇਲੂ ਸਨਅਤ ਦੀ ਤਬਾਹੀ ਦਾ, ਦਸਤਕਾਰੀ ਅਤੇ ਜ਼ਰਾਇਤ ਵਿਚਕਾਰ ਅਲਹਿਦਗੀ ਪੈਦਾ ਕਰਨ ਦਾ ਅਮਲ ਵੀ ਜਾਰੀ ਰਹਿੰਦਾ ਹੈ। ਅਤੇ ਪਿੰਡਾਂ ਦੀ ਘਰੇਲੂ ਸਨਅਤ ਦੀ ਤਬਾਹੀ ਹੀ ਇੱਕ ਦੇਸ਼ ਦੀ ਅੰਦਰੂਨੀ ਮੰਡੀ ਨੂੰ ਉਹ ਪਸਾਰ ਅਤੇ ਸਥਿਰਤਾ ਦੇ ਸਕਦੀ ਹੈ ਜਿਸ ਦੀ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਨੂੰ ਲੋੜ ਹੁੰਦੀ ਹੈ।

ਫਿਰ ਵੀ ਕਾਰਖਾਨੇਦਾਰੀ ਦਾ ਦੌਰ, ਜਿਸ ਨੂੰ ਉੱਚਿਤ ਰੂਪ ਵਿੱਚ ਇੰਝ ਕਹਿਣਾ ਚਾਹੀਦਾ ਹੈ, ਇਸ ਕਾਇਆ-ਪਲਟੀ ਨੂੰ ਮੂਲ ਰੂਪ ਵਿੱਚ ਅਤੇ ਪੂਰੀ ਤਰ੍ਹਾਂ ਸਿਰੇ ਚਾੜ੍ਹਨ ਵਿੱਚ ਸਫ਼ਲ ਨਹੀਂ ਹੁੰਦਾ। ਇਹ ਗੱਲ ਯਾਦ ਹੋਵੇਗੀ ਕਿ ਉੱਚਿਤ ਰੂਪ ਵਿੱਚ ਅਖਵਾਉਂਦੀ ਕਾਰਖਾਨੇਦਾਰੀ ਕੌਮੀ ਉਤਪਾਦਨ ਦੇ ਖੇਤਰ ਨੂੰ ਅੰਸ਼ਕ ਰੂਪ ਵਿੱਚ ਹੀ ਫਤਿਹ ਕਰਦੀ ਹੈ, ਅਤੇ ਸ਼ਹਿਰਾਂ ਦੀ ਦਸਤਕਾਰੀ ਅਤੇ ਪਿੰਡਾਂ ਦੇ ਇਲਾਕਿਆਂ ਦੀ ਘਰੇਲੂ ਸਨਅਤ ਸਦਾ ਹੀ ਇਸ ਦਾ ਅੰਤਮ ਆਧਾਰ [Hintergrund] ਬਣੀ ਰਹਿੰਦੀ ਹੈ। ਜੇਕਰ ਇਹ ਇਹਨਾਂ ਨੂੰ, ਖਾਸ ਸ਼ਾਖਾਵਾਂ ਵਿੱਚ, ਨਿਸ਼ਚਿਤ ਨੁਕਤਿਆਂ ਉੱਤੇ ਇੱਕ ਰੂਪ ਵਿੱਚ ਤਬਾਹ ਕਰਦੀ ਹੈ, ਤਾਂ ਇਹ ਕਿਸੇ ਹੋਰ ਥਾਂ ਉਹਨਾਂ ਨੂੰ ਮੁੜ ਜਨਮ ਦੇ ਦੇਂਦੀ ਹੈ, ਕਿਉਂਕਿ ਇਸ ਨੂੰ ਇੱਕ ਨਿਸ਼ਚਿਤ ਹੱਦ ਤੱਕ ਕੱਚੇ ਮਾਲ ਦੀ ਤਿਆਰੀ ਲਈ ਇਹਨਾਂ ਦੀ ਲੋੜ ਹੁੰਦੀ ਹੈ। ਇਸ ਲਈ, ਇਸ ਨਾਲ਼ ਛੋਟੇ ਪੇਂਡੂਆਂ ਦੀ ਇੱਕ ਨਵੀਂ ਜਮਾਤ ਪੈਦਾ ਹੁੰਦੀ ਹੈ, ਜਿਹੜੀ ਇੱਕ ਸਹਾਇਕ ਧੰਦੇ ਵਜੋਂ ਜ਼ਮੀਨ ਦੀ ਕਾਸ਼ਤ ਕਰਨ ਦੇ ਨਾਲ਼ ਨਾਲ਼ ਸਨਅਤੀ ਕਿਰਤ ਨੂੰ ਆਪਣਾ ਮੁੱਖ ਪੇਸ਼ਾ ਬਣਾ ਲੈਂਦੇ ਹਨ ਜਿਸ ਦੇ ਉਤਪਾਦਨਾਂ ਨੂੰ ਉਹ ਸਿੱਧੇ ਤੌਰ 'ਤੇ, ਜਾਂ ਸੁਦਾਗਾਰਾਂ ਦੇ ਮਾਧਿਅਮ ਰਾਹੀਂ, ਕਾਰਖਾਨੇਦਾਰਾਂ ਕੋਲ ਵੇਚ ਦੇਂਦੇ ਹਨ। ਇਹ ਉਸ ਵਰਤਾਰੇ ਦਾ ਇੱਕ, ਭਾਵੇਂ ਮੁੱਖ ਨਹੀਂ, ਕਾਰਨ ਹੈ ਜਿਹੜਾ, ਪਹਿਲਾਂ ਪਹਿਲਾਂ, ਇੰਗਲੈਂਡ ਦੇ ਇਤਿਹਾਸ ਦੇ ਵਿਦਿਆਰਥੀ ਨੂੰ ਭੰਬਲ-ਭੂਸਿਆਂ ਵਿੱਚ ਪਾ ਦੇਂਦਾ ਹੈ। 15ਵੀਂ ਸਦੀ ਦੀ ਆਖਰੀ ਤਿਹਾਈ ਤੋਂ ਹੀ, ਉਹ ਪਿੰਡਾਂ ਵਿੱਚ ਪੂੰਜੀਵਾਦੀ ਖੇਤੀ ਦੇ ਵਧ ਰਹੇ ਪਸਾਰ ਬਾਰੇ ਅਤੇ ਕਿਸਾਨੀ ਦੇ ਲਗਾਤਾਰ ਤਬਾਹ ਹੁੰਦੇ ਜਾਣ ਬਾਰੇ ਨਿਰੰਤਰ, ਕਦੇ ਕਦੇ ਵਿੱਚ ਨਹੀਂ ਵੀ, ਸ਼ਿਕਾਇਤ ਸੁਣਦਾ ਆ ਰਿਹਾ ਹੈ। ਦੂਜੇ ਪਾਸੇ, ਉਹ ਇਹ ਵੀ ਦੇਖਦਾ ਹੈ ਕਿ ਇਹ ਕਿਸਾਨੀ ਸਦਾ ਹੀ ਮੁੜ ਜੰਮਦੀ ਹੈ, ਭਾਵੇਂ ਕਿ ਇਸ ਦੀ

---

* ਇੱਕ ਕਿਰਤੀ ਦਾ ਪਰਵਾਰ ਹੋਰ ਕੰਮਾਂ ਦੇ ਨਾਲ਼ ਨਾਲ਼ ਆਪਣੀ ਹੀ ਮਿਹਨਤ ਦੁਆਰਾ ਵੀਹ ਪਾਊਂਡ ਉੱਨ ਨੂੰ ਚੁਪਚਾਪ ਹੀ ਜਦੋਂ ਆਪਣੇ ਸਲਾਨਾ ਕੱਪੜਿਆਂ ਵਿੱਚ ਬਦਲ ਲੈਂਦਾ ਹੈ, ਤਾਂ ਕੋਈ ਖਾਸ ਦਿਖਾਵਾ ਨਹੀਂ ਹੁੰਦਾ। ਪਰ ਇਸ ਉੱਨ ਨੂੰ ਮੰਡੀ ਵਿੱਚ ਲਿਆਓ, ਫ਼ੈਕਟਰੀ ਵਿੱਚ ਭੇਜੋ, ਫੇਰ ਆੜ੍ਹਤੀ ਕੋਲ ਅਤੇ ਉਸ ਤੋਂ ਪਿੱਛੋਂ ਵਪਾਰੀ ਕੋਲ, ਤਾਂ ਵੇਖੋਗੇ ਕਿ ਵੱਡੇ ਵਣਿਜਕ ਅਮਲ ਸ਼ੁਰੂ ਹੋ ਜਾਂਦੇ ਹਨ ਅਤੇ ਨਾਂ-ਮਾਤਰ ਪੂੰਜੀ ਆਪਣੀ ਕਦਰ ਦੇ ਵੀਹ-ਗੁਣਾ ਦੇ ਤੁਲ ਹੋ ਜਾਂਦੀ ਹੈ...। ਇਸ ਪ੍ਰਕਾਰ ਮਜ਼ਦੂਰ-ਜਮਾਤ ਫ਼ੈਕਟਰੀ ਦੀ ਅਭਾਗੀ ਅਬਾਦੀ ਦਾ, ਦੁਕਾਨਦਾਰਾਂ ਦੀ ਲਹੂਪੀਣੀ ਜਮਾਤ ਦਾ, ਅਤੇ ਇੱਕ ਝੂਠੇ ਵਣਜੀ, ਮੁਦਰਾ ਸਬੰਧੀ, ਅਤੇ ਮਾਲੀ ਪ੍ਰਬੰਧ ਦਾ ਸਮਰਥਨ ਕਰਨ ਵਿੱਚ ਹੀ ਡੁੱਬਦੀ-ਖੁਰਦੀ ਰਹਿੰਦੀ ਹੈ।" (*David Urquhart*, ਉਪ. ਪੁ. ਪੰਨਾ, 120)

ਗਿਣਤੀ ਘੱਟ ਹੁੰਦੀ ਹੈ, ਅਤੇ ਉਸ ਦੀ ਹਾਲਤ ਪਹਿਲਾਂ ਨਾਲੋਂ ਖਰਾਬ ਹੁੰਦੀ ਹੈ।* ਇਸ ਦਾ ਮੁੱਖ ਕਾਰਨ ਇਹ ਹੈ ਕਿ ਇੰਗਲੈਂਡ ਇੱਕ ਸਮੇਂ ਮੁੱਖ ਕਰਕੇ ਅਨਾਜ ਪੈਦਾ ਕਰਨ ਵਾਲਾ ਦੇਸ਼ ਹੁੰਦਾ ਹੈ ਅਤੇ ਦੂਸਰੇ ਸਮੇਂ ਮੁੱਖ ਕਰਕੇ ਪਸ਼ੂ ਪਾਲਣ ਵਾਲਾ। ਇਹ ਰੂਪ ਵਾਰੀ ਵਾਰੀ ਸਾਹਮਣੇ ਆਉਂਦੇ ਹਨ। ਅਤੇ ਇਹਨਾਂ ਦੇ ਨਾਲ਼ ਹੀ ਕਿਸਾਨਾਂ ਦੀ ਕਾਸ਼ਤ ਦਾ ਪਸਾਰ ਘਟਦਾ ਵਧਦਾ ਰਹਿੰਦਾ ਹੈ। ਸਿਰਫ਼ ਆਧੁਨਿਕ ਸਨਅਤ ਹੀ ਅਖੀਰ, ਮਸ਼ੀਨਾਂ ਦੇ ਰੂਪ ਵਿੱਚ, ਪੂੰਜੀਵਾਦੀ ਖੇਤੀ ਦਾ ਸਦੀਵੀ ਆਧਾਰ ਮੁਹੱਈਆ ਕਰਦੀ ਹੈ, ਜ਼ਰਾਇਤੀ ਵਸੋਂ ਦੀ ਓੜਕਾਂ ਦੀ ਬਹੁ-ਗਿਣਤੀ ਦਾ ਮੂਲ ਰੂਪ ਵਿੱਚ ਸੰਪਤੀਹਰਨ ਕਰਦੀ ਹੈ, ਅਤੇ ਜ਼ਰਾਇਤ ਤੇ ਪੇਂਡੂ ਘਰੇਲੂ ਸਨਅਤ ਵਿਚਕਾਰ ਅਲਹਿਦਗੀ ਨੂੰ ਸੰਪੂਰਨ ਕਰਦੀ ਹੈ ਜਿਸ ਦੀਆਂ ਜੜ੍ਹਾਂ – ਕਤਾਈ ਅਤੇ ਬੁਣਾਈ ਨੂੰ ਇਹ ਉਖੇੜ ਸੁੱਟਦੀ ਹੈ।** ਇਸ ਲਈ ਹੀ ਇਹ, ਪਹਿਲੀ ਵਾਰੀ, ਸਮੁੱਚੀ ਘਰੇਲੂ ਮੰਡੀ ਨੂੰ ਸਨਅਤੀ ਪੂੰਜੀ ਲਈ ਕਾਬੂ ਕਰ ਲੈਂਦੀ ਹੈ।***

---

* ਕਰਾਮਵੈਲ ਦਾ ਸਮਾਂ ਇਸ ਗੱਲੋਂ ਇੱਕ ਛੋਟ ਹੈ। ਜਿੰਨਾਂ ਚਿਰ ਰੀਪਬਲਿਕ ਕਾਇਮ ਰਹੀ, ਓਨਾ ਚਿਰ ਇੰਗਲੈਂਡ ਦੇ ਲੋਕਾਂ ਦੀਆਂ ਸਭੇ ਪਰਤਾਂ ਉਸ ਅਧੋਗਤੀ ਵਿੱਚੋਂ ਉੱਪਰ ਉੱਠੀਆਂ ਜਿਸ ਵਿੱਚ ਟਿਊਡਰ ਰਾਜਿਆਂ ਨੇ ਉਹਨਾਂ ਨੂੰ ਗਰਕ ਕਰ ਛੱਡਿਆ ਸੀ।

** ਟਕੇਟ ਇਸ ਗੱਲੋਂ ਸੁਚੇਤ ਹੈ ਕਿ ਆਧੁਨਿਕ ਊਨੀ ਸਨਅਤ ਦਾ ਜਨਮ, ਮਸ਼ੀਨਾਂ ਦੀ ਵਰਤੋਂ ਹੋਣ ਦੇ ਨਾਲ਼ ਨਾਲ਼, ਵਾਸਤਵਕ ਕਾਰਖਾਨੇਦਾਰੀ ਅਤੇ ਪੇਂਡੂ ਅਤੇ ਘਰੇਲੂ ਸਨਅਤਾਂ ਦੀ ਤਬਾਹੀ ਤੋਂ ਹੋਇਆ ਹੈ। (*Tuckett*, ਉਪ. ਪੁ. ਪੰਨਾ 144) "ਹਲ਼ ਅਤੇ ਪੰਜਾਲੀ ਦੇਵਦਿਆਂ ਦੀ ਕਾਢ ਸਨ ਅਤੇ ਸੂਰਮਿਆਂ ਦੇ ਵਰਤਣ ਦੀਆਂ ਚੀਜ਼ਾਂ; ਪਰ ਕੀ ਲੂਮ, ਸਪਿੰਡਲ ਅਤੇ ਤੱਕਲੇ ਪੈਦਾ ਕਰਨ ਵਾਲੇ ਘੱਟ ਉੱਚ ਕੁਲ ਦੇ ਹਨ ? ਤੱਕਲੇ ਅਤੇ ਹਲ਼ ਦਾ, ਸਪਿੰਡਲ ਅਤੇ ਪੰਜਾਲ਼ੀ ਦਾ ਸਬੰਧ ਤੋੜ ਦਿਓ, ਤਾਂ ਤੁਹਾਡੇ ਸਾਹਮਣੇ ਫ਼ੈਕਟਰੀਆਂ ਅਤੇ ਮੁਹਤਾਜਖਾਨੇ, ਕਰਜ਼ੇ ਅਤੇ ਬਦਹਵਾਸੀ, ਦੋ ਵਿਰੋਧੀ ਰਾਸ਼ਟਰ, ਜ਼ਰਾਇਤੀ ਅਤੇ ਵਣਜ ਕਰਨ ਵਾਲਾ, ਹੋਣਗੇ।" (David Urquhart, ਉਪ, ਪੁ. ਪੰਨਾ 122) ਇਸਦੇ ਪਿੱਛੋਂ ਕੇਰੀ ਆਉਂਦਾ ਹੈ ਅਤੇ ਇੰਗਲੈਂਡ ਬਾਬਤ ਸ਼ਿਕਾਇਤ ਕਰਦਾ ਹੈ, ਨਿਸ਼ਚੇ ਹੀ ਇਹ ਨਿਰਾਧਾਰ ਨਹੀਂ, ਕਿ ਇੰਗਲੈਂਡ ਦੂਜੇ ਹਰ ਦੇਸ਼ ਨੂੰ ਮਹਿਜ਼ ਜ਼ਰਾਇਤੀ ਰਾਸ਼ਟਰ ਬਣਾਉਣ ਦਾ ਯਤਨ ਕਰ ਰਿਹਾ ਹੈ ਜਿਸ ਲਈ ਕਾਰਖਾਨੇ ਦਾ ਮਾਲ ਇੰਗਲੈਂਡ ਤਿਆਰ ਕਰੇਗਾ। ਉਹ ਦਾਅਵਾ ਕਰਦਾ ਹੈ ਕਿ ਇਸ ਤਰੀਕੇ ਨਾਲ਼ ਤੁਰਕੀ ਨੂੰ ਬਰਬਾਦ ਕਰ ਦਿੱਤਾ ਗਿਆ ਹੈ, ਕਿਉਂਕਿ "ਜ਼ਮੀਨ ਦੇ ਮਾਲਕਾਂ ਅਤੇ ਇਸ ਨੂੰ ਵਾਹੁਣ ਵਾਲਿਆਂ ਨੂੰ ਇੰਗਲੈਂਡ ਨੇ ਕਦੇ ਇਹ ਆਗਿਆ ਨਹੀਂ ਦਿੱਤੀ ਕਿ ਉਹ ਹਲ਼ ਅਤੇ ਖੱਡੀ ਵਿਚਕਾਰ, ਹਥੌੜੇ ਅਤੇ ਕਰਾਹੇ ਵਿਚਕਾਰ ਸੁਭਾਵਕ ਮੇਲ-ਜੋਲ ਸਥਾਪਤ ਕਰਕੇ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਣਾ ਸਕਣ। («The Slave Trade» p. 125) ਉਸਦੇ ਅਨੁਸਾਰ ਤਾਂ ਖੁਦ ਉਰਕਹਾਰਟ ਤੁਰਕੀ ਦੀ ਤਬਾਹੀ ਦਾ ਇੱਕ ਮੁੱਖ ਜ਼ਿੰਮੇਵਾਰ ਹੈ ਜਿੱਥੇ ਉਸ ਨੇ ਇੰਗਲੈਂਡ ਦੇ ਹਿਤ ਵਿੱਚ ਸੁਤੰਤਰ ਵਪਾਰ ਦਾ ਪ੍ਰਚਾਰ ਕੀਤਾ। ਮਜ਼ੇਦਾਰ ਗੱਲ ਇਹ ਹੈ ਕਿ ਕੇਰੀ, ਜੋ ਉਂਝ ਬੜਾ ਰੂਸ-ਭਗਤ ਹੈ, ਅਲਹਿਦਗੀ ਦੇ ਅਮਲ ਨੂੰ ਸੁਰੱਖਿਆ ਦੇ ਉਸੇ ਪ੍ਰਬੰਧ ਨਾਲ ਰੋਕਣਾ ਚਾਹੁੰਦਾ ਹੈ ਜਿਹੜਾ ਇਸ ਨੂੰ ਤੇਜ਼ ਕਰਦਾ ਹੈ।

*** ਪਰ-ਉਪਕਾਰੀ ਅੰਗਰੇਜ਼ ਅਰਥ ਵਿਗਿਆਨੀ, ਜਿਵੇਂ ਮਿੱਲ, ਰੌਜਰਸ, ਗੋਲਡਵਿਨ, ਸਮਿਥ, ਫੌਸੇਟ, ਆਦਿ ਅਤੇ ਉਦਾਰਵਾਦੀ ਕਾਰਖਾਨੇਦਾਰ, ਜਿਵੇਂ ਜਾਹਨ ਬਰਾਈਟ ਐਂਡ ਕੰਪਨੀ ➯

# ਸਨਅਤੀ ਪੂੰਜੀਪਤੀ ਦੀ ਉਤਪਤੀ

ਸਨਅਤੀ* ਪੂੰਜੀਪਤੀ ਦੀ ਉਤਪਤੀ ਇਸ ਪ੍ਰਕਾਰ ਸਹਿਜੇ ਸਹਿਜੇ ਨਹੀਂ ਸੀ ਹੋਈ ਜਿਸ ਪ੍ਰਕਾਰ ਕਾਸ਼ਤਕਾਰ ਦੀ ਹੋਈ ਸੀ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਛੋਟੇ ਦਸਤਕਾਰੀ ਸੰਘ ਦੇ ਮੁਖੀ, ਅਤੇ ਇਸ ਤੋਂ ਵੀ ਜ਼ਿਆਦਾ ਸਵੈਧੀਨ ਛੋਟੇ ਕਾਰੀਗਰ, ਜਾਂ ਸਗੋਂ ਉਜਰਤੀ-ਮਜ਼ਦੂਰ ਖੁਦ ਪਹਿਲਾਂ ਛੋਟੇ ਛੋਟੇ ਪੂੰਜੀਪਤੀ ਅਤੇ ਫੇਰ (ਸਹਿਜੇ ਸਹਿਜੇ ਉਜਰਤੀ-ਮਜ਼ਦੂਰ ਦੀ ਲੁੱਟ-ਖਸੁੱਟ ਦਾ ਪਸਾਰ ਕਰਕੇ, ਅਤੇ ਉਸ ਦੇ ਅਨੁਸਾਰ ਹੀ ਇਕੱਤਰੀਕਰਨ ਕਰਕੇ) ਪੂਰੇ ਸੂਰੇ ਪੂੰਜੀਪਤੀ ਬਣ ਗਏ ਸਨ। ਪੂੰਜੀਵਾਦੀ ਉਤਪਾਦਨ ਦੀ ਬਾਲ-ਅਵਸਥਾ ਵਿੱਚ ਬਹੁਤੀਆਂ ਉਸੇ ਪ੍ਰਕਾਰ ਦੀਆਂ ਘਟਨਾਵਾਂ ਵਾਪਰਦੀਆਂ ਸਨ ਜਿਸ ਪ੍ਰਕਾਰ ਦੀਆਂ ਮੱਧ-ਕਾਲੀਨ ਨਗਰਾਂ ਦੀ ਬਾਲ-ਅਵਸਥਾ ਵਿੱਚ ਵਾਪਰਦੀਆਂ ਸਨ, ਜਿੱਥੇ ਇਹ ਸਵਾਲ, ਭੱਜ ਕੇ ਆਏ ਭੂਮੀ-ਗੁਲਾਮਾਂ ਵਿੱਚੋਂ ਕੌਣ ਮਾਲਕ ਬਣਨਾ ਚਾਹੀਦਾ ਹੈ ਅਤੇ ਕੌਣ ਨੌਕਰ, ਬਹੁਤ ਕਰਕੇ ਇਸ ਗੱਲ ਨਾਲ਼ ਨਜਿੱਠਿਆ ਜਾਂਦਾ ਸੀ ਕਿ ਕੌਣ ਪਹਿਲਾਂ ਦੌੜਿਆਂ ਸੀ ਜਾਂ ਕੌਣ ਮਗਰੋਂ। ਇਸ ਵਿਧੀ ਦੀ ਸੁਸਤ ਚਾਲ ਉਸ ਨਵੀਂ ਸੰਸਾਰ-ਮੰਡੀ ਦੀਆਂ ਵਣਜ-ਲੋੜਾਂ ਨਾਲ਼ ਕਿਵੇਂ ਵੀ ਮੇਲ ਨਹੀਂ ਸੀ ਖਾਂਦੀ ਜਿਹੜੀ 15ਵੀਂ ਸਦੀ ਦੇ ਅਖੀਰ ਮਹਾਨ ਲਭਤਾਂ ਸਦਕਾ ਪੈਦਾ ਹੋ ਗਈ ਸੀ। ਪਰੰਤੂ ਮੱਧ-ਕਾਲ ਤੋਂ ਪੂੰਜੀ ਦੇ ਦੋ ਵੱਖਰੇ ਵੱਖਰੇ ਰੂਪ ਮਿਲੇ ਸਨ ਜਿਹੜੇ ਅਤਿ ਵੱਖ ਵੱਖ ਆਰਥਕ ਸਮਾਜਿਕ ਪ੍ਰਣਾਲੀਆਂ ਵਿੱਚ ਪੱਕਦੇ ਹਨ, ਅਤੇ ਜਿਨ੍ਹਾਂ ਨੂੰ, ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦੇ ਯੁਗ ਤੋਂ ਪਹਿਲਾਂ, ਵਾਸਤਵਿਕ ਪੂੰਜੀ – ਸੂਦਖੋਰ ਦੀ ਪੂੰਜੀ ਅਤੇ ਸੁਦਾਗਰ ਦੀ ਪੂੰਜੀ – ਸਮਝਿਆ ਜਾਂਦਾ ਹੈ।

> "ਇਸ ਵੇਲੇ, ਸਮਾਜ ਦੀ ਸਾਰੀ ਦੌਲਤ ਪਹਿਲਾਂ ਪੂੰਜੀਪਤੀ ਦੇ ਕਬਜ਼ੇ ਵਿੱਚ ਜਾਂਦੀ ਹੈ...। ਉਹ ਭੂਮੀ ਮਾਲਕ ਨੂੰ ਉਸ ਦਾ ਲਗਾਨ ਅਦਾ ਕਰਦਾ ਹੈ, ਕਿਰਤੀ ਨੂੰ ਉਸ ਦੀ ਉਜਰਤ, ਕਰ ਅਤੇ ਦਸਵੰਧ ਵਸੂਲ ਕਰਨ ਵਾਲਿਆਂ ਨੂੰ ਉਹਨਾਂ ਦਾ ਹਿੱਸਾ ਦੇਂਦਾ ਹੈ, ਅਤੇ ਕਿਰਤ ਦੀ ਸਾਲਾਨਾ ਪੈਦਾਵਾਰ ਦਾ ਵੱਡਾ, ਅਤੇ ਸੱਚ ਤਾਂ ਇਹ ਹੈ ਕਿ ਸਭ ਤੋਂ ਵੱਡਾ ਅਤੇ ਨਿਰੰਤਰ ਵਧਦਾ ਜਾਂਦਾ ਹਿੱਸਾ ਉਹ

---

➯ ਉਵੇਂ ਹੀ ਇੰਗਲੈਂਡ ਦੇ ਭੂਮੀ ਮਾਲਕਾਂ ਨੂੰ ਪੁੱਛਦੇ ਹਨ, ਜਿਵੇਂ ਖੁਦਾ ਨੇ ਕੇਨ ਨੂੰ ਏਬਲ ਬਾਰੇ ਪੁੱਛਿਆ ਸੀ, "ਸਾਡੇ ਹਜ਼ਾਰਾਂ ਮਾਫ਼ੀਦਾਰ ਕਿੱਧਰ ਚਲੇ ਗਏ ? ਪਰ ਫੇਰ ਤੁਸੀਂ ਲੋਕ ਕਿੱਥੋਂ ਆ ਗਏ ? ਤੁਸੀਂ ਇਹਨਾਂ ਮਾਫੀਦਾਰਾਂ ਨੂੰ ਤਬਾਹ ਕਰਕੇ ਹੀ ਪੈਦਾ ਹੋਏ ਹੋ।" ਤੁਸੀਂ ਲੋਕ ਇੱਕ-ਇੱਕ ਕਦਮ ਹੋਰ ਅੱਗੇ ਜਾ ਕੇ ਇਹ ਕਿਉਂ ਨਹੀਂ ਪੁੱਛਦੇ ਕਿ ਸਵੈਧੀਨ ਬੋਣੇ, ਕਾਤੇ ਅਤੇ ਕਾਰੀਗਰ ਕਿੱਧਰ ਚਲੇ ਗਏ ਹਨ ?

* ਇੱਥੇ ਜ਼ਰਾਇਤੀ ਦੇ ਮੁਕਾਬਲੇ ਉੱਤੇ ਸ਼ਬਦ ਸਨਅਤੀ ਵਰਤਿਆ ਗਿਆ ਹੈ। "ਦੋ-ਟੂਕ" ਅਰਥਾਂ ਵਿੱਚ ਤਾਂ ਕਾਸ਼ਤਕਾਰ ਵੀ ਉਸੇ ਹੱਦ ਤੱਕ ਪੂੰਜੀਪਤੀ ਹੁੰਦਾ ਹੈ ਜਿਸ ਹੱਦ ਤੱਕ ਕਾਰਖਾਨੇਦਾਰ ਹੁੰਦਾ ਹੈ।

ਆਪਣੇ ਕੋਲ ਰੱਖਦਾ ਹੈ। ਹੁਣ ਪੂੰਜੀਪਤੀ ਨੂੰ ਸਮਾਜ ਦੀ ਕੁੱਲ ਦੌਲਤ ਦਾ ਪਹਿਲਾ ਮਾਲਕ ਆਖਿਆ ਜਾ ਸਕਦਾ ਹੈ, ਭਾਵੇਂ ਕਿਸੇ ਵੀ ਕਾਨੂੰਨ ਨੇ ਉਸ ਨੂੰ ਇਸ ਜਾਇਦਾਦ ਦਾ ਅਧਿਕਾਰ ਨਹੀਂ ਦਿੱਤਾ...। ਇਹ ਤਬਦੀਲੀ ਪੂੰਜੀ ਉੱਤੇ ਸੂਦ ਲੈਣ ਕਾਰਨ ਆਈ ਹੈ...। ਅਤੇ ਇਹ ਕੋਈ ਘੱਟ ਅਚੰਭਾਦਾਇਕ ਗੱਲ ਨਹੀਂ ਕਿ ਯੂਰਪ ਦੇ ਸਭ ਕਾਨੂੰਨ-ਘਾੜਿਆਂ ਨੇ ਕਾਨੂੰਨ ਬਣਾ ਕੇ, ਮਿਸਾਲ ਲਈ, ਸੂਦਖੋਰੀ ਦੇ ਵਿਰੁੱਧ ਕਾਨੂੰਨ ਬਣਾ ਕੇ, ਇਸ ਗੱਲ ਨੂੰ ਵਾਪਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ...। ਦੇਸ਼ ਦੀ ਕੁੱਲ ਦੌਲਤ ਉੱਤੇ ਪੂੰਜੀਪਤੀ ਦੇ ਅਧਿਕਾਰ ਦੀ ਸਥਾਪਤੀ ਜਾਇਦਾਦ ਦੇ ਅਧਿਕਾਰ ਵਿੱਚ ਇੱਕ ਮੁਕੰਮਲ ਤਬਦੀਲੀ ਹੈ, ਅਤੇ ਇਹ ਤਬਦੀਲੀ ਕਿਹੜੇ ਕਾਨੂੰਨ, ਜਾਂ ਕਿਹੜੀ ਕਾਨੂੰਨੀ ਲੜੀ, ਨਾਲ਼ ਆਈ ?"*

ਲੇਖਕ ਨੂੰ ਯਾਦ ਰਖਣਾ ਚਾਹੀਦਾ ਸੀ ਕਿ ਇਨਕਲਾਬ ਕਾਨੂੰਨਾਂ ਨਾਲ਼ ਨਹੀਂ ਆਉਂਦੇ ਹੁੰਦੇ।

ਸੂਦਖੋਰੀ ਅਤੇ ਵਣਿਜ ਦੇ ਸਾਧਨ ਦੁਆਰਾ ਬਣੀ ਨਕਦ ਪੂੰਜੀ ਨੂੰ ਪਿੰਡਾਂ ਵਿੱਚ ਸਾਮੰਤੀ ਸੰਵਿਧਾਨ ਅਤੇ ਸ਼ਹਿਰਾਂ ਵਿੱਚ ਦਸਤਕਾਰੀ ਸੰਘ ਨੇ ਸਨਅਤੀ ਪੂੰਜੀ ਦਾ ਰੂਪ ਧਾਰਨ ਕਰਨ ਤੋਂ ਰੋਕੀ ਰਖਿਆ।** ਸਾਮੰਤੀ ਸਮਾਜ ਦੇ ਉੱਖੜਨ ਨਾਲ਼, ਪਿੰਡਾਂ ਦੇ ਲੋਕਾਂ ਦੀ ਬੇਦਖਲੀ ਅਤੇ ਅੰਸ਼ਕ ਰੂਪ ਵਿੱਚ ਉਹਨਾਂ ਨੂੰ ਉਥੋਂ ਦੌੜਾਏ ਜਾਣ ਨਾਲ਼ ਇਹ ਬੰਧਨ ਖਤਮ ਹੋਏ। ਨਵੇਂ ਕਾਰਖਾਨੇਦਾਰ ਸਮੁੰਦਰ ਦੀਆਂ ਬੰਦਰਗਾਹਾਂ ਉੱਤੇ ਜਾਂ ਦੇਸ਼ ਦੇ ਅੰਦਰ ਉਹਨਾਂ ਥਾਵਾਂ ਉੱਤੇ ਜਾ ਟਿਕੇ ਜਿਹੜੇ ਪੁਰਾਣੀਆਂ ਨਗਰ-ਪਾਲਕਾਵਾਂ ਅਤੇ ਉਹਨਾਂ ਦੀਆਂ ਦਸਤਕਾਰੀਆਂ ਦੇ ਕੰਟਰੋਲ ਤੋਂ ਬਾਹਰ ਸਨ। ਇਸੇ ਲਈ ਹੀ ਇੰਗਲੈਂਡ ਵਿੱਚ ਇਹਨਾਂ ਨਵੀਆਂ ਸਨਅਤੀ ਪਨੀਰੀਆਂ ਅਤੇ ਜਥੇਬੰਦ ਨਗਰਾਂ (corporate towns) ਵਿੱਚ ਕਰੜਾ ਸੰਗਰਾਮ ਹੋਇਆ।

ਅਮਰੀਕਾ ਵਿੱਚ ਸੋਨੇ ਅਤੇ ਚਾਂਦੀ ਦੀ ਲੱਭਤ, ਆਦਿਵਾਸੀ ਲੋਕਾਂ ਦਾ ਬੀਜ ਨਾਸ ਕਰਨਾ, ਉਹਨਾਂ ਨੂੰ ਗੁਲਾਮ ਬਣਾਉਣਾ ਅਤੇ ਖਾਨਾਂ ਵਿੱਚ ਜਿਉਂਦਿਆਂ ਦੱਬ ਦੇਣਾ, ਈਸਟ ਇੰਡੀਜ਼ ਦੀ ਵਿਜੈ ਅਤੇ ਲੁੱਟ-ਮਾਰ ਦਾ ਆਰੰਭ, ਅਫ਼ਰੀਕਾ ਨੂੰ ਹਬਸ਼ੀਆਂ ਦੇ ਵਣਿਜੀ ਸ਼ਿਕਾਰ ਲਈ ਮੈਦਾਨ ਬਣਾ ਲੈਣਾ, ਪੂੰਜੀਵਾਦੀ ਉਤਪਾਦਨ ਦੇ ਦੌਰ ਦੀ ਗੁਲਾਬੀ ਪ੍ਰਭਾਤ ਦਾ ਸੰਕੇਤ ਸੀ। ਇਹ ਸੁਖਦਾਈ ਕਾਰਵਾਈਆਂ ਆਦਿ-ਕਾਲੀਨ ਇਕੱਤਰੀਕਰਨ ਦਾ ਮੁਖ ਤੱਤ

---

* «The Natural and Artificial Rights of Property Contrasted» London, 1832 p. 98, 99.ਇਸ ਗੁਮਨਾਮ ਛਪੀ ਪੁਸਤਕ ਦਾ ਕਰਤਾ: ਟਾ. ਹੌਜਸਕਿਨ।

** 1794 ਵਿੱਚ ਲੀਡਸ ਦੇ ਛੋਟੇ ਛੋਟੇ ਕੱਪੜਾ ਤਿਆਰ ਕਰਨ ਵਾਲ਼ਿਆਂ ਨੇ ਇੱਕ ਪਟੀਸ਼ਨ ਦੇ ਕੇ ਇਕ ਪ੍ਰਤੀਨਿਧ ਮੰਡਲ ਪਾਰਲੀਮੈਂਟ ਭੇਜਿਆ ਜਿਸ ਰਾਹੀਂ ਮੰਗ ਕੀਤੀ ਗਈ ਸੀ ਕਿ ਕਿਸੇ ਵੀ ਸੁਦਾਗਰ ਨੂੰ ਕਾਰਖਾਨੇਦਾਰ ਬਣਨ ਦੀ ਮਨਾਹੀ ਕਰਨ ਲਈ ਕਨੂੰਨ ਬਣਾਇਆ ਜਾਏ।(Dr. Aikin, «Description of the Country from 30 to 40 miles round Manchester», London, 1795)

ਹਨ। ਇਹਨਾਂ ਦੇ ਪਿੱਛੇ ਪਿੱਛੇ ਹੀ ਆਉਂਦੀ ਹੈ ਯੂਰਪੀ ਕੌਮਾਂ ਦੀ ਵਪਾਰਕ ਜੰਗ ਜਿਸ ਨੇ ਸਾਰੇ ਧਰਤ-ਗੋਲੇ ਨੂੰ ਆਪਣਾ ਮੈਦਾਨ ਬਣਾ ਲਿਆ। ਇਹ ਸਪੇਨ ਤੋਂ ਨੀਦਰਲੈਂਡ ਦੀ ਬਗ਼ਾਵਤ ਨਾਲ਼ ਸ਼ੁਰੂ ਹੁੰਦੀ ਹੈ, ਇੰਗਲੈਂਡ ਦੀ ਜੈਕੋਬਿਨ-ਵਿਰੋਧੀ ਜੰਗ ਵਿੱਚ ਇਹ ਦੇਵ-ਆਕਾਰ ਗ੍ਰਹਿਣ ਕਰ ਲੈਂਦੀ ਹੈ ਅਤੇ ਚੀਨ ਵਿਰੁੱਧ ਅਫ਼ੀਮ ਦੀਆਂ ਜੰਗਾਂ ਦੀ ਸ਼ਕਲ ਵਿੱਚ ਹਾਲੇ ਤੱਕ ਵੀ ਜਾਰੀ ਹੈ, ਆਦਿ।

ਆਰੰਭਕ ਇਕੱਤਰੀਕਰਨ ਦੇ ਵੱਖ ਵੱਖ ਤੱਤ ਹੁਣ ਆਪਣੇ ਆਪ ਨੂੰ, ਘੱਟ ਜਾਂ ਵੱਧ ਕਾਰ-ਕਰਮ ਅਨੁਸਾਰ ਖਾਸ ਕਰਕੇ ਸਪੇਨ, ਪੁਰਤਗਾਲ, ਹਾਲੈਂਡ, ਫ਼ਰਾਂਸ ਅਤੇ ਇੰਗਲੈਂਡ ਵਿੱਚ ਵੰਡ ਲੈਂਦੇ ਹਨ। 17ਵੀਂ ਸਦੀ ਦੇ ਅਖੀਰ ਉਹ ਇੰਗਲੈਂਡ ਵਿੱਚ ਬਾਕਾਇਦਗੀ ਦੇ ਢੰਗ ਨਾਲ਼ ਜੁੜ ਜਾਂਦੇ ਹਨ ਅਤੇ ਬਸਤੀਆਂ, ਕੌਮੀ ਕਰਜ਼ਿਆਂ, ਆਧੁਨਿਕ ਟੈਕਸ ਪ੍ਰਣਾਲੀ ਅਤੇ ਸੁਰੱਖਿਆਮਈ ਪ੍ਰਬੰਧ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਹਨ। ਇਹ ਢੰਗ ਕੁਝ ਹੱਦ ਤੱਕ ਅੰਨ੍ਹੇ ਬਲ, ਅਰਥਾਤ, ਬਸਤੀਵਾਦੀ ਪ੍ਰਬੰਧ ਉੱਤੇ ਨਿਰਭਰ ਕਰਦੇ ਹਨ। ਪਰ ਇਹ ਸਭ ਹੀ ਉਤਪਾਦਨ ਦੀ ਸਾਮੰਤੀ ਪ੍ਰਣਾਲੀ ਨੂੰ ਪੂੰਜੀਵਾਦੀ ਪ੍ਰਣਾਲੀ ਵਿੱਚ ਬਦਲਣ ਦੇ ਅਮਲ ਨੂੰ, ਪੌਦਘਰਾਂ ਦੇ ਅੰਦਾਜ਼ ਵਿੱਚ, ਤੇਜ਼ ਕਰਨ ਲਈ ਅਤੇ ਇਸ ਬਦਲੀ ਕਾਲ ਨੂੰ ਸੰਖੇਪ ਕਰਨ ਲਈ, ਸਮਾਜ ਦੇ ਕੇਂਦਰਿਤ ਅਤੇ ਜਥੇਬੰਦ ਬਲ ਦੀ, ਰਾਜ ਦੀ ਸੱਤਾ ਦੀ ਵਰਤੋਂ ਕਰਦੇ ਹਨ। ਬਲ ਹਰ ਪੁਰਾਣੇ ਸਮਾਜ ਲਈ ਜਿਸ ਦੇ ਗਰਭ ਵਿੱਚ ਨਵਾਂ ਸਮਾਜ ਹੁੰਦਾ ਹੈ ਦਾਈ ਦਾ ਸਥਾਨ ਰੱਖਦਾ ਹੈ। ਬਲ ਆਪਣੇ ਆਪ ਵਿੱਚ ਇੱਕ ਆਰਥਕ ਸ਼ਕਤੀ ਹੁੰਦਾ ਹੈ।

ਈਸਾਈ ਬਸਤੀਵਾਦੀ ਪ੍ਰਬੰਧ ਬਾਰੇ, ਵਿ. ਹੌਵਿਟ ਨੇ, ਜਿਹੜਾ ਆਪ ਈਸਾਈ ਮੱਤ ਦੇ ਮਾਮਲਿਆਂ ਦਾ ਮਾਹਿਰ ਸੀ, ਲਿਖਿਆ ਹੈ:

> "ਅਖੌਤੀ ਈਸਾਈ ਨਸਲ ਨੇ, ਦੁਨੀਆਂ ਦੇ ਹਰ ਹਿੱਸੇ ਵਿੱਚ ਅਤੇ ਦੁਨੀਆਂ ਦੀ ਹਰ ਉਸ ਕੌਮ ਉੱਤੇ, ਜਿਸ ਨੂੰ ਉਹ ਆਪਣੇ ਅਧੀਨ ਕਰ ਲੈਣ ਦੇ ਸਮਰਥ ਹੋਈ, ਜੋ ਬਰਬਰ ਅਤੇ ਭਿਆਨਕ ਜ਼ੁਲਮ ਕੀਤੇ ਹਨ ਉਹ ਕਿਸੇ ਹੋਰ ਨਸਲ ਨੇ, ਭਾਵੇਂ ਉਹ ਕਿੰਨੀ ਵੀ ਖ਼ੂੰਖਾਰ, ਜਾਹਿਲ ਅਤੇ ਦਇਆ ਤੇ ਸ਼ਰਮ ਤੋਂ ਵਿਹੂਣੀ ਸੀ, ਇਸ ਧਰਤੀ ਦੇ ਕਿਸੇ ਯੁਗ ਵਿੱਚ ਨਹੀਂ ਕੀਤੇ।*

ਹਾਲੈਂਡ ਦੇ ਬਸਤੀਵਾਦੀ ਸ਼ਾਸਨ ਦਾ ਇਤਿਹਾਸ - ਅਤੇ ਹਾਲੈਂਡ 17ਵੀਂ ਸਦੀ ਦਾ ਮੁਖੀ ਪੂੰਜੀਵਾਦੀ ਰਾਸ਼ਟਰ ਸੀ - "ਵਿਸਾਹਘਾਤ, ਰਿਸ਼ਵਤਖੋਰੀ, ਕਤਲੇਆਮ ਅਤੇ

---

* *William Howitt.* «Colonization and Christianity. A Popular History of the Treatment of Natives by the Europeans in all their Colonies». London, 1838, p. 9. ਗ਼ੁਲਾਮਾਂ ਨਾਲ਼ ਕੀਤੇ ਸਲੂਕ ਬਾਰੇ *Charles Comte* ਦੀ ਪੁਸਤਕ «Traité de Legislation» 3 ème èd. Bruxelles, 1837. ਇੱਕ ਵਧੀਆ ਸੰਗ੍ਰਹਿ ਹੈ। ਇਹ ਵੇਖਣ ਲਈ ਕਿ ਬੁਰਜੂਆਜ਼ੀ ਆਪਣੇ ਆਪ ਨੂੰ ਅਤੇ ਕਿਰਤੀ ਨੂੰ, ਜਿੱਥੇ ਕਿਤੇ ਬਿਨਾਂ ਰੋਕ ਟੋਕ ਦੇ ਦੁਨੀਆਂ ਨੂੰ ਆਪਣੇ ਬਿੰਬ ਅਨੁਸਾਰ ਡੌਲ ਸਕਦੀ ਹੈ, ਕੀ ਬਣਾ ਦੇਂਦੀ ਹੈ। ਬੰਦੇ ਨੂੰ ਇਸ ਵਿਸ਼ੇ ਦਾ ਵਿਸਤ੍ਰਿਤ ਅਧਿਐਨ ਕਰਨਾ ਚਾਹੀਦਾ ਹੈ।

ਕਮੀਨਗੀ ਦੇ ਅਤਿਅੰਤ ਅਸਾਧਾਰਨ ਸਬੰਧਾਂ ਦਾ ਇਤਿਹਾਸ ਹੈ।* ਜਾਵਾ ਵਿੱਚ ਗ਼ੁਲਾਮ ਬਣਾ ਕੇ ਲਿਜਾਣ ਵਾਸਤੇ, ਬੰਦੇ ਚੁਰਾਉਣ ਦੇ ਉਹਨਾਂ ਦੇ ਪ੍ਰਬੰਧ ਨਾਲੋਂ ਵਧੇਰੇ ਲਖਣਾਇਕ ਹੋਰ ਕੋਈ ਗੱਲ ਨਹੀਂ। ਬੰਦੇ ਚੋਰੀ ਕਰਨ ਵਾਲਿਆਂ ਨੂੰ ਇਸ ਮਨੋਰਥ ਲਈ ਖਾਸ ਸਿਖਲਾਈ ਦਿੱਤੀ ਜਾਂਦੀ ਸੀ। ਚੋਰ, ਦੁਭਾਸ਼ੀਆ, ਅਤੇ ਵਿਕਰੇਤਾ ਇਸ ਤਜਾਰਤ ਦੇ ਮੁੱਖ ਏਜੰਟ ਸਨ ਅਤੇ ਸਥਾਨਕ ਸ਼ਹਿਜ਼ਾਦੇ ਮੁਖ ਵੇਚਣ ਵਾਲੇ ਹੁੰਦੇ ਸਨ। ਚੁਰਾਏ ਗਏ ਨੌਜਵਾਨ ਲੋਕਾਂ ਨੂੰ, ਸੇਲੀਬੀਜ਼ ਦੇ ਗੁਪਤ ਭੋਰਿਆਂ ਵਿੱਚ ਬੰਦ ਰੱਖਿਆ ਜਾਂਦਾ ਸੀ ਜਿੰਨਾਂ ਚਿਰ ਤੱਕ ਉਹ ਗ਼ੁਲਾਮ ਲਿਜਾਣ ਵਾਲੇ ਜਹਾਜ਼ਾਂ ਨੂੰ ਭੇਜਣ ਦੇ ਯੋਗ ਨਹੀਂ ਸਨ ਹੋ ਜਾਂਦੇ। ਇੱਕ ਸਰਕਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ:

> "ਮਿਸਾਲ ਲਈ, ਇਹ ਇੱਕ ਸ਼ਹਿਰ ਮੈਕਾਮਰ ਹੀ ਗੁਪਤ ਕੈਦ-ਖਾਨਿਆਂ ਨਾਲ਼ ਭਰਪੂਰ ਹੈ, ਜਿਹੜੇ ਇੱਕ ਤੋਂ ਇੱਕ ਵੱਧ ਭਿਆਨਕ ਹਨ, ਜਿਨ੍ਹਾਂ ਵਿੱਚ ਜ਼ੰਜੀਰਾਂ ਵਿੱਚ ਜਕੜੇ ਲਾਲਚ ਅਤੇ ਅੱਤਿਆਚਾਰ ਦਾ ਸ਼ਿਕਾਰ ਬਣਾਏ, ਆਪਣੇ ਪਰਵਾਰਾਂ ਨਾਲੋਂ ਜਬਰੀ ਵੱਖ ਕੀਤੇ ਹੋਏ ਬਦਕਿਸਮਤ ਲੋਕ ਤੂੜੇ ਪਏ ਹਨ।"

ਮਾਲਕਾਂ ਨੂੰ ਪ੍ਰਾਪਤ ਕਰਨ ਲਈ, ਡੱਚਾਂ ਨੇ ਪੁਰਤਗਾਲੀ ਗਵਰਨਰ ਨੂੰ ਭ੍ਰਿਸ਼ਟਾਚਾਰੀ ਬਣਾ ਦਿੱਤਾ। ਉਸ ਨੇ ਉਹਨਾਂ ਨੂੰ 1641 ਵਿੱਚ ਸ਼ਹਿਰ ਵਿੱਚ ਵੜਨ ਦੀ ਆਗਿਆ ਦੇ ਦਿੱਤੀ। ਉਹਨਾਂ ਨੇ ਇੱਕਦਮ ਪਹਿਲਾਂ ਉਸੇ ਦੇ ਹੀ ਘਰ ਉਤੇ ਧਾਵਾ ਬੋਲਿਆ ਅਤੇ ਉਸ ਵੱਲੋਂ ਕੀਤੇ ਵਿਸਾਹਘਾਤ ਦੀ ਕੀਮਤ 21,875 ਪੌਂਡ ਅਦਾ ਕਰਨੋਂ "ਬਚਣ" ਲਈ ਉਸ ਨੂੰ ਕਤਲ ਕਰ ਦਿੱਤਾ। ਉਹਨਾਂ ਨੇ ਜਿੱਥੇ ਕਿਤੇ ਵੀ ਪੈਰ ਰਖਿਆ, ਉੱਥੇ ਹੀ ਤਬਾਹੀ ਹੋਈ ਅਤੇ ਲੋਕ ਉਜੜੇ। ਜਾਵਾ ਦੇ ਇੱਕ ਸੂਬੇ ਬਾਂਜੂਵਾਂਗੀ ਵਿੱਚ 1750 ਅੰਦਰ 80,000 ਲੋਕ ਵਸਦੇ ਸਨ ਜਿੱਥੇ 1811 ਵਿੱਚ ਸਿਰਫ਼ 18,000 ਦੀ ਵਸੋਂ ਰਹਿ ਗਈ। Doux commerce (ਕਿੰਨਾ ਕਮਾਲ ਦਾ ਧੰਦਾ ਸੀ!)

ਜਿਵੇਂ ਕਿ ਸਭ ਜਾਣਦੇ ਹਨ, ਅੰਗਰੇਜ਼ ਈਸਟ ਇੰਡੀਆ ਕੰਪਨੀ** ਨੇ ਹਿੰਦੁਸਤਾਨ

---

* *Thomas Stamford Raffles*, late Lieut Gov. of that island. «The History of Java» London, 1817 [v. II, p. CXC-CXCIV]

** ਈਸਟ ਇੰਡੀਆ ਕੰਪਨੀ:— ਇੱਕ ਅੰਗਰੇਜ਼ ਤਜਾਰਤੀ ਕੰਪਨੀ ਜਿਹੜੀ 1600 ਤੋਂ 1858 ਤੱਕ ਕਾਇਮ ਰਹੀ। ਇਹ ਹਿੰਦੁਸਤਾਨ, ਚੀਨ ਅਤੇ ਦੂਜੇ ਏਸ਼ੀਆਈ ਦੇਸਾਂ ਵਿੱਚ ਇੰਗਲੈਂਡ ਦੀ ਲੋਟੂ ਬਸਤੀਵਾਦੀ ਨੀਤੀ ਦਾ ਹੱਥਠੋਕਾ ਸੀ। 18ਵੀਂ ਸਦੀ ਦੇ ਮੱਧ ਤੋਂ ਅੱਗੋਂ ਇਹ ਕੰਪਨੀ, ਜਿਸ ਦੀ ਕਮਾਂਡ ਵਿੱਚ ਥਲ-ਸੈਨਾ ਅਤੇ ਜਲ-ਸੈਨਾ ਸੀ, ਇੱਕ ਮਜ਼ਬੂਤ ਸੈਨਿਕ ਸ਼ਕਤੀ ਸੀ ਜਿਹੜੀ ਹਿੰਦੁਸਤਾਨ ਨੂੰ ਫਤਿਹ ਕਰਨ ਲਈ ਅੰਗਰੇਜ਼ ਬਸਤੀਵਾਦੀਆਂ ਵੱਲੋਂ ਵਰਤੋਂ ਵਿੱਚ ਲਿਆਂਦੀ ਗਈ। ਚੋਖੇ ਸਮੇਂ ਤੱਕ ਹਿੰਦੁਸਤਾਨ ਨਾਲ਼ ਵਪਾਰ ਦੀ ਮੁਕੰਮਲ ਇਜਾਰੇਦਾਰੀ ਇਸ ਕੰਪਨੀ ਕੋਲ਼ ਰਹੀ ਅਤੇ ਇਸ ਨੇ ਉਸ ਦੇ ਵਿੱਚ ਰਾਜਨੀਤਕ ਸੱਤਾ ਦੀ ਵਰਤੋਂ ਕੀਤੀ। ਪਰੰਤੂ, 1857-1859 ਦੀ ਹਿੰਦੁਸਤਾਨ ਦੀ ਕੌਮੀ ਅਜ਼ਾਦੀ ਦੇ ਉਭਾਰ ਨੇ ਅੰਗਰੇਜ਼ਾਂ ਨੂੰ ਆਪਣੇ ਬਸਤੀਵਾਦੀ ਗ਼ਲਬੇ ਦਾ ਰੂਪ ਬਦਲਣ ਲਈ ਮਜਬੂਰ ਕੀਤਾ; ਕੰਪਨੀ ਦਾ ਵਜੂਦ ਖਤਮ ਕਰ ਦਿੱਤਾ ਗਿਆ ਅਤੇ ਹਿੰਦੁਸਤਾਨ ਬਰਤਾਨਵੀ ਬਾਦਸ਼ਾਹ ਦੀ ਜਾਇਦਾਦ ਬਣ ਗਿਆ। **-ਸੰਪਾ.**

ਵਿੱਚ ਰਾਜਨੀਤਕ ਹਕੂਮਤ ਤੋਂ ਇਲਾਵਾ, ਚਾਹ ਦੇ ਵਪਾਰ ਦੀ, ਅਤੇ ਚੀਨ ਨਾਲ਼ ਆਮ ਵਪਾਰ ਦੀ ਅਤੇ ਯੂਰਪ ਤੋਂ ਮਾਲ ਲਿਜਾਣ ਤੇ ਇੱਥੇ ਮਾਲ ਲਿਆਉਣ ਦੀ ਪੂਰੀ ਅਜਾਰੇਦਾਰੀ ਪ੍ਰਾਪਤ ਕਰ ਲਈ ਸੀ। ਪਰ ਹਿੰਦੁਸਤਾਨ ਦਾ ਤੱਟਵਰਤੀ ਵਪਾਰ ਅਤੇ ਟਾਪੂਆਂ ਵਿਚਕਾਰ ਅਤੇ ਨਾਲ਼ ਹੀ ਹਿੰਦੁਸਤਾਨ ਦਾ ਅੰਦਰੂਨੀ ਵਪਾਰ ਕੰਪਨੀ ਦੇ ਉੱਚੇ ਕਰਮਚਾਰੀਆਂ ਦੀ ਇਜਾਰੇਦਾਰੀ ਸੀ। ਲੂਣ, ਅਫ਼ੀਮ, ਪਾਨ ਅਤੇ ਦੂਜੀਆਂ ਜਿਣਸਾਂ ਦੀਆਂ ਇਜਾਰੇਦਾਰੀਆਂ ਦੌਲਤ ਦੀਆਂ ਅਖੁੱਟ ਖਾਨਾਂ ਸਨ। ਇਹ ਕਰਮਚਾਰੀ ਖੁਦ ਹੀ ਕੀਮਤਾਂ ਮਿਥਦੇ ਸਨ ਅਤੇ ਬਦਕਿਸਮਤ ਹਿੰਦੂਆਂ ਨੂੰ ਮਨਮਰਜੀ ਨਾਲ਼ ਲੁਟਦੇ ਸਨ। ਗਵਰਨਰ ਜਨਰਲ ਇਸ ਪ੍ਰਾਈਵੇਟ ਵਪਾਰ ਵਿੱਚ ਹਿੱਸਾ ਲੈਂਦਾ ਸੀ। ਉਸ ਦੇ ਕਿਰਪਾ-ਪਾਤਰਾਂ ਨੂੰ ਅਜਿਹੀਆਂ ਸ਼ਰਤਾਂ ਉੱਤੇ ਠੇਕੇ ਮਿਲਦੇ ਸਨ ਜਿਨ੍ਹਾਂ ਨਾਲ਼ ਉਹ, ਕੀਮੀਆਗਰਾਂ ਨਾਲੋਂ ਵਧੇਰੇ ਚਾਲਾਕ; ਮਿੱਟੀ ਤੋਂ ਸੋਨਾ ਬਣਾਉਂਦੇ ਸਨ। ਇੱਕ ਦਿਨ ਵਿੱਚ ਹੀ ਖੁੰਬਾਂ ਵਾਂਗ ਅੰਨ੍ਹੀ ਦੌਲਤ ਇਕੱਠੀ ਹੁੰਦੀ; ਇਕ ਸ਼ਲਿੰਗ ਵੀ ਲਾਏ ਬਿਨਾਂ ਆਰੰਭਕ ਇਕੱਤਰੀਕਰਨ ਹੁੰਦਾ ਗਿਆ। ਵਾਰਨ ਹੇਸਟਿੰਗਜ਼ ਦੇ ਮੁਕੱਦਮੇ ਵਿੱਚ ਅਜਿਹੇ ਕਈ ਮਾਮਲੇ ਸਾਹਮਣੇ ਆਏ। ਇੱਕ ਉਦਾਹਰਣ ਇਹ ਹੈ। ਇੱਕ ਸੱਲੀਵਾਨ ਨਾਂ ਦੇ ਬੰਦੇ ਨੂੰ ਹਿੰਦੁਸਤਾਨ ਦੇ ਇੱਕ ਇਲਾਕੇ ਵੱਲ, ਜਿਹੜਾ ਅਫ਼ੀਮ ਵਾਲੇ ਇਲਾਕੇ ਤੋਂ ਬਹੁਤ ਦੂਰ ਸੀ, ਇਕ ਸਰਕਾਰੀ ਮਿਸ਼ਨ ਉੱਤੇ ਭੇਜੇ ਜਾਣ ਦੀ ਘੜੀ ਅਫ਼ੀਮ ਦਾ ਠੇਕਾ ਦੇ ਦਿੱਤਾ ਗਿਆ। ਸੱਲੀਵਨ ਨੇ ਇਹ ਠੇਕਾ ਕਿਸੇ ਬਿੱਲ ਕੋਲ 40,000 ਪੌਂਡ ਨੂੰ ਵੇਚ ਦਿੱਤਾ; ਬਿੱਲ ਨੇ ਉਸੇ ਦਿਨ ਇਹ 60,000 ਪੌਂਡ ਨੂੰ ਅੱਗੇ ਵੇਚ ਦਿੱਤਾ। ਅਤੇ ਅੰਤਮ ਖਰੀਦਦਾਰ ਨੇ, ਜਿਸ ਨੇ ਠੇਕਾ ਸਿਰੇ ਚਾੜ੍ਹਿਆ, ਐਲਾਨ ਕੀਤਾ ਕਿ ਆਖਰ ਉਸ ਨੂੰ ਓੜਕਾਂ ਦਾ ਲਾਭ ਹੋਇਆ ਸੀ। ਪਾਰਲੀਮੈਂਟ ਅੱਗੇ ਪੇਸ਼ ਕੀਤੀ ਇੱਕ ਸੂਚੀ ਅਨੁਸਾਰ, 1757-1766 ਵਿਚਕਾਰ ਕੰਪਨੀ ਅਤੇ ਇਸ ਦੇ ਕਰਮਚਾਰੀਆਂ ਨੇ ਹਿੰਦੁਸਤਾਨੀਆਂ ਕੋਲੋਂ 60,00,000 ਪੌਂਡ ਸੁਗਾਤਾਂ ਦੀ ਸ਼ਕਲ ਵਿੱਚ ਵਸੂਲ ਕੀਤੇ। 1769 ਅਤੇ 1770 ਦੇ ਵਿਚਕਾਰ, ਅੰਗਰੇਜ਼ਾਂ ਨੇ ਸਾਰੇ ਚੌਲ ਖਰੀਦ ਕੇ ਅਤੇ ਮੁੜ ਇਸ ਨੂੰ ਵੇਚਣੋਂ ਇਨਕਾਰ ਕਰਕੇ, ਸਿਵਾਏ ਅਤਿਅੰਤ ਉੱਚੀ ਕੀਮਤ ਦੇ, ਇਕ ਕਾਲ ਪੈਦਾ ਕਰ ਦਿੱਤਾ ਸੀ।*

ਕੁਦਰਤੀ ਹੀ, ਆਦਿਵਾਸੀਆਂ ਨਾਲ਼ ਅਤਿ ਭਿਆਨਕ ਸਲੂਕ ਕੇਵਲ ਬਰਾਮਦੀ ਤਜਾਰਤ ਲਈ ਲਾਏ ਗਏ ਬਾਗਾਂ ਵਾਲੀਆਂ ਬਸਤੀਆਂ ਵਿੱਚ ਹੁੰਦਾ ਸੀ, ਜਿਵੇਂ ਵੈਸਟ ਇੰਡੀਜ਼ ਵਿੱਚ, ਅਤੇ ਅਮੀਰ ਅਤੇ ਸੰਘਣੀ ਆਬਾਦੀ ਵਾਲੇ ਦੇਸ਼ਾਂ ਵਿੱਚ ਜਿਵੇਂ ਮੈਕਸੀਕੋ ਅਤੇ ਹਿੰਦੁਸਤਾਨ, ਜਿਨ੍ਹਾਂ ਦੀ ਅੰਧਾ-ਧੁੰਦ ਲੁੱਟ-ਮਾਰ ਹੋ ਰਹੀ ਸੀ। ਪਰ ਉੱਚਿਤ ਰੂਪ ਵਿੱਚ ਆਖੀਆਂ ਜਾਣ ਵਾਲੀਆਂ ਬਸਤੀਆਂ ਵਿੱਚ ਵੀ, ਆਰੰਭਕ ਇਕੱਤਰੀਕਰਨ ਦੇ ਈਸਾਈਅਤ ਵਾਲੇ ਚਲਨ ਨੇ ਆਪਣੇ ਆਪ ਨੂੰ ਝੁਠਲਾਇਆ ਨਹੀਂ। ਪ੍ਰੋਟੈਸਟੈਂਟ ਮਤ ਦੇ ਉਹਨਾਂ ਗੰਭੀਰ ਮਾਹਰਾਂ ਨੇ, ਨਿਊ ਇੰਗਲੈਂਡ ਦੇ ਪਿਉਰੀਟਨਾਂ ਨੇ – 1703 ਵਿੱਚ ਆਪਣੀ ਪ੍ਰੀਸ਼ਦ ਦੇ ਕੁਝ

* 1866 ਵਿੱਚ ਨਿਰੇ ਉੜੀਸਾ ਵਿੱਚ ਹੀ ਦਸ ਲੱਖ ਤੋਂ ਵੱਧ ਹਿੰਦੂ ਭੁੱਖ ਨਾਲ਼ ਮਰੇ। ਤਾਂ ਵੀ ਭਾਰਤੀ ਖਜ਼ਾਨੇ ਨੂੰ ਉਸ ਕੀਮਤ ਨਾਲ਼ ਭਰਪੂਰ ਕਰਨ ਦਾ ਯਤਨ ਕੀਤਾ ਗਿਆ, ਜਿਸ ਕੀਮਤ ਉੱਤੇ ਜਿਊਣ ਲਈ ਲੁੜੀਂਦੀਆਂ ਵਸਤਾਂ ਭੁੱਖੀ ਮਰਦੀ ਵਸੋਂ ਕੋਲ ਵੇਚੀਆਂ ਜਾਂਦੀਆਂ ਸਨ।

ਫਰਮਾਨਾਂ ਰਾਹੀਂ ਹਰ ਅਮਰੀਕੀ ਆਦਿ ਵਾਸੀ ਦੀ ਖੋਪੜੀ ਦਾ ਜਾਂ ਉਸ ਨੂੰ ਜਿਊਂਦੇ ਨੂੰ ਫੜ ਲਿਆਉਣ ਦਾ 40 ਪੌਂਡ ਇਨਾਮ ਮਿਥ ਦਿੱਤਾ ਸੀ; 1720 ਵਿੱਚ ਹਰ ਖੋਪੜੀ ਲਈ ਇਨਾਮ 100 ਪੌਂਡ ਹੋ ਗਿਆ; 1744 ਵਿੱਚ ਮੈਸਾਚੂਸੈਟਸ-ਬੇ ਵਲੋਂ ਇੱਕ ਖਾਸ ਕਬੀਲੇ ਨੂੰ ਬਾਗੀ ਕਰਾਰ ਦਿੱਤੇ ਜਾਣ ਪਿਛੋਂ, ਤਾਂ ਨਿਮਨਲਿਖਤ ਕੀਮਤਾਂ ਦਾ ਐਲਾਨ ਕੀਤਾ ਗਿਆ; 12 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਮਰਦ ਦੀ ਖੋਪੜੀ ਲਈ 100 ਪੌਂਡ (ਨਵੇਂ ਸਿੱਕੇ ਵਿੱਚ), ਮਰਦ ਨੂੰ ਕੈਦੀ ਬਣਾਉਣ ਲਈ 105 ਪੌਂਡ, ਔਰਤਾਂ ਅਤੇ ਬੱਚਿਆਂ ਨੂੰ ਕੈਦੀ ਬਣਾਉਣ ਲਈ 50 ਪੌਂਡ, ਅਤੇ ਔਰਤਾਂ ਅਤੇ ਬੱਚਿਆਂ ਦੀਆਂ ਖੋਪੜੀਆਂ ਲਈ 50 ਪੌਂਡ। ਕੁਝ ਦਹਾਕੇ ਮਗਰੋਂ, ਬਸਤੀਵਾਦੀ ਪ੍ਰਬੰਧ ਨੇ ਇਹਨਾਂ ਪਵਿੱਤਰ ਹਿਰਦੇ ਵਾਲੇ ਯਾਤਰੂ ਵਡੇਰਿਆਂ piligrim fathers ਦੀ ਸੰਤਾਨ ਤੋਂ ਬਦਲਾ ਲਿਆ, ਜਿਹੜੇ ਇਚਰ ਨੂੰ ਰਾਜ-ਧਰੋਹੀ ਹੋ ਗਏ ਹੋਏ ਸਨ। ਅੰਗਰੇਜ਼ਾਂ ਦੀ ਸ਼ਹਿ ਉੱਤੇ ਅਤੇ ਅੰਗਰੇਜ਼ਾਂ ਕੋਲੋਂ ਪੈਸੇ ਲੈ ਕੇ ਲਾਲ ਚਮੜੀ ਵਾਲੇ ਅਮਰੀਕਨਾਂ ਨੇ ਇਹਨਾਂ ਦੇ ਸਿਰ ਲਾਹੇ। ਬਰਤਾਨੀਆਂ ਦੀ ਪਾਰਲੀਮੈਂਟ ਨੇ ਇਹਨਾਂ ਲੋਕਾਂ ਪਿੱਛੇ ਸ਼ਿਕਾਰੀ ਕੁੱਤੇ ਛੱਡਣਾ ਅਤੇ ਇਹਨਾਂ ਦੀਆਂ ਖੋਪੜੀਆਂ ਲਾਹੁਣਾ "ਰੱਬ ਅਤੇ ਕੁਦਰਤ ਵਲੋਂ ਇਹਨਾਂ ਦੇ ਹੱਥਾਂ ਵਿੱਚ ਦਿੱਤਾ ਇੱਕ ਸਾਧਨ" ਘੋਸ਼ਤ ਕਰ ਦਿੱਤਾ ਸੀ।

ਪੌਦਘਰਾਂ ਵਿੱਚ ਪੌਦਿਆਂ ਦੇ ਜਲਦੀ ਜਵਾਨ ਹੋ ਜਾਣ ਵਾਂਗ, ਬਸਤੀਵਾਦੀ ਪ੍ਰਬੰਧ ਦੀ ਛਤਰ ਛਾਇਆ ਹੇਠ ਤਜਾਰਤ ਅਤੇ ਜਹਾਜ਼ਰਾਨੀ ਦਾ ਵਿਕਾਸ ਹੋਇਆ। ਲੂਥਰ ਦੀਆਂ ਦੱਸੀਆਂ "ਅਜਾਰੇਦਾਰ ਸੁਸਾਇਟੀਆਂ" ਨੇ ਪੂੰਜੀ ਦੇ ਕੇਂਦਰੀਕਰਨ ਲਈ ਸ਼ਕਤੀਸ਼ਾਲੀ ਤੁਲ੍ਹਾਂ (ਲੀਵਰਾਂ) ਦਾ ਕੰਮ ਦਿੱਤਾ। ਇਹਨਾਂ ਬਸਤੀਆਂ ਨੇ ਉੱਭਰਦੇ ਕਾਰਖਾਨੇਦਾਰਾਂ ਲਈ ਮੰਡੀ, ਅਤੇ ਮੰਡੀ ਅਜਾਰੇਦਾਰੀ ਰਾਹੀਂ, ਵਧੇਰੇ ਤੇਜ਼ ਇਕੱਤਰੀਕਰਨ ਦੀ ਜ਼ਾਮਨੀ ਦਿੱਤੀ। ਯੂਰਪ ਦੇ ਬਾਹਰ ਨੰਗੀ ਲੁੱਟ-ਮਾਰ, ਲੋਕਾਂ ਨੂੰ ਗ਼ੁਲਾਮ ਬਣਾ ਕੇ ਅਤੇ ਕਤਲ ਕਰਕੇ ਕਾਬੂ ਕੀਤੇ ਗਏ ਖਜ਼ਾਨੇ ਮਾਤ-ਭੂਮੀ ਨੂੰ ਪਹੁੰਚਾ ਦਿੱਤੇ ਜਾਂਦੇ ਸਨ ਅਤੇ ਉੱਥੇ ਉਹ ਪੂੰਜੀ ਵਿੱਚ ਬਦਲ ਜਾਂਦੇ ਸਨ। ਹਾਲੈਂਡ, ਜਿਸ ਨੇ ਸਭ ਤੋਂ ਪਹਿਲਾਂ ਭਰਪੂਰ ਰੂਪ ਵਿੱਚ ਬਸਤੀਵਾਦੀ ਪ੍ਰਬੰਧ ਦਾ ਵਿਕਾਸ ਕੀਤਾ ਸੀ, 1648 ਵਿੱਚ ਆਪਣੀ ਵਣਜੀ ਮਹਾਨਤਾ ਦੀ ਚੋਟੀ ਨੂੰ ਪਹੁੰਚ ਗਿਆ ਸੀ।

> "ਈਸਟ ਇੰਡੀਆ ਨਾਲ਼ ਹੁੰਦੀ ਤਜਾਰਤ ਅਤੇ ਯੂਰਪ ਦੇ ਦੱਖਣ-ਪੱਛਮ ਤੇ ਉੱਤਰ-ਪੂਰਬ ਵਿਚਕਾਰ ਹੁੰਦਾ ਵਪਾਰ ਲਗਭਗ ਮੁਕੰਮਲ ਤੌਰ 'ਤੇ ਇਹਦੇ ਅਧਿਕਾਰ ਵਿੱਚ ਸਨ। ਮਛਿਆਰੀਆਂ, ਸਮੁੰਦਰੀ ਜਹਾਜ਼ਾਂ, ਕਾਰਖਾਨਿਆਂ ਦੇ ਪੱਖੋਂ ਇਹ ਕਿਸੇ ਵੀ ਹੋਰ ਦੇਸ਼ ਨਾਲ਼ੋਂ ਅੱਗੇ ਲੰਘ ਗਿਆ ਸੀ। ਗਣਰਾਜ ਦੀ ਕੁੱਲ ਪੂੰਜੀ ਬਾਕੀ ਦੇ ਸਾਰੇ ਯੂਰਪ ਦੀ ਇੱਕ ਥਾਂ ਇਕੱਠੀ ਕੀਤੀ ਪੂੰਜੀ ਨਾਲ਼ੋਂ ਯਕੀਨਨ ਵਧੇਰੇ ਸੀ।"

ਗੁਲੀਹ ਇੱਥੇ ਇਹ ਦੱਸਣਾ ਭੁਲ ਗਿਆ ਹੈ ਕਿ 1648 ਤੱਕ, ਹਾਲੈਂਡ ਦੇ ਲੋਕ ਬਾਕੀ ਸਾਰੇ ਯੂਰਪ ਦੇ ਲੋਕਾਂ ਦੀ ਤੁਲਨਾ ਵਿੱਚ ਵਧੇਰੇ ਕੰਮ ਦੇ ਭਾਰ ਹੇਠ ਦੱਬੇ ਹੋਏ, ਵਧੇਰੇ ਗਰੀਬ, ਅਤੇ ਵਧੇਰੇ ਵਹਿਸ਼ੀਆਨਾ ਜਬਰ ਦੇ ਸ਼ਿਕਾਰ ਸਨ।

ਅੱਜ ਸਨਅਤੀ ਉੱਤਮਤਾ ਦਾ ਮਤਲਬ ਵਣਜ ਦੇ ਖੇਤਰ ਵਿੱਚ ਸਰੇਸ਼ਠਤਾ ਹੈ।

ਜਿਸ ਕਾਲ ਨੂੰ ਸਹੀ ਅਰਥਾਂ ਵਿੱਚ ਕਾਰਖਾਨੇਦਾਰੀ ਦਾ ਯੁਗ ਆਖਿਆ ਜਾਂਦਾ ਹੈ, ਉਸ ਵਿੱਚ, ਇਸ ਦੇ ਉਲਟ, ਇਹ ਵਣਜ ਦੇ ਖੇਤਰ ਦੀ ਸਰੇਸ਼ਠਤਾ ਸੀ ਜਿਹੜੀ ਸਨਅਤੀ ਪ੍ਰਧਾਨਤਾ ਦੇਂਦੀ ਸੀ। ਇਹੀ ਕਾਰਨ ਹੈ ਕਿ ਉਸ ਸਮੇਂ ਬਸਤੀਵਾਦੀ ਪ੍ਰਬੰਧ ਨੇ ਪ੍ਰਬਲ ਰੋਲ ਅਦਾ ਕੀਤਾ। ਇਹ ਇੱਕ "ਅਜੀਬ ਦੇਵਤਾ" ਸੀ ਜਿਹੜਾ ਦੇਵ-ਸਥਾਨ ਦੀ ਵੇਦੀ ਉੱਤੇ ਯੂਰਪ ਦੇ ਪੁਰਾਣੇ ਦੇਵਤਿਆਂ ਦੇ ਬਰਾਬਰ ਜਾ ਬੈਠਾ ਅਤੇ ਇੱਕ ਦਿਨ ਅਚਾਨਕ ਹੀ ਉਹਨਾਂ ਸਭਨਾਂ ਦੇਵਤਿਆਂ ਨੂੰ ਧੱਕ ਕੇ ਹੇਠਾਂ ਪਟਕਾ ਮਾਰਿਆ। ਇਸ ਨੇ ਵਾਧੂ-ਕਦਰ ਕਮਾਉਣਾ ਮਨੁੱਖਤਾ ਦਾ ਇੱਕੋ ਇੱਕ ਨਿਸ਼ਾਨਾ ਅਤੇ ਆਦਰਸ਼ ਘੋਸ਼ਤ ਕਰ ਦਿੱਤਾ।

ਜਨਤਕ ਸਾਖ਼, ਭਾਵ, ਕੌਮੀ ਕਰਜ਼ੇ, ਦੇ ਪ੍ਰਬੰਧ ਨੇ, ਜਿਸ ਦਾ ਜਨਮ ਮੱਧ-ਕਾਲ ਵਿੱਚ ਹੀ ਜੇਨੋਆ ਅਤੇ ਵੀਨਿਸ ਵਿੱਚ ਹੋਇਆ ਲੱਭਦਾ ਹੈ, ਕਾਰਖਾਨੇਦਾਰੀ ਦੇ ਦੌਰ ਵਿੱਚ ਆਮ ਕਰਕੇ ਸਾਰੇ ਯੂਰਪ ਨੂੰ ਕਾਬੂ ਕਰ ਲਿਆ ਸੀ। ਬਸਤੀਵਾਦੀ ਪ੍ਰਬੰਧ ਨੇ ਆਪਣੇ ਸਮੁੰਦਰੀ ਵਪਾਰ ਅਤੇ ਵਪਾਰਕ ਯੁੱਧਾਂ ਨਾਲ਼ ਇਸ ਪ੍ਰਬੰਧ ਦੇ ਵਿਕਾਸ ਵਿੱਚ ਬਣਾਉਟੀ ਤੇਜ਼ੀ ਲਿਆਂਦੀ। ਇਸ ਪ੍ਰਕਾਰ, ਇਸ ਨੇ ਸਭ ਤੋਂ ਪਹਿਲਾਂ ਹਾਲੈਂਡ ਵਿੱਚ ਜੜ੍ਹ ਫੜੀ। ਕੌਮੀ ਕਰਜ਼ਿਆਂ, ਭਾਵ, ਰਾਜ ਨੂੰ ਹੁਦਾਰ ਦੇਣ ਦੀ ਪ੍ਰਣਾਲੀ ਨੇ – ਭਾਵੇਂ ਰਾਜ ਨਿਰੰਕੁਸ਼ ਹੋਵੇ, ਸੰਵਿਧਾਨਕ ਜਾਂ ਗਣਰਾਜੀ – ਪੂੰਜੀਵਾਦੀ ਯੁਗ ਉੱਤੇ ਆਪਣੀ ਮੋਹਰ ਛਾਪ ਲਾ ਦਿੱਤੀ। ਅਖੌਤੀ ਕੌਮੀ ਧਨ ਦਾ ਕੇਵਲ ਉਹ ਹਿੱਸਾ ਜਿਹੜਾ ਵਾਸਤਵ ਵਿੱਚ ਆਧੁਨਿਕ ਕੌਮਾਂ ਦੀ ਸਮੂਹਕ ਮਲਕੀਅਤ ਵਿੱਚ ਆਉਂਦਾ ਹੈ, ਹੀ ਕੌਮੀ ਕਰਜ਼ਾ* ਹੁੰਦਾ ਹੈ। ਇਸੇ ਲਈ ਹੀ, ਇੱਕ ਲਾਜ਼ਮੀ ਸਿੱਟੇ ਦੇ ਰੂਪ ਵਿੱਚ, ਇਹ ਆਧੁਨਿਕ ਸਿਧਾਂਤ ਜਨਮ ਲੈਂਦਾ ਹੈ ਕਿ ਇੱਕ ਰਾਸ਼ਟਰ ਜਿੰਨਾਂ ਡੂੰਘਾ ਕਰਜ਼ੇ ਵਿੱਚ ਧਸਿਆ ਹੁੰਦਾ ਹੈ ਓਨਾ ਹੀ ਵਧੇਰੇ ਉਹ ਅਮੀਰ ਹੁੰਦਾ ਹੈ। ਸਰਵਜਨਕ ਕਰਜ਼ਾ ਪੂੰਜੀ ਦਾ ਈਮਾਨ ਬਣ ਜਾਂਦਾ ਹੈ। ਅਤੇ ਕੌਮੀ ਕਰਜ਼ੇ ਲੈਣ ਦੇ ਪ੍ਰਬੰਧ ਦੀ ਉੱਨਤੀ ਨਾਲ਼, ਕੌਮੀ ਕਰਜ਼ੇ ਵਿੱਚ ਵਿਸ਼ਵਾਸ ਦੀ ਘਾਟ "ਪਵਿੱਤਰ ਆਤਮਾ" ਵਿਰੁੱਧ ਕੁਫਰ ਦਾ ਤਾਂ ਲੈ ਲੈਂਦੀ ਹੈ ਜਿਸ ਨੂੰ ਕਦੇ ਮਾਫ਼ ਨਹੀਂ ਕੀਤਾ ਜਾ ਸਕਦਾ।

ਸਰਵਜਨਕ ਕਰਜ਼ਾ ਆਰੰਭਕ ਇਕੱਤਰੀਕਰਨ ਲਈ ਇੱਕ ਅਤਿਅੰਤ ਸ਼ਕਤੀਸ਼ਾਲੀ ਲੀਵਰ ਬਣ ਜਾਂਦਾ ਹੈ। ਇਹ ਜਿਵੇਂ ਇੱਕ ਜਾਦੂਗਰ ਦੀ ਛੜੀ ਦੇ ਇਸ਼ਾਰੇ ਨਾਲ਼ ਬਾਂਝ ਮੁਦਰਾ ਵਿੱਚ ਵੀ ਨਸਲ ਪੈਦਾ ਕਰਨ ਦੀ ਸ਼ਕਤੀ ਭਰ ਦੇਂਦਾ ਹੈ ਅਤੇ ਇਸ ਤਰ੍ਹਾਂ ਉਸ ਨੂੰ ਪੂੰਜੀ ਵਿੱਚ ਬਦਲ ਦੇਂਦਾ ਹੈ। ਇੰਝ ਮੁਦਰਾ ਨੂੰ ਉਹਨਾਂ ਤਕਲੀਫਾਂ ਅਤੇ ਜੋਖਮਾਂ ਵਿੱਚੋਂ ਲੰਘਣ ਦੀ ਲੋੜ ਨਹੀਂ ਰਹਿੰਦੀ ਜਿਹੜੀਆਂ ਇਸ ਦੇ ਸਨਅਤ ਜਾਂ ਸਗੋਂ ਸੂਦਖੋਰੀ ਵਿੱਚ ਲਾਉਣ ਨਾਲ ਵੀ ਅਟੁੱਟ ਤੌਰ 'ਤੇ ਜੁੜੀਆਂ ਰਹਿੰਦੀਆਂ ਹਨ। ਰਾਜ ਨੂੰ ਕਰਜ਼ ਦੇਣ ਵਾਲੇ ਅਸਲ ਵਿੱਚ ਕੁਝ ਨਹੀਂ ਦੇਂਦੇ, ਕਿਉਂਕਿ ਹੁਦਾਰ ਦਿੱਤੀ ਗਈ ਰਕਮ ਜਨਤਕ ਬੌਂਡਾਂ ਦਾ ਰੂਪ ਲੈ ਲੈਂਦੀ ਹੈ। ਇਹ

* ਵਿਲੀਅਮ ਕੌਬੇਟ ਨੇ ਕਿਹਾ ਹੈ ਕਿ ਇੰਗਲੈਂਡ ਵਿੱਚ ਸਾਰੀਆਂ ਜਨਤਕ ਸੰਸਥਾਵਾਂ ਨੂੰ "ਸ਼ਾਹੀ" ਸੰਸਥਾਵਾਂ ਦਾ ਨਾਂ ਦਿੱਤਾ ਗਿਆ ਹੈ, ਪਰ ਇਸ ਦੇ ਇਵਜ਼ਾਨੇ ਵਿੱਚ ਇੱਕ "ਕੌਮੀ" ਕਰਜ਼ਾ (national debt) ਵੀ ਹੈ।

ਬੌਂਡ ਆਸਾਨੀ ਨਾਲ਼ ਵੇਚੇ-ਖਰੀਦੇ ਜਾ ਸਕਦੇ ਹਨ, ਇਸ ਲਈ ਉਹਨਾਂ ਲੋਕਾਂ ਦੇ ਹੱਥਾਂ ਵਿੱਚ ਇਹ ਉਹੀ ਕੰਮ ਕਰਦੇ ਹਨ ਜਿਹੜਾ ਕੰਮ ਨਕਦ ਰਕਮ ਕਰਦੀ ਹੈ। ਇਸ ਪ੍ਰਕਾਰ, ਸਾਲਾਨਾ ਵਿਆਜਾਂ ਤੇ ਪਲਣ ਵਾਲੀ ਇੱਕ ਜਮਾਤ, ਜੋ ਇਸ ਪ੍ਰਬੰਧ ਦੇ ਸਿੱਟੇ ਵਜੋਂ ਪੈਦਾ ਹੁੰਦੀ ਹੈ, ਸਰਕਾਰ ਅਤੇ ਰਾਸ਼ਟਰ ਵਿਚਕਾਰ ਵਿਚਲੇ ਵਿੱਤ-ਪ੍ਰਬੰਧਕਾਂ ਕੋਲ ਆਸਾਨੀ ਨਾਲ਼ ਦੌਲਤ ਜਮ੍ਹਾਂ ਹੋਣ ਤੋਂ ਇਲਾਵਾ - ਅਤੇ ਟੈਕਸ ਵਸੂਲ ਕਰਤਿਆਂ, ਸੁਦਾਗਰਾਂ ਅਤੇ ਨਿੱਜੀ ਕਾਰਖਾਨੇਦਾਰਾਂ, ਜਿਨ੍ਹਾਂ ਨੂੰ ਹਰ ਕੌਮੀ ਕਰਜ਼ੇ ਦਾ ਇੱਕ ਹਿੱਸਾ ਛੱਤ ਪਾੜ ਕੇ ਮਿਲੀ ਪੂੰਜੀ ਦਾ ਕੰਮ ਦੇਂਦਾ ਹੈ, ਤੋਂ ਇਲਾਵਾ, ਕੌਮੀ ਕਰਜ਼ਾ ਪ੍ਰਬੰਧ ਸਾਂਝੀ ਪੂੰਜੀ ਵਾਲੀਆਂ ਕੰਪਨੀਆਂ ਨੂੰ, ਹਰ ਪ੍ਰਕਾਰ ਦੀ ਸਾਕਾਰਨ ਯੋਗ ਸੰਪਤੀ ਦੇ ਲੈਣ ਦੇਣ ਨੂੰ, ਅਤੇ ਵੱਟੇ ਦੇ ਵਪਾਰ ਨੂੰ, ਮੁਕਦੀ ਗੱਲ ਸੱਟਾ-ਬਾਜ਼ਾਰ ਦੀ ਜੂਏਬਾਜ਼ੀ ਅਤੇ ਆਧੁਨਿਕ ਬੈਂਕਪਤੀਆਂ ਨੂੰ ਜਨਮ ਦੇਂਦਾ ਹੈ।

ਕੌਮੀ ਉਪਾਧੀਆਂ ਨਾਲ਼ ਸਨਮਾਨਤ ਵੱਡੇ ਵੱਡੇ ਬੈਂਕ ਆਪਣੇ ਜਨਮ ਵੇਲੇ ਕੇਵਲ ਨਿੱਜੀ-ਸੱਟੇਬਾਜ਼ਾਂ ਦੀਆਂ ਸੰਸਥਾਵਾਂ ਹੀ ਸਨ ਜੋ ਸਰਕਾਰ ਦੀ ਸਹਾਇਤਾ ਕਰਨ ਲੱਗ ਪਏ ਸਨ, ਅਤੇ ਪ੍ਰਾਪਤ ਹੋਏ ਵਿਸ਼ੇਸ਼ ਅਧਿਕਾਰਾਂ ਦੀ ਬਦੌਲਤ, ਰਾਜੇ ਨੂੰ ਰੁਪਿਆ ਹੁਦਾਰ ਦੇਣ ਦੀ ਸਥਿਤੀ ਵਿੱਚ ਸਨ। ਇਸ ਲਈ, ਕੌਮੀ ਕਰਜ਼ ਦੇ ਇਕੱਤਰੀਕਰਨ ਦਾ ਇਹਨਾਂ ਬੈਂਕਾਂ ਦੀ ਸਾਂਝੀ ਪੂੰਜੀ ਵਿੱਚ ਹੇਠ ਉੱਤੇ ਵਾਧੇ ਨਾਲੋਂ ਵਧੇਰੇ ਗਲਤੀ ਨਾ ਖਾਣ ਵਾਲਾ ਮਾਪ ਕੋਈ ਨਹੀਂ ਜਿਨ੍ਹਾਂ ਦਾ ਪੂਰਨ ਵਿਕਾਸ 1694 ਵਿੱਚ ਬੈਂਕ ਆਫ਼ ਇੰਗਲੈਂਡ (Bank of England) ਦੀ ਨੀਂਹ ਰੱਖਣ ਨਾਲ਼ ਹੋਇਆ। ਬੈਂਕ ਆਫ਼ ਇੰਗਲੈਂਡ ਨੇ ਸਰਕਾਰ ਨੂੰ 8 ਫੀਸਦੀ ਸੂਦ ਉੱਤੇ ਹੁਦਾਰ ਦੇਣਾ ਸ਼ੁਰੂ ਕੀਤਾ; ਇਸ ਦੇ ਨਾਲ਼ ਹੀ ਪਾਰਲੀਮੈਂਟ ਨੇ ਇਸ ਨੂੰ ਇਹ ਅਧਿਕਾਰ ਦੇ ਦਿੱਤਾ ਕਿ ਉਹ ਇਸੇ ਹੀ ਪੂੰਜੀ ਨੂੰ ਬੈਂਕ ਨੋਟਾਂ ਦੀ ਸ਼ਕਲ ਵਿੱਚ ਜਨਤਾ ਨੂੰ ਹੁਦਾਰ ਦੇ ਕੇ ਰੁਪਿਆ ਬਣਾਵੇ। ਇਸ ਨੂੰ ਇਹ ਨੋਟ ਹੁੰਡੀਆਂ ਬਣਾਉਣ ਲਈ, ਜਿਣਸਾਂ ਲਈ ਪੇਸ਼ਗੀ ਦੇਣ ਲਈ ਅਤੇ ਕੀਮਤੀ ਧਾਤਾਂ ਖਰੀਦਣ ਲਈ ਵਰਤਣ ਦੀ ਆਗਿਆ ਸੀ। ਬਹੁਤ ਚਿਰ ਨਹੀਂ ਹੋਇਆ ਜਦੋਂ ਇਹ ਸਾਖ ਮੁਦਰਾ, ਜਿਸ ਨੂੰ ਖੁਦ ਬੈਂਕ ਨੇ ਹੀ ਬਣਾਇਆ, ਇੱਕ ਐਸਾ ਸਿੱਕਾ ਬਣ ਗਈ, ਜਿਸ ਦੁਆਰਾ ਬੈਂਕ ਆਫ਼ ਇੰਗਲੈਂਡ ਰਾਜ ਨੂੰ ਆਪਣੇ ਕਰਜ਼ੇ ਦੇਂਦਾ ਸੀ, ਅਤੇ ਰਾਜ ਵੱਲੋਂ ਜਨਤਕ ਕਰਜ਼ੇ ਦਾ ਸੂਦ ਭੁਗਤਾਉਂਦਾ ਸੀ। ਇੰਨਾਂ ਹੀ ਕਾਫ਼ੀ ਨਹੀਂ ਸੀ ਕਿ ਬੈਂਕ ਇੱਕ ਹੱਥੋਂ ਦੇਵੇ ਅਤੇ ਦੂਜੇ ਹੱਥ ਵਧੇਰੇ ਵਸੂਲ ਕਰ ਲਵੇ; ਇਹ, ਇਸ ਤਰ੍ਹਾਂ ਪ੍ਰਾਪਤ ਕਰਦੇ ਰਹਿੰਦੇ ਹੋਏ ਵੀ, ਦਿੱਤੀ ਹੋਈ ਆਖਰੀ ਪਾਈ-ਪਾਈ ਤੱਕ ਰਾਸ਼ਟਰ ਦਾ ਸਦੀਵੀ ਲੈਣਦਾਰ ਬਣਿਆ ਰਹਿੰਦਾ ਸੀ। ਹੌਲੀ ਹੌਲੀ ਇਹ ਲਾਜ਼ਮੀ ਤੌਰ ’ਤੇ ਦੇਸ਼ ਦੇ ਸਭ ਸੋਨੇ-ਚਾਂਦੀ ਦੇ ਭੰਡਾਰ ਦੀ ਥਾਂ ਅਤੇ ਸਾਰੇ ਵਪਾਰਕ ਕਰਜ਼ਿਆ ਦਾ ਖਿੱਚ ਕੇਂਦਰ ਬਣ ਗਿਆ। ਬੈਂਕਪਤੀਆਂ, ਵਿੱਤ ਪ੍ਰਬੰਧਕਾਂ, ਬੌਂਡਾਂ ਦੇ ਸਹਾਰੇ ਪਲਣ ਵਾਲਿਆਂ, ਦਲੀਲਾਂ, ਸੱਟੇਬਾਜ਼ਾਂ, ਆਦਿ ਦੀ ਹੇੜ ਦੇ ਇਸ ਅਚਾਨਕ ਜਨਮ ਦਾ ਉਹਨਾਂ ਦੇ ਸਮਕਾਲੀਆਂ ਉੱਤੇ ਕੀ ਪ੍ਰਭਾਵ ਪਿਆ, ਇਸ ਦਾ ਪਤਾ ਉਸ ਸਮੇਂ ਦੀਆਂ ਲਿਖਤਾਂ, ਮਿਸਾਲ ਲਈ, ਬੋਲਿੰਗਬਰੁਕ ਦੀਆਂ ਲਿਖਤਾਂ ਤੋਂ ਲੱਗ

ਜਾਂਦਾ ਹੈ।*

ਕੌਮੀ ਕਰਜ਼ ਪ੍ਰਬੰਧ ਦੇ ਨਾਲ਼ ਹੀ ਇੱਕ ਕੌਮਾਂਤਰੀ ਕਰਜ਼ ਪ੍ਰਬੰਧ ਦਾ ਜਨਮ ਹੋਇਆ ਜਿਸ ਦੇ ਪਿੱਛੇ ਕਿਸੇ ਨਾ ਕਿਸੇ ਕੌਮ ਦੇ ਆਰੰਭਕ ਇਕੱਤਰੀਕਰਨ ਦਾ ਵਸੀਲਾ ਛੁਪਿਆ ਹੁੰਦਾ ਹੈ। ਇਸ ਪ੍ਰਕਾਰ ਵੀਨਸ ਦੇ ਚੋਰੀ ਪ੍ਰਬੰਧ ਦੇ ਉੱਪਰ ਹਾਲੈਂਡ ਦੀ ਪੂੰਜੀ - ਦੌਲਤ ਦਾ ਇੱਕ ਗੁਪਤ ਆਧਾਰ ਸੀ ਜਿਸ ਨੂੰ ਵੀਨਸ ਆਪਣੀ ਅਧੋਗਤੀ ਦੇ ਸਮੇਂ ਵੱਡੀਆਂ ਵੱਡੀਆਂ ਰਕਮਾਂ ਹੁਦਾਰ ਦੇਂਦਾ ਸੀ। ਹਾਲੈਂਡ ਅਤੇ ਇੰਗਲੈਂਡ ਸਬੰਧੀ ਵੀ ਕੁਝ ਇਸ ਤਰ੍ਹਾਂ ਦੀ ਹੀ ਗੱਲ ਸੀ। 18ਵੀਂ ਸਦੀ ਦੇ ਸ਼ੁਰੂ ਤੱਕ ਡੱਚ ਕਾਰਖਾਨੇਦਾਰੀ ਬਹੁਤ ਪਿੱਛੇ ਰਹਿ ਗਈ ਸੀ। ਹੁਣ ਹਾਲੈਂਡ ਵਣਜ ਅਤੇ ਸਨਅਤ ਵਿੱਚ ਪ੍ਰਬਲ ਰਾਸ਼ਟਰ ਨਹੀਂ ਸੀ ਰਿਹਾ। ਇਸ ਲਈ 1701 ਤੋਂ 1776 ਤੱਕ ਇਸ ਦੇ ਕਾਰੋਬਾਰ ਦੀ ਇੱਕ ਮੁੱਖ ਲਾਈਨ ਓੜਕਾਂ ਦੀ ਮਾਤਰਾ ਵਿੱਚ ਪੂੰਜੀ ਹੁਦਾਰ ਦੇਣਾ ਰਹੀ, ਖਾਸ ਕਰਕੇ ਆਪਣੇ ਵੱਡੇ ਸ਼ਰੀਕ ਇੰਗਲੈਂਡ ਨੂੰ। ਇੰਗਲੈਂਡ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਅੱਜ ਕੱਲ ਇਹੋ ਸਿਲਸਿਲਾ ਚੱਲ ਰਿਹਾ ਹੈ। ਪੂੰਜੀ ਦਾ ਇੱਕ ਬਹੁਤ ਵੱਡਾ ਹਿੱਸਾ, ਜਿਹੜੀ ਅੱਜ ਬਿਨਾਂ ਕਿਸੇ ਜਨਮ ਸਰਟੀਫਿਕੇਟ ਦੇ ਸੰਯੁਕਤ ਰਾਜ ਅਮਰੀਕਾ ਵਿੱਚ ਮੌਜੂਦ ਹੈ, ਕੱਲ ਬੱਚਿਆਂ ਦੇ ਪੂੰਜੀਕ੍ਰਿਤ ਲਹੂ ਦੀ ਸ਼ਕਲ ਵਿੱਚ ਇੰਗਲੈਂਡ ਵਿੱਚ ਵਰਤਮਾਨ ਸੀ।

ਕਿਉਂਕਿ ਕੌਮੀ ਕਰਜ਼ੇ ਨੂੰ ਆਪਣਾ ਆਧਾਰ ਸਰਵਜਨਕ ਸਰਕਾਰੀ ਆਮਦਨ ਵਿੱਚ ਮਿਲਦਾ ਹੈ, ਜਿਸ ਵਿੱਚੋਂ ਹੀ ਸੂਦ ਆਦਿ ਦੇ ਸਾਲਾਨਾਂ ਭੁਗਤਾਨ ਕਰਨੇ ਜ਼ਰੂਰੀ ਹਨ, ਇਸ ਲਈ ਟੈਕਸ ਵਸੂਲਣ ਦੀ ਆਧੁਨਿਕ ਪ੍ਰਣਾਲੀ ਕੌਮੀ ਕਰਜ਼ਿਆਂ ਦੇ ਪ੍ਰਬੰਧ ਦੀ ਇੱਕ ਲਾਜ਼ਮੀ ਪੂਰਕ ਸੀ। ਕਰਜ਼ੇ ਸਰਕਾਰ ਨੂੰ ਅਸਾਧਾਰਨ ਖਰਚੇ ਪੂਰੇ ਕਰਨ ਦੇ ਸਮਰਥ ਬਣਾਉਂਦੇ ਹਨ, ਜਿਸ ਦਾ ਭਾਰ ਟੈਕਸ ਦੇਣ ਵਾਲਿਆਂ ਨੂੰ ਤੁਰੰਤ ਹੀ ਮਹਿਸੂਸ ਨਹੀਂ ਹੁੰਦਾ, ਪਰ ਇਹ ਕਰਜ਼ੇ, ਫਲਸਰੂਪ, ਟੈਕਸਾਂ ਵਿੱਚ ਵਾਧਾ ਕਰਨਾ ਜ਼ਰੂਰੀ ਬਣਾਉਂਦੇ ਹਨ। ਦੂਜੇ ਪਾਸੇ, ਇੱਕ ਪਿਛੋਂ ਦੂਜਾ ਕਰਜ਼ ਲੈਂਦੇ ਜਾਣ ਨਾਲ਼ ਕਰਜ਼ਿਆਂ ਦੀ ਰਕਮ ਬਹੁਤ ਵਧ ਜਾਣ ਕਾਰਨ ਟੈਕਸਾਂ ਵਿੱਚ ਜੋ ਵਾਧਾ ਹੁੰਦਾ ਹੈ, ਉਹ ਸਰਕਾਰ ਨੂੰ ਸਦਾ ਹੀ ਨਵੇਂ ਅਸਾਧਾਰਨ ਖਰਚੇ ਪੂਰੇ ਕਰਨ ਲਈ ਨਵੇਂ ਕਰਜ਼ੇ ਲੈਣ ਦੀ ਨੀਤੀ ਅਪਣਾਉਣ ਲਈ ਮਜਬੂਰ ਕਰਦਾ ਹੈ। ਇਸ ਪ੍ਰਕਾਰ ਆਧੁਨਿਕ ਮਾਲੀ-ਨੀਤੀ, ਜਿਸ ਦਾ ਧੁਰਾ ਹੈ ਉਪਜੀਵਕਾ ਦੇ ਅਤਿਅੰਤ ਅਵੱਸ਼ਕ ਸਾਧਨਾਂ ਉੱਤੇ ਟੈਕਸ ਲਾਉਣਾ (ਇਸ ਤਰ੍ਹਾਂ ਉਹਨਾਂ ਦੀਆਂ ਕੀਮਤਾਂ ਵਧਾਉਣਾ), ਆਪਣੇ ਅੰਦਰ ਹੀ ਟੈਕਸਾਂ ਦਾ ਆਪਣੇ ਆਪ ਵਧਦੇ ਜਾਣ ਦਾ ਬੀਜ ਲਕੋਈ ਬੈਠੀ ਹੈ। ਅਤੇ ਬਹੁਤੇ ਟੈਕਸ ਲਾਉਣਾ ਕੋਈ ਸਬੱਬੀ ਗੱਲ ਨਹੀਂ ਸਗੋਂ ਇੱਕ ਸਿਧਾਂਤ ਹੈ। ਇਸੇ ਲਈ ਹੀ, ਹਾਲੈਂਡ ਵਿੱਚ,

* "Si les Tartares inondaient l'Europe aujourd'hui, il faudrait bien des affaires pour leur faire entendre ce que c'est qu'un financier parmi nous" Montesquieu, "Esprit des lois" T. iv, p. 33, ed. Londres, 1769. ("ਜੇਕਰ ਤਾਤਾਰ ਲੋਕ ਅੱਜ ਯੂਰਪ ਉੱਤੇ ਹਮਲਾ ਕਰਨ, ਤਾਂ ਉਹਨਾਂ ਨੂੰ ਇਹ ਸਮਝਣਾ ਬਹੁਤ ਹੀ ਮੁਸ਼ਕਲ ਹੋਵੇਗਾ ਕਿ ਜਿਸ ਨੂੰ ਅਸੀਂ ਵਿੱਤ-ਪ੍ਰਬੰਧਕ ਕਹਿੰਦੇ ਹਾਂ, ਉਹ ਕੀ ਬਲਾ ਹੁੰਦੀ ਹੈ।"।)

ਜਿੱਥੇ ਸਭ ਤੋਂ ਪਹਿਲਾਂ ਇਹ ਪ੍ਰਣਾਲੀ ਆਰੰਭ ਹੋਈ, ਮਹਾਨ ਦੇਸ਼ਭਗਤ, ਡੇ ਵਿੱਟ, ਨੇ ਆਪਣੀ ਪੁਸਤਕ «Maxims»* ਵਿੱਚ ਇਸ ਨੂੰ ਉਜਰਤੀ ਮਜ਼ਦੂਰ ਨੂੰ ਆਗਿਆਕਾਰ ਸਰਫੇਵਾਲਾ, ਮਿਹਨਤੀ, ਅਤੇ ਲੱਕ ਤੋੜਵੀਂ ਮਿਹਨਤ ਦੇ ਭਾਰ ਹੇਠ ਦਬੂ ਬਣਾਉਣ ਦੀ ਸਭ ਤੋਂ ਚੰਗੀ ਪ੍ਰਣਾਲੀ ਕਹਿ ਕੇ ਇਸ ਦੀ ਪ੍ਰਸੰਸਾ ਕੀਤੀ ਸੀ। ਇਸ ਦਾ ਉਜਰਤੀ ਮਜ਼ਦੂਰ ਦੀ ਹਾਲਤ ਉੱਤੇ ਜੋ ਤਬਾਹਕੁੰਨ ਅਸਰ ਹੁੰਦਾ ਹੈ, ਇਥੇ ਸਾਡਾ ਉਸ ਗੱਲ ਨਾਲ਼ ਇਤਨਾ ਵਾਸਤਾ ਨਹੀਂ ਜਿਤਨਾ ਇਸ ਦੇ ਨਤੀਜੇ ਵਜੋਂ ਕਿਸਾਨਾਂ, ਕਾਰੀਗਰਾਂ ਅਤੇ ਮੁਕਦੀ ਗੱਲ, ਹੇਠਲੇ ਦਰਮਿਆਨੇ ਤਬਕੇ ਦੇ ਸਭਨਾਂ ਅਨਸਰਾਂ ਦੀ ਜਾਇਦਾਦ ਦੀ ਖੋਹਾ-ਮੋਹੀ ਨਾਲ਼ ਹੈ। ਇਸ ਬਾਰੇ, ਬੁਰਜੂਆ ਅਰਥ-ਸ਼ਾਸਤਰੀਆਂ ਵਿੱਚ ਵੀ, ਦੋ ਰਾਵਾਂ ਨਹੀਂ ਹਨ। ਲੋਕਾਂ ਦੀ ਜਾਇਦਾਦ ਖੋਹਣ ਸਬੰਧੀ ਇਸ ਦੀ ਸੁਯੋਗਤਾ ਰੱਖਿਆ ਪ੍ਰਬੰਧ ਦੁਆਰਾ, ਜੋ ਇਸ ਮਾਲੀ ਪ੍ਰਬੰਧ ਦਾ ਇੱਕ ਅਨਿਖੜ ਅੰਗ ਹੁੰਦਾ ਹੈ, ਹੋਰ ਵੀ ਵਧ ਜਾਂਦੀ ਹੈ।

ਸਰਵਜਨਕ ਕਰਜ਼ਾ ਪ੍ਰਬੰਧ, ਅਤੇ ਇਸ ਦੇ ਅਨੁਸਾਰੀ ਹੀ ਮਾਲੀ ਪ੍ਰਬੰਧ ਨੇ ਜੋ ਮਹਾਨ ਰੋਲ ਦੌਲਤ ਨੂੰ ਪੂੰਜੀ ਬਣਾਉਣ ਵਿੱਚ ਅਤੇ ਜਨਸਮੂਹ ਦੀ ਸੰਪਤੀ ਹਰਨ ਵਿੱਚ ਅਦਾ ਕੀਤਾ ਹੈ, ਉਸ ਦਾ ਨਤੀਜਾ ਇਹ ਨਿੱਕਲਿਆ ਹੈ ਕਿ ਬਹੁਤ ਸਾਰੇ ਲੇਖਕ, ਜਿਵੇਂ ਕੌਬੈਟ, ਡਬਲਡੇ ਅਤੇ ਦੂਜੇ, ਗ਼ਲਤੀ ਨਾਲ ਹੀ, ਆਧੁਨਿਕ ਕਾਲ ਵਿੱਚ ਲੋਕਾਂ ਦੀ ਗ਼ਰੀਬੀ ਦਾ ਕਾਰਨ ਇਹਨਾਂ ਵਿੱਚੋਂ ਖੋਜਦੇ ਹਨ।

ਰੱਖਿਆ ਦੀ ਪ੍ਰਣਾਲੀ ਕਾਰਖਾਨੇਦਾਰਾਂ ਦਾ ਨਿਰਮਾਣ ਕਰਨ, ਸਵੈਧੀਨ ਕਿਰਤੀਆਂ ਦੀ ਜਾਇਦਾਦ ਖੋਹਣ, ਪੈਦਾਵਾਰ ਤੇ ਉਪਜੀਵਕਾ ਦੇ ਕੌਮੀ ਸਾਧਨਾਂ ਦਾ ਪੂੰਜੀਕਰਨ ਕਰ ਦੇਣ, ਉਤਪਾਦਨ ਦੀ ਮੱਧ-ਕਾਲੀਨ ਪ੍ਰਣਾਲੀ ਤੋਂ ਆਧੁਨਿਕ ਉਤਪਾਦਨ ਪ੍ਰਣਾਲੀ ਵੱਲ ਬਦਲੀ ਕਾਲ ਨੂੰ ਜ਼ਬਰਦਸਤੀ ਛੋਟਾ ਕਰਨ ਦਾ ਇੱਕ ਬਣਾਉਟੀ ਸਾਧਨ ਸੀ। ਇਸ ਕਾਢ ਉੱਤੇ ਰਾਖਵੇਂ ਹੱਕ ਨੂੰ ਲੈ ਕੇ ਯੂਰਪੀ ਰਾਜਾਂ ਨੇ ਇੱਕ-ਦੂਜੇ ਨੂੰ ਵੱਢਣਾ-ਟੁੱਕਣਾ ਸ਼ੁਰੂ ਕਰ ਦਿੱਤਾ, ਅਤੇ ਵਾਧੂ-ਕਦਰ ਬਣਾਉਣ ਵਾਲਿਆਂ ਦੀ ਸੇਵਾ ਵਿੱਚ ਹਾਜ਼ਰ ਹੋ ਕੇ, ਉਹਨਾਂ ਨੇ ਨਾ ਕੇਵਲ ਅਪਰਤੱਖ ਰੂਪ ਵਿੱਚ ਰੱਖਿਆ-ਕਰ ਲਾ ਕੇ ਅਤੇ ਪ੍ਰਤੱਖ ਰੂਪ ਵਿੱਚ ਬਰਾਮਦੀ ਪ੍ਰੀਮੀਅਮ ਦੇ ਕੇ ਇਸ ਮਨੋਰਥ ਲਈ ਆਪਣੀ ਜਨਤਾ ਦਾ ਹੀ ਸਿਰ ਮੁੰਨਿਆ, ਸਗੋਂ ਉਹਨਾਂ ਨੇ ਆਪਣੇ ਅਧੀਨ ਦੇਸ਼ਾਂ ਵਿੱਚ ਵੀ ਕੁੱਲ ਸਨਅਤ ਨੂੰ ਜ਼ਬਰਦਸਤੀ ਨਸ਼ਟ ਕੀਤਾ। ਇੰਗਲੈਂਡ ਨੇ ਆਇਰਲੈਂਡ ਦੇ ਉੱਨ ਦੇ ਕਾਰਖਾਨਿਆਂ ਨਾਲ਼ ਜੋ ਕੁਝ ਕੀਤਾ ਉਹ ਇਸ ਦੀ ਇੱਕ

---

* ਇੱਥੇ ਮਾਰਕਸ ਪ੍ਰਤੱਖ ਰੂਪ ਵਿੱਚ Aanwysing der heilsame politike Gronden en Maximen van de Republike van Holland en West-Friesland ਦੇ ਅੰਗਰੇਜ਼ੀ ਐਡੀਸ਼ਨ ਵੱਲ ਇਸ਼ਾਰਾ ਕਰ ਰਿਹਾ ਹੈ ਜਿਸ ਬਾਰੇ ਮੰਨਿਆਂ ਜਾਂਦਾ ਹੈ ਕਿ ਉਹ Jan De Witt ਦੀ ਲਿਖਤ ਹੈ ਅਤੇ ਜਿਹੜੀ 1662 ਵਿੱਚ ਲੈਇਡਨ ਵਿੱਚ ਪ੍ਰਕਾਸ਼ਤ ਹੋਈ ਸੀ। ਪਿੱਛੋਂ ਜਾ ਕੇ ਇਹ ਪਤਾ ਲੱਗਾ ਕਿ ਇਸ ਪੁਸਤਕ ਦਾ ਕਰਤਾ (ਡੇ ਵਿੱਟ ਦੇ ਲਿਖੇ ਦੋ ਕਾਂਡਾਂ ਤੋਂ ਸਿਵਾਏ) ਇੱਕ ਡੱਚ ਅਰਥ-ਸ਼ਾਸਤਰੀ ਅਤੇ ਉਦਯੋਗਪਤੀ ਪੀਟਰ ਵਾਨ ਦੇਨ ਹੋਵ ਸੀ (ਜਿਹੜਾ ਪੀਤਰ ਦੇ ਲਾ ਕੂਰ ਦੇ ਨਾਂ ਨਾਲ ਪ੍ਰਸਿੱਧ ਹੈ)। **-ਸੰਪਾ.**

ਮਿਸਾਲ ਹੈ। ਯੂਰਪੀ ਮਹਾਂਦੀਪ ਉੱਤੇ, ਕੋਲਬਰਟ ਦੀ ਉਦਾਹਰਣ ਤੇ ਚੱਲਦਿਆਂ, ਇਸ ਅਮਲ ਨੂੰ ਬਹੁਤ ਹੀ ਸਰਲ ਬਣਾ ਦਿੱਤਾ ਗਿਆ। ਇੱਥੇ ਆਰੰਭਕ ਸਨਅਤੀ ਪੂੰਜੀ ਦਾ ਇੱਕ ਹਿੱਸਾ ਸਿੱਧਾ ਰਾਜ ਦੇ ਖਜ਼ਾਨੇ ਵਿੱਚੋਂ ਆਇਆ।

> ਮਿਰਾਬੋ ਚੀਕ ਉਠਦਾ ਹੈ, "ਕਿਉਂ, ਜੰਗ ਤੋਂ ਪਹਿਲਾਂ ਦੇ ਸੈਕਸਨੀ ਦੇ ਕਾਰਖਾਨੇਦਾਰੀ ਦੇ ਗੌਰਵ ਦਾ ਕਾਰਨ ਲੱਭਣ ਲਈ ਬਹੁਤ ਦੂਰ ਜਾਣ ਦੀ ਕੀ ਲੋੜ ਹੈ? ਕਾਰਨ ਇਹ ਹੈ ਕਿ ਰਾਜ ਨੇ 18,00,00,000 ਦਾ ਕਰਜ਼ਾ ਲਿਆ ਸੀ।"*

ਸੱਚਮੁਚ ਦੇ ਕਾਰਖਾਨੇਦਾਰੀ ਦੇ ਦੌਰ ਦੀ ਇਸ ਸੰਤਾਨ ਦਾ – ਬਸਤੀਵਾਦੀ ਪ੍ਰਬੰਧ, ਸਰਵਜਨਕ ਕਰਜ਼ੇ, ਭਾਰੀ ਟੈਕਸ, ਰੱਖਿਆ ਪ੍ਰਣਾਲੀ, ਵਪਾਰਕ ਜੰਗਾਂ ਆਦਿ – ਆਧੁਨਿਕ ਸਨਅਤ ਦੀ ਬਾਲ-ਅਵਸਥਾ ਸਮੇਂ ਵਿਰਾਟ ਰੂਪ ਵਿੱਚ ਵਾਧਾ ਹੋਇਆ। ਆਧੁਨਿਕ ਸਨਅਤ ਦੇ ਜਨਮ ਦੀ ਪੂਰਵ-ਸੂਚਨਾ ਨਿਰਦੋਸ਼ਾਂ ਦੀ ਭਾਰੀ ਹੱਤਿਆ ਨਾਲ਼ ਮਿਲੀ। ਸ਼ਾਹੀ ਜਹਾਜ਼ੀ ਬੇੜੇ ਵਾਂਗ ਹੀ, ਫੈਕਟਰੀਆਂ ਲਈ ਵੀ ਲੋਕਾਂ ਨੂੰ ਧਿੰਗੋਜ਼ੋਰੀ ਭਰਤੀ ਕੀਤਾ ਗਿਆ। 15ਵੀਂ ਸਦੀ ਦੀ ਆਖਰੀ ਤਿਹਾਈ ਤੋਂ ਲੈ ਕੇ ਸਰ ਐਫ਼. ਐਮ. ਈਡਨ ਦੇ ਸਮੇਂ ਤੱਕ ਜਿਸ ਭਿਆਨਕ ਤਰੀਕੇ ਨਾਲ਼ ਜ਼ਰਾਇਤੀ ਵਸੋਂ ਕੋਲੋਂ ਜ਼ਮੀਨਾਂ ਖੋਹੀਆਂ ਗਈਆਂ ਸਨ ਉਸ ਤੋਂ ਉਹ ਤੰਗ ਆ ਗਿਆ ਹੋਇਆ ਸੀ। ਇਸ ਅਮਲ ਤੋਂ, ਜਿਸ ਨੂੰ ਉਹ ਪੂੰਜੀਵਾਦੀ ਜ਼ਰਾਇਤ ਦੀ ਸਥਾਪਤੀ ਲਈ ਅਤੇ "ਵਾਹੀਯੋਗ ਜ਼ਮੀਨ ਅਤੇ ਚਰਾਂਦ ਦੀ ਭੂਮੀ ਵਿਚਕਾਰ ਉੱਚਿਤ ਨਿਸਬਤ ਕਾਇਮ ਕਰਨ ਲਈ ਲਾਜ਼ਮੀ" ਸਮਝਦਾ ਸੀ, ਈਡਨ ਪੂਰੀ ਸੰਤੁਸ਼ਟਤਾ ਨਾਲ਼ ਖੁਸ਼ ਸੀ। ਪਰ ਇੰਨੀ ਆਰਥਕ ਸੂਝ ਉਸ ਵਿੱਚ ਨਹੀਂ ਸੀ ਕਿ ਉਹ ਇਹ ਵੀ ਮੰਨ ਲੈਂਦਾ ਕਿ ਕਾਰਖਾਨੇਦਾਰੀ ਦੀ ਲੁੱਟ-ਖਸੁੱਟ ਨੂੰ ਫੈਟਕਰੀ ਦੀ ਲੁੱਟ-ਖਸੁੱਟ ਵਿੱਚ ਬਦਲਣ ਲਈ ਅਤੇ ਪੂੰਜੀ ਅਤੇ ਕਿਰਤ-ਸ਼ਕਤੀ ਵਿਚਕਾਰ "ਸੱਚਾ ਸਬੰਧ ਸਥਾਪਤ ਕਰਨ ਲਈ" ਬੱਚਿਆਂ ਨੂੰ ਚੁਰਾਉਣਾ ਅਤੇ ਬੱਚਿਆ ਨੂੰ ਗ਼ੁਲਾਮ ਬਣਾਉਣਾ ਜ਼ਰੂਰੀ ਹੈ। ਉਹ ਕਹਿੰਦਾ ਹੈ:

> "ਸ਼ਾਇਦ ਜਨਤਾ ਨੂੰ ਇਹ ਵਿਚਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਕਿਸੇ ਐਸੇ ਕਾਰਖਾਨੇ ਨਾਲ਼ ਵਿਅਕਤੀਗਤ ਜਾਂ ਕੌਮੀ ਖੁਸ਼ੀ ਵਿੱਚ ਵਾਧਾ ਹੋ ਸਕਦਾ ਹੈ ਜਿਸ ਦੇ ਸਫ਼ਲਤਾ ਨਾਲ਼ ਚਲਦੇ ਰਹਿਣ ਲਈ ਇਸ ਗੱਲ ਦੀ ਲੋੜ ਹੋਵੇ ਕਿ ਝੁੱਗੀਆਂ ਅਤੇ ਮੁਹਤਾਜ-ਖਾਨਿਆਂ ਵਿੱਚੋਂ ਗਰੀਬ ਬੱਚੇ ਧੂਹ ਕੇ ਲੈ ਆਂਦੇ ਜਾਣ; ਕਿ ਉਹਨਾਂ ਨੂੰ ਰਾਤ ਦਾ ਬਹੁਤਾ ਸਮਾਂ ਵਾਰੀ-ਵਾਰੀ ਕੰਮ ਉੱਤੇ ਲਾਇਆ ਜਾਏ ਅਤੇ ਉਹਨਾਂ ਤੋਂ ਉਹ ਆਰਾਮ ਖੋਹ ਲਿਆ ਜਾਏ ਜਿਹੜਾ, ਭਾਵੇਂ ਹੈ ਤਾਂ ਸਭਨਾਂ ਲਈ ਜ਼ਰੂਰੀ, ਬਾਲਾਂ ਲਈ ਬਹੁਤਾ ਲੋੜੀਂਦਾ ਹੈ; ਅਤੇ ਕਿ ਦੋਹਾਂ ਲਿੰਗਾਂ, ਵੱਖ ਵੱਖ ਉਮਰਾਂ ਅਤੇ ਰੁਚੀਆਂ ਦੇ ਜੀਆਂ ਨੂੰ ਇਸ ਢੰਗ ਨਾਲ਼ ਇੱਕ ਥਾਂ ਇਕੱਠਾ ਕਰ ਦਿੱਤਾ ਜਾਏ ਕਿ ਇਕ ਦੂਜੇ ਨੂੰ ਦੇਖ ਕੇ ਉਹਨਾਂ ਦਾ ਬਦਚਲਣ ਅਤੇ ਦੁਰਾਚਾਰੀ

---

* ਮਿਰਾਬੋ, ਉਪ. ਪੁ. ਸੈਂਚੀ 6, ਪੰਨਾ 101.

ਬਣ ਜਾਣਾ ਲਾਜ਼ਮੀ ਹੋ ਜਾਵੇ।"*

ਫੀਲਡਨ ਨੇ ਲਿਖਿਆ ਹੈ: "ਡਰਬੀਸ਼ਾਇਰ ਅਤੇ ਨੋਟਿੰਗਮਸ਼ਾਇਰ ਦੀਆਂ ਕਾਉਂਟੀਆਂ ਵਿੱਚ, ਅਤੇ ਖਾਸ ਕਰਕੇ ਲੰਕਾਸ਼ਾਇਰ ਵਿੱਚ ਨਵੀਆਂ ਕਾਢਾਂ ਵਾਲੀਆਂ ਮਸ਼ੀਨਾਂ ਅਕਸਰ ਉਹਨਾਂ ਨਦੀਆਂ ਦੇ ਕੰਢਿਆਂ ਉੱਤੇ ਬਣੀਆਂ ਵੱਡੀਆਂ ਫੈਕਟਰੀਆਂ ਵਿੱਚ ਵਰਤੀਆਂ ਜਾਂਦੀਆਂ ਹਨ ਜਿਹੜੀਆਂ ਪਣਚੱਕੀ ਚਲਾਉਣ ਦੇ ਸਮਰਥ ਹਨ। ਸ਼ਹਿਰਾਂ ਤੋਂ ਬਹੁਤ ਦੂਰ, ਇਹਨਾਂ ਥਾਵਾਂ ਉੱਤੇ ਹਜ਼ਾਰਾਂ ਹੀ ਕੰਮ ਕਰਨ ਵਾਲਿਆਂ ਦੀ ਅਚਾਨਕ ਲੋੜ ਪਈ ਸੀ; ਅਤੇ ਖਾਸ ਕਰਕੇ ਲੰਕਾਸ਼ਾਇਰ ਵਿੱਚ, ਜੋ ਉਸ ਵੇਲੇ ਤੱਕ ਮੁਕਾਬਲਤਨ ਘੱਟ ਆਬਾਦੀ ਵਾਲਾ ਇੱਕ ਉਜਾੜ ਸਥਾਨ ਸੀ, ਕੇਵਲ ਆਬਾਦੀ ਦੀ ਹੀ ਲੋੜ ਸੀ। ਸਭ ਤੋਂ ਵਧੇਰੇ ਲੋੜ ਕਿਉਂਕਿ ਛੋਟੀਆਂ ਛੋਟੀਆਂ, ਫੁਰਤੀਲੀਆਂ ਉਂਗਲਾਂ ਵਾਲੇ ਬਾਲਾਂ ਦੀ ਰਹਿੰਦੀ ਸੀ। ਇਸ ਲਈ ਫੌਰੀ ਤੌਰ 'ਤੇ ਹੀ, ਲੰਡਨ, ਬਰਮਿੰਘਮ ਅਤੇ ਹੋਰ ਥਾਵਾਂ ਦੇ ਵੱਖ ਵੱਖ ਇਲਾਕਿਆਂ ਦੇ ਮੁਹਤਾਜ-ਖਾਨਿਆਂ ਤੋਂ ਸਿਖਾਂਦਰੂ ਮੰਗਾਣ ਦੀ ਪ੍ਰਥਾ ਚੱਲ ਪਈ। ਅਜਿਹੇ ਨਿੱਕੇ ਨਿੱਕੇ, ਬਦਕਿਸਮਤ ਹਜ਼ਾਰਾਂ ਬੱਚੇ ਉੱਤਰ ਵੱਲ ਭੇਜੇ ਗਏ, ਜਿਨ੍ਹਾਂ ਦੀ ਉਮਰ 7 ਸਾਲ ਤੋਂ ਲੈ ਕੇ 13 ਜਾਂ 14 ਸਾਲਾਂ ਦੇ ਵਿਚਕਾਰ ਸੀ। ਇਹ ਰਵਾਜ ਸੀ ਕਿ ਮਾਲਕ ਇਹਨਾਂ ਸਿਖਾਂਦਰੂਆਂ ਨੂੰ ਰੋਟੀ, ਕੱਪੜਾ ਦੇਵੇ ਅਤੇ ਫੈਕਟਰੀ ਦੇ ਨੇੜੇ ਹੀ ਇੱਕ "ਸਿਖਾਂਦਰੂ ਨਿਵਾਸ" ਵਿੱਚ ਰੱਖੇ; ਕੰਮ-ਕਾਜ ਉੱਤੇ ਨਜ਼ਰ ਰੱਖਣ ਲਈ ਕੁਝ ਨਿਰੀਖਕ ਰੱਖ ਦਿੱਤੇ ਗਏ ਸਨ ਜਿਨ੍ਹਾਂ ਦਾ ਹਿੱਤ ਇਸ ਗੱਲ ਵਿੱਚ ਸੀ ਕਿ ਬੱਚਿਆਂ ਤੋਂ ਵੱਧ ਤੋਂ ਵੱਧ ਕੰਮ ਲੈਣ ਕਿਉਂਕਿ ਉਹਨਾਂ ਨੂੰ ਹਾਸਲ ਕੀਤੇ ਕੰਮ ਦੀ ਮਾਤਰਾ ਦੀ ਨਿਸਬਤ ਅਨੁਸਾਰ ਹੀ ਤਨਖਾਹ ਮਿਲਦੀ ਸੀ। ਨਿਰਸੰਦੇਹ, ਇਸ ਦਾ ਨਤੀਜਾ ਹੁੰਦਾ ਸੀ ਬੇਰਹਿਮੀ... ਕਾਰਖਾਨਿਆਂ ਵਾਲੇ ਬਹੁਤ ਸਾਰੇ ਜ਼ਿਲਿਆਂ ਵਿੱਚ, ਅਤੇ ਮੇਰਾ ਖਿਆਲ ਹੈ, ਖਾਸ ਕਰਕੇ ਉਸ ਗੁਨਾਹਗਾਰ ਕਾਉਂਟੀ ਵਿੱਚ ਜਿਸ ਨਾਲ ਮੇਰਾ ਸਬੰਧ ਹੈ (ਲੰਕਾਸ਼ਾਇਰ) ਇਹਨਾਂ ਨਿਰਦੋਸ਼ ਅਤੇ ਮਿੱਤਰਹੀਣ ਬੱਚਿਆਂ ਨੂੰ, ਜਿਨ੍ਹਾਂ ਨੂੰ ਕਾਰਖਾਨਿਆਂ ਦੇ ਮਾਲਕਾਂ ਦੇ ਚਾਰਜ ਵਿੱਚ ਰੱਖਿਆ ਜਾਂਦਾ ਸੀ, ਅਤਿਅੰਤ ਹਿਰਦੇਵੇਦਕ ਜ਼ੁਲਮਾਂ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਕੰਮ ਦੀ ਜ਼ਿਆਦਤੀ ਨਾਲ਼ ਤੰਗ ਕਰਕੇ ਉਹ ਮੌਤ ਦੀ ਦੰਦੀ ਤੱਕ ਪੁਚਾ ਦਿੱਤੇ ਜਾਂਦੇ ਸਨ... ਨਿਰਦੈਤਾ ਦੀ ਅਤਿਅੰਤ ਉੱਤਮ ਸੂਖਮਤਾ ਨਾਲ਼ ਉਹਨਾਂ ਨੂੰ ਕੋਰੜੇ ਮਾਰੇ ਜਾਂਦੇ, ਜ਼ੰਜੀਰਾਂ ਵਿੱਚ ਜਕੜਿਆ ਜਾਂਦਾ ਅਤੇ ਤਸੀਹੇ ਦਿੱਤੇ ਜਾਂਦੇ ਸਨ...। ਉਹਨਾਂ ਨੂੰ ਕਈ ਹਾਲਤਾਂ ਵਿੱਚ ਭੁੱਖਿਆਂ ਵੀ ਰੱਖਿਆ ਜਾਂਦਾ ਅਤੇ ਨਾਲ ਕੋਰੜੇ ਮਾਰ-ਮਾਰ ਕੇ ਕੰਮ ਲਿਆ ਜਾਂਦਾ ਅਤੇ... ਕਈ ਹਾਲਤਾਂ ਵਿੱਚ ਤਾਂ... ਉਹਨਾਂ ਨੂੰ ਆਤਮ-ਹੱਤਿਆ ਤੱਕ ਕਰਨ ਲਈ ਮਜਬੂਰ ਕਰ ਦਿੱਤਾ ਜਾਂਦਾ...। ਡਰਬੀਸ਼ਾਇਰ, ਨੋਟਿੰਗਮਸ਼ਾਇਰ ਅਤੇ ਲੰਕਾਸ਼ਾਇਰ ਦੀਆਂ ਖੂਬਸੂਰਤ ਅਤੇ

* *Eden*, ਉਪ. ਪੁ, ਸੈਂਚੀ 1, ਪੁਸਤਕ 2, ਕਾਂਡ 1, ਪੰਨਾ 421.

ਰੁਮਾਂਟਿਕ ਵਾਦੀਆਂ, ਲੋਕਾਂ ਦੀਆਂ ਨਜ਼ਰਾਂ ਤੋਂ ਇੱਕ ਪਾਸੇ, ਤਸੀਹਿਆਂ ਦਾ ਅਤੇ ਬਹੁਤ ਸਾਰਿਆਂ ਦੇ ਕਤਲ ਦਾ ਭਿਆਨਕ ਸਥਾਨ ਬਣ ਗਈਆਂ। ਕਾਰਖਾਨੇਦਾਰਾਂ ਦੇ ਮੁਨਾਫ਼ੇ ਓੜਕਾਂ ਦੇ ਸਨ; ਪਰ ਇਸ ਨਾਲ਼ ਉਹਨਾਂ ਦੀ ਭੁੱਖ ਮਿਟਣ ਦੀ ਥਾਂ ਸਗੋਂ ਹੋਰ ਚਮਕ ਉੱਠੀ, ਅਤੇ ਇਸ ਲਈ ਕਾਰਖਾਨੇਦਾਰਾਂ ਨੇ ਇੱਕ ਐਸਾ ਰਾਹ ਕੱਢ ਲਿਆ ਜਿਸ ਨਾਲ਼ ਜਾਪਦਾ ਸੀ ਕਿ ਉਹਨਾਂ ਦੇ ਮੁਨਾਫ਼ੇ ਬਿਨਾਂ ਕਿਸੇ ਸੀਮਾਂ ਦੇ ਯਕੀਨੀ ਹੋ ਜਾਣਗੇ। ਉਹਨਾਂ ਨੇ ਇੱਕ ਰੀਤ ਕੱਢ ਲਈ ਜਿਸ ਨੂੰ "ਰਾਤ ਨੂੰ ਕੰਮ ਕਰਨਾ" ਕਹਿੰਦੇ ਹਨ, ਮਤਲਬ ਹੈ, ਕਿ ਦਿਨ ਭਰ ਲਈ ਕੰਮ ਕਰਕੇ ਥੱਕ ਜਾਣ ਵਾਲੇ ਮਜ਼ਦੂਰਾਂ ਤੋਂ ਮਗਰੋਂ ਉਹ ਕਿਰਤੀਆਂ ਦਾ ਇੱਕ ਹੋਰ ਜੁੱਟ ਤਿਆਰ ਰੱਖਦੇ ਸਨ ਜਿਸ ਕੋਲੋਂ ਰਾਤ ਸਮੇਂ ਕੰਮ ਕਰਵਾਉਣਾ ਹੁੰਦਾ ਸੀ। ਦਿਨ ਵੇਲੇ ਕੰਮ ਕਰਨ ਵਾਲੇ ਉਹਨਾਂ ਬਿਸਤਰਿਆਂ ਵਿੱਚ ਜਾ ਪੈਂਦੇ ਜਿਨ੍ਹਾਂ ਵਿੱਚੋਂ ਹੁਣੇ ਹੀ ਰਾਤ ਕੰਮ ਕਰਨ ਵਾਲੇ ਉੱਠ ਕੇ ਆਏ ਹੁੰਦੇ, ਅਤੇ ਆਪਣੀ ਵਾਰੀ ਰਾਤ ਕੰਮ ਕਰਨ ਵਾਲੇ ਉਹਨਾਂ ਬਿਸਤਰਿਆਂ ਵਿੱਚ ਜਾ ਸੌਂਦੇ ਜਿਨ੍ਹਾਂ ਵਿਚੋਂ ਸਵੇਰੇ ਕੰਮ ਕਰਨ ਵਾਲੇ ਉੱਠ ਕੇ ਗਏ ਹੁੰਦੇ। ਲੰਕਾਸ਼ਾਇਰ ਵਿੱਚ ਇੱਕ ਆਮ ਰਵਾਇਤ ਹੈ ਕਿ **ਉੱਥੇ ਬਿਸਤਰੇ ਕਦੇ ਠੰਡੇ ਨਹੀਂ ਹੁੰਦੇ।***

* *John Fielden.* «The Curse of the Factory System», London, 1836, pp. 5, 6. "ਫੈਕਟਰੀ ਪ੍ਰਬੰਧ ਦੇ ਇਸ ਤੋਂ ਪਹਿਲਾਂ ਦੇ ਕਲੰਕਾਂ ਬਾਰੇ ਦੇਖੋ: Dr. *Aikin* ਦੀ (1795) ਉਪ. ਪੁ. ਪੰਨਾ 219 ਅਤੇ Gisborne ਦੀ ਰਚਨਾ: «Enquiry into the Duties of Men» 1795, v. II, ਜਦੋਂ ਭਾਫ਼ ਦੇ ਇੰਜਨ ਨੇ ਪਿੰਡਾਂ ਦੇ ਝਰਨਿਆਂ ਤੋਂ ਫੈਕਟਰੀਆਂ ਚੁੱਕ ਕੇ ਸ਼ਹਿਰਾਂ ਦੇ ਵਿਚਾਲੇ ਲਿਆ ਖੜੀਆਂ ਕੀਤੀਆਂ, ਤਾਂ ਵਾਧੂ–ਕਦਰ ਬਣਾਉਣ ਵਾਲੇ "ਕੰਜੂਸ ਪੂੰਜੀਪਤੀਆਂ" ਨੂੰ ਬੱਚਿਆਂ ਦੇ ਰੂਪ ਵਿੱਚ ਪਹਿਲਾਂ ਤੋਂ ਤਿਆਰ ਮਨੁੱਖੀ – ਸਮੱਗਰੀ ਮਿਲ ਗਈ ਅਤੇ ਉਹਨਾਂ ਨੂੰ ਮੁਹਤਾਜਖਾਨਿਆਂ ਵਿੱਚੋਂ ਗ਼ੁਲਾਮ ਢੂੰਡਣ ਲਈ ਮਜਬੂਰ ਨਾ ਹੋਣਾ ਪਿਆ। ਜਦੋਂ ਸਰ ਆਰ. ਪੀਲ ("ਜ਼ਾਹਿਰਦਾਰੀ (plausibility) ਦੇ ਮੰਤਰੀ" ਦੇ ਪਿਤਾ) ਨੇ 1815 ਵਿੱਚ ਬੱਚਿਆਂ ਦੀ ਸੁਰੱਖਿਆ ਲਈ ਆਪਣਾ ਬਿੱਲ ਪੇਸ਼ ਕੀਤਾ ਤਾਂ Bullion Committee ਦੇ ਪ੍ਰਤਿਭਾਸ਼ਾਲੀ ਮੈਂਬਰ ਅਤੇ ਰਿਕਾਰਡੋ ਦੇ ਗੂੜ੍ਹੇ ਮਿੱਤਰ, ਫ਼ਰਾਂਸਿਸ ਹੌਰਨਰ ਨੇ ਹਾਊਸ ਆਫ਼ ਕਾਮਨਸ ਵਿੱਚ ਆਖਿਆ ਸੀ: "ਇਹ ਸਭ ਨੂੰ ਪਤਾ ਹੈ ਕਿ ਇੱਕ ਦਿਵਾਲੀਏ ਦੀ ਸੰਪਤੀ ਦੇ ਨਾਲ਼ ਇਹਨਾਂ ਬੱਚਿਆਂ ਦੀ ਇੱਕ ਟੋਲੀ, ਜੇ ਉਹ ਇਹ ਸ਼ਬਦ ਵਰਤ ਸਕੇ, ਵਿਕਰੀ ਲਈ ਪੇਸ਼ ਕੀਤੀ ਗਈ ਸੀ ਅਤੇ ਸੰਪਤੀ ਦੇ ਹਿੱਸੇ ਵਜੋਂ ਲੋਕਾਂ ਦੇ ਸਾਹਮਣੇ ਇਸ ਦੀ ਇਸ਼ਤਿਹਾਰਬਾਜ਼ੀ ਕੀਤੀ ਗਈ ਸੀ। ਦੋ ਸਾਲ ਹੋਏ Court of King's Bench ਦੇ ਸਾਹਮਣੇ ਇੱਕ ਅਤਿ ਅੱਤਿਆਚਾਰੀ ਉਦਾਹਰਣ ਲਿਆਂਦੀ ਗਈ ਸੀ ਜਿਸ ਵਿੱਚ ਲੰਡਨ ਦੀ ਇੱਕ ਪਾਰਿਸ ਦੇ ਅਧਿਕਾਰੀਆਂ ਨੇ ਇਹ ਕੁਝ ਸਿਖਾਂਦਰੂ ਬੱਚੇ ਇੱਕ ਹੋਰ ਕਾਰਖਾਨੇਦਾਰ ਦੇ ਹਵਾਲੇ ਕਰ ਦਿੱਤੇ ਸਨ ਜਿੱਥੇ ਕੁਝ ਦਿਆਲੂ ਬੰਦਿਆਂ ਨੇ ਉਹਨਾਂ ਨੂੰ ਇੱਕ ਦਮ ਭੁੱਖਮਰੀ ਦੀ ਹਾਲਤ ਵਿੱਚ ਵੇਖਿਆ ਸੀ। ਇੱਕ ਹੋਰ ਵੀ ਭਿਆਨਕ ਉਦਾਹਰਣ ਉਹਦੇ ਗਿਆਨ ਵਿੱਚ ਉਸ ਸਮੇਂ ਆਇਆ ਜਿਸ ਸਮੇਂ ਉਹ ਇੱਕ ਪਾਰਲੀਮੈਂਟਰੀ ਕਮੇਟੀ ਦਾ ਮੈਂਬਰ ਸੀ...। ਕਿ ਥੋੜ੍ਹਾ ਹੀ ਚਿਰ ਪਹਿਲਾਂ, ਲੰਡਨ ਦੇ ਇੱਕ ਇਲਾਕੇ ਅਤੇ ਲੰਕਾਸ਼ਾਇਰ ਦੇ ਕਾਰਖਾਨੇਦਾਰ ਵਿਚਕਾਰ ਇੱਕ ਸਮਝੌਤਾ ਹੋਇਆ ਸੀ, ਜਿਸ ਵਿੱਚ ਕਿਹਾ ਗਿਆ ਸੀ, ਕਿ ਹਰ ਵੀਹ ਤੰਦਰੁਸਤ ਬੱਚਿਆਂ ਦੇ ਨਾਲ਼ ਹੀ ਉਸ ਨੂੰ ਇੱਕ ਪਾਗਲ ਬੱਚਾ ਵੀ ਰੱਖਣਾ ਪਵੇਗਾ।"

ਕਾਰਖਾਨੇਦਾਰੀ ਦੇ ਦੌਰ ਸਮੇਂ ਪੂੰਜੀਵਾਦੀ ਉਤਪਾਦਨ ਦੇ ਵਿਕਾਸ ਦੇ ਨਾਲ਼ ਨਾਲ਼ ਯੂਰਪ ਦੀ ਲੋਕ ਰਾਏ ਸ਼ਰਮ ਅਤੇ ਜ਼ਮੀਰ ਦੀ ਬਾਕੀ ਰਹਿੰਦ-ਖੂੰਹਦ ਵੀ ਗੁਆ ਬੈਠੀ ਸੀ। ਸਭ ਕੌਮਾਂ ਹਰ ਐਸੇ ਅਨਾਚਾਰ ਦੀਆਂ ਸਨਕੀਆਂ ਵਾਂਗ ਡੀਂਗਾਂ ਮਾਰਦੀਆਂ ਸਨ ਜਿਹੜਾ ਪੂੰਜੀਵਾਦੀ ਇਕੱਤਰੀਕਰਨ ਦੇ ਸਾਧਨ ਦਾ ਕੰਮ ਦੇਂਦਾ ਸੀ। ਮਿਸਾਲ ਲਈ, ਸੁਯੋਗ ਏ. ਐਂਡਰਸਨ ਦੀ ਭੋਲ਼ੇਪਨ ਨਾਲ਼ ਭਰਪੂਰ ਰਚਨਾ "ਵਣਜ ਦਾ ਇਤਿਹਾਸ" ਪੜ੍ਹ ਵੇਖੋ। ਇਸ ਵਿੱਚ ਇਸ ਗੱਲ ਦਾ ਢੰਡੋਰਾ ਪਿੱਟਿਆ ਗਿਆ ਹੈ ਕਿ ਇਹ ਅੰਗਰੇਜ਼ ਰਾਜ-ਨੀਤੀਵਾਨਤਾ ਦੀ ਵਿਜੈ ਸੀ ਕਿ ਉਤਰੇਖਤ ਦੀ ਅਮਨ ਸੰਧੀ ਸਮੇਂ ਇੰਗਲੈਂਡ ਨੇ (ਦਾਸਾਂ ਦੇ ਵਪਾਰ ਦੀ ਸੰਧੀ) Asiento Treaty* ਦੁਆਰਾ ਅਫ਼ਰੀਕਾ ਅਤੇ ਸਪੇਨੀ ਅਮਰੀਕਾ ਵਿਚਕਾਰ ਹਬਸ਼ੀਆਂ ਦਾ ਵਪਾਰ, ਜਿਹੜਾ ਉਦੋਂ ਤੱਕ ਕੇਵਲ ਅਫ਼ਰੀਕਾ ਅਤੇ ਬਰਤਾਨਵੀ ਵੈਸਟ-ਇੰਡੀਜ਼ ਵਿਚਕਾਰ ਤੇ ਅਫ਼ਰੀਕਾ ਤੇ ਸਪੇਨਿਸ਼ ਅਮਰੀਕਾ ਵਿਚਕਾਰ ਚੱਲਦਾ ਸੀ, ਕਰਨ ਦਾ ਹੱਕ ਸਪੇਨ ਵਾਲਿਆਂ ਤੋਂ ਲੈ ਲਿਆ। ਇਸ ਨਾਲ਼ ਇੰਗਲੈਂਡ ਨੂੰ 1743 ਤੱਕ 4,800 ਹਬਸ਼ੀ ਸਾਲਾਨਾ ਸਪੇਨੀ ਅਮਰੀਕਾ ਨੂੰ ਭੇਜਣ ਦਾ ਹੱਕ ਮਿਲ ਗਿਆ। ਇਸ ਦੇ ਨਾਲ਼ ਹੀ, ਇਸ ਗੱਲ ਨੇ ਬਰਤਾਨਵੀ ਸਮੱਗਲਿੰਗ ਉੱਤੇ ਸਰਕਾਰੀ ਪਰਦਾ ਪਾ ਦਿੱਤਾ। ਲਿਵਰਪੂਲ ਗ਼ੁਲਾਮਾਂ ਦੇ ਵਪਾਰ ਦੀ ਕਮਾਈ ਨਾਲ਼ ਫਿਟਣ ਲਗਾ। ਇਹ ਆਰੰਭਕ ਇਕੱਤਰੀਕਰਨ ਦੀ ਇਸ ਦੀ ਵਿਧੀ ਸੀ। ਅਤੇ ਅੱਜ ਦਿਨ ਤੱਕ ਵੀ ਲਿਵਰਪੂਲ ਦੇ "ਪਤਵੰਤੇ ਲੋਕ" ਗੁਲਾਮਾਂ ਦੇ ਵਪਾਰ ਦੇ ਸੋਹਲੇ ਗਾਉਂਦੇ ਹਨ ਜੋ - ਆਈਕਿਨ ਦੀ (1795) ਦੀ ਉਸ ਲਿਖਤ ਅਨੁਸਾਰ ਜਿਸ ਦਾ ਪਹਿਲਾਂ ਹਵਾਲਾ ਦਿੱਤਾ ਗਿਆ ਹੈ - "ਦਲੇਰ ਮਾਅਰਕੇਬਾਜ਼ੀ ਦੀ ਉਸ ਭਾਵਨਾ ਨਾਲ਼ ਮੇਲ ਖਾਂਦਾ ਹੈ ਜਿਹੜੀ ਲਿਵਰਪੂਲ ਦੇ ਵਪਾਰ ਦਾ ਇੱਕ ਵਿਸ਼ੇਸ਼ ਲੱਛਣ ਹੈ ਅਤੇ ਜਿਸ ਨੇ ਇਤਨੀ ਤੇਜ਼ੀ ਨਾਲ਼ ਲਿਵਰਪੂਲ ਨੂੰ ਇਸ ਦੀ ਵਰਤਮਾਨ ਖੁਸ਼ਹਾਲੀ ਦੀ ਹਾਲਤ ਤੱਕ ਪਹੁੰਚਾਇਆ ਹੈ; ਜਹਾਜ਼ਾਂ ਅਤੇ ਮਲਾਹਾਂ ਨੂੰ ਵਿਸ਼ਾਲ ਪੈਮਾਨੇ ਉੱਤੇ ਕੰਮ ਮਿਲਿਆ ਹੈ, ਅਤੇ ਜਿਸ ਨੇ ਦੇਸ਼ ਦੇ ਬਣੇ ਕਾਰਖਾਨਿਆਂ ਦੇ ਮਾਲ ਦੀ ਮੰਗ ਵਿੱਚ ਭਾਰੀ ਵਾਧਾ ਕੀਤਾ ਹੈ।" (ਪੰਨਾ 339) ਲਿਵਰਪੂਲ ਨੇ ਗੁਲਾਮਾਂ ਦੇ ਵਪਾਰ ਲਈ 1730 ਵਿੱਚ 15 ਜਹਾਜ਼; 1751 ਵਿੱਚ 53; 1760 ਵਿੱਚ 74; 1770 ਵਿੱਚ 96; ਅਤੇ 1792 ਵਿੱਚ 132 ਜਹਾਜ਼ ਰੱਖੇ ਸਨ।

ਜਿੱਥੇ ਸੂਤਰ ਦੀ ਸਨਅਤ ਨੇ ਇੰਗਲੈਂਡ ਵਿੱਚ ਬੱਚਿਆਂ ਦੀ ਗ਼ੁਲਾਮੀ ਦੀ ਪ੍ਰਥਾ ਚਲਾਈ, ਉੱਥੇ ਇਸ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਪਹਿਲਾਂ ਦੀ, ਘੱਟ ਜਾਂ ਵੱਧ ਪਿਤਾਪੁਰਖੀ ਗ਼ੁਲਾਮੀ ਨੂੰ ਵਪਾਰਕ ਲੁੱਟ-ਖਸੁੱਟ ਦੇ ਪ੍ਰਬੰਧ ਵਿੱਚ ਤਬਦੀਲ ਕਰਨ ਦੀ ਪ੍ਰੇਰਨਾ ਦਿੱਤੀ। ਵਾਸਤਵ ਵਿੱਚ, ਯੂਰਪ ਵਿੱਚ ਉਜਰਤੀ-ਮਜ਼ਦੂਰਾਂ ਦੀ ਲੁਕਵੀਂ ਗੁਲਾਮੀ ਨੂੰ, ਆਪਣੇ ਆਧਾਰ-ਥੜ੍ਹੇ ਲਈ, ਨਵੇਂ ਸੰਸਾਰ ਵਿੱਚ ਸ਼ੁੱਧ ਅਤੇ ਸਰਲ ਗ਼ੁਲਾਮ-ਪ੍ਰਥਾ ਦੀ ਲੋੜ ਸੀ।*

---

* Asiento: ਉਹਨਾਂ ਸੰਧੀਆਂ ਦਾ ਨਾਂ ਹੈ, ਜਿਨ੍ਹਾਂ ਦੇ ਅਧੀਨ, 16ਵੀਂ, 17ਵੀਂ ਅਤੇ 18ਵੀਂ ਸਦੀ ਵਿੱਚ, ਸਪੇਨ ਨੇ ਵਿਦੇਸ਼ੀ ਰਾਜਾਂ ਅਤੇ ਨਿੱਜੀ ਵਿਅਕਤੀਆਂ ਨੂੰ ਇਹ ਅਧਿਕਾਰ ਦੇ ਰੱਖਿਆ ਸੀ ਕਿ ਉਹ ਉਸ ਦੀਆਂ ਅਮਰੀਕਨ ਮਿਲਖਾਂ ਨਾਲ਼ ਹਬਸ਼ੀਆ ਦਾ ਵਪਾਰ ਕਰ ਸਕਣ। **-ਸੰਪਾ.**

** 1790 ਵਿੱਚ, ਅੰਗਰੇਜ਼ ਅਧਿਕਾਰ ਹੇਠਲੇ ਵੈਸਟ-ਇੰਡੀਜ਼ ਵਿੱਚ ਹਰ ਇੱਕ ਸੁਤੰਤਰ ⇨

Tantæ molis erat* ਉਪਜ ਦੀ ਪੂੰਜੀਵਾਦੀ ਪ੍ਰਣਾਲੀ ਦੇ "ਕੁਦਰਤ ਦੇ ਸਦੀਵੀ ਨੇਮ" ਸਥਾਪਤ ਕਰਨ ਲਈ, ਕਿਰਤੀਆਂ ਅਤੇ ਕਿਰਤ ਦੀਆਂ ਹਾਲਤਾਂ ਵਿਚਕਾਰ ਅਲਹਿਦਗੀ ਦੇ ਅਮਲ ਨੂੰ ਪੂਰਾ ਕਰਨ ਲਈ, ਇੱਕ ਧੁਰੇ ਉੱਤੇ ਪੈਦਾਵਾਰ ਅਤੇ ਉਪਜੀਵਕਾ ਦੇ ਸਮਾਜੀ ਸਾਧਨਾਂ ਨੂੰ ਪੂੰਜੀ ਵਿੱਚ ਬਦਲਣ, ਤੇ ਦੂਜੇ ਸਿਰੇ ਉੱਤੇ, ਵਿਸ਼ਾਲ ਜਨਸਮੂਹ ਨੂੰ ਉਜਰਤੀ ਮਜ਼ਦੂਰਾਂ ਵਿੱਚ "ਸੁਤੰਤਰ ਮਿਹਨਤੀ ਗਰੀਬਾਂ"**, ਆਧੁਨਿਕ ਸਮਾਜ ਦੀ ਇਸ ਬਣਾਉਟੀ

---

ਬੰਦੇ ਪਿੱਛੇ ਦਸ ਗ਼ੁਲਾਮ ਸਨ, ਫ਼ਰਾਂਸ ਦੇ ਅਧਿਕਾਰ ਹੇਠਲੇ ਵੈਸਟ-ਇੰਡੀਜ਼ ਵਿੱਚ ਇੱਕ ਪਿੱਛੇ ਚੌਦਾਂ, ਡੱਚ ਅਧਿਕਾਰ ਹੇਠਲੇ ਵੈਸਟ-ਇੰਡੀਜ਼ ਵਿੱਚ ਇੱਕ ਪਿਛੇ ਤੇਈ ਗ਼ੁਲਾਮ। (*Henry Brougham* «An Inquiry into the Colonial Policy of the European Powers» Edinburgh, 1803, v. II, p. 74)

* (ਕਿੰਨੇ ਕਸ਼ਟ ਕਰਨ ਦੀ ਲੋੜ ਸੀ!) ਵਿਰਜਿਲ ਦੀ ਕਵਿਤਾ "ਐਨਿਡ" ਵਿੱਚੋਂ। -**ਸੰਪਾ.**

** "ਮਿਹਨਤੀ ਗਰੀਬ" («labouring poor») ਵਾਕੰਸ਼ ਅੰਗਰੇਜ਼ ਕਨੂੰਨੀਅਤ ਵਿੱਚ ਉਸ ਘੜੀ ਤੋਂ ਮਿਲਦਾ ਹੈ ਜਦੋਂ ਉਜਰਤੀ ਕਿਰਤੀਆਂ ਦੀ ਜਮਾਤ ਨਜ਼ਰ ਆਉਣ ਲੱਗੀ। ਇਹ ਸ਼ਬਦ ਇੱਕ ਪਾਸੇ "ਵਿਹਲੜ ਗਰੀਬ" ਭਿਖਾਰੀਆਂ, ਆਦਿ ਦੇ ਮੁਕਾਬਲੇ ਵਿੱਚ ਵਰਤਿਆ ਜਾਂਦਾ ਹੈ, ਅਤੇ ਦੂਜੇ ਪਾਸੇ ਉਹਨਾਂ ਕਿਰਤੀਆਂ ਲਈ ਜਿਨ੍ਹਾਂ ਕੋਲ, ਐਸੇ ਕਬੂਤਰਾਂ ਵਾਂਗ ਜਿਨ੍ਹਾਂ ਦੇ ਪਰ ਨਹੀਂ ਕੱਟੇ ਗਏ, ਹਾਲੇ ਤੱਕ ਕਿਰਤ ਕਰਨ ਦੇ ਆਪਣੇ ਹੀ ਸਾਧਨ ਹਨ। ਕਨੂੰਨ ਪੁਸਤਕ ਵਿਚੋਂ ਇਹ ਸ਼ਬਦ ਰਾਜਨੀਤਕ ਆਰਥਕਤਾ ਵਿੱਚ ਆ ਗਿਆ, ਅਤੇ ਕੁਲਪੇਪਰ, ਜੇ. ਚਾਈਲਡ ਦੀਆਂ ਲਿਖਤਾਂ ਵਿੱਚੋਂ ਹੁੰਦਾ ਐਡਮ ਸਮਿਥ ਅਤੇ ਈਡਨ ਤੱਕ ਪੁੱਜ ਗਿਆ। ਇਸ ਤੋਂ ਬਾਅਦ, ਬੰਦਾ ਇਸ ਗੱਲ ਦਾ ਅੰਦਾਜ਼ਾ ਲਾ ਹੀ ਸਕਦਾ ਹੈ ਕਿ ਜਦੋਂ "ਘ੍ਰਿਣਾਯੋਗ ਰਾਜਨੀਤਕ ਸ਼ਬਦ ਜਾਲ ਦੇ ਮਾਹਿਰ" ਐਡਮੰਡ ਬਰਕ ਨੇ ਇਸ ਪ੍ਰਗਟਾਉ "ਮਿਹਨਤੀ ਗਰੀਬ" ਨੂੰ "ਘ੍ਰਿਣਾਯੋਗ ਰਾਜਨੀਤਕ ਸ਼ਬਦ-ਜਾਲ" ਆਖਿਆ ਸੀ ਤਾਂ ਉਸ ਦੇ ਦਿਲ ਵਿੱਚ ਕਿੰਨੀ ਕੁ ਸਦਭਾਵਨਾ ਸੀ। ਇਹ ਖ਼ੁਸ਼ਾਮਦੀ, ਜਦੋਂ ਅੰਗਰੇਜ਼ ਹਾਕਮ ਜੁੰਡੀ ਤੋਂ ਤਨਖ਼ਾਹ ਪਾਉਂਦਾ ਸੀ, ਉਦੋਂ ਫ਼ਰਾਂਸ ਦੇ ਇਨਕਲਾਬ ਵਿਰੁੱਧ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦੀ ਰੁਮਾਂਟਿਕ ਪ੍ਰਸੰਸਾ ਕਰਦਾ ਸੀ, ਐਨ ਉਵੇਂ ਹੀ, ਜਿਵੇਂ ਜਦੋਂ ਉਹ, ਅਮਰੀਕਨ ਉਪੱਦਰਾਂ ਦੇ ਸ਼ੁਰੂ ਵਿੱਚ ਉੱਤਰੀ ਅਮਰੀਕੀ ਬਸਤੀਆਂ ਤੋਂ ਤਨਖ਼ਾਹ ਪਾਉਂਦਾ ਸੀ, ਉਦੋਂ ਅੰਗਰੇਜ਼ ਹਾਕਮ-ਜੁੰਡੀ ਦੇ ਖਿਲਾਫ਼ ਉਦਾਰਵਾਦੀ ਹੋਣ ਦਾ ਪਖੰਡ ਰਚੀ ਬੈਠਾ ਸੀ। ਇਹ ਆਦਮੀ ਅਸਲ ਵਿੱਚ ਸੌ ਫੀਸਦੀ ਉਜੱਡ ਬੁਰਜੂਆ ਹੈ। "ਵਣਜ ਦੇ ਕਨੂੰਨ ਕੁਦਰਤ ਦੇ ਕਨੂੰਨ ਹਨ, ਅਤੇ ਇਸ ਲਈ ਰੱਬ ਦੇ ਕਨੂੰਨ ਹਨ।" (*E. Burke.* «Thoughts and Details on Scarcity», ed. London, 1800, p. 31, 32) ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਰੱਬ ਦੇ ਅਤੇ ਕੁਦਰਤ ਦੇ ਕਨੂੰਨਾਂ ਦੇ ਅਨੁਸਾਰ, ਉਸ ਨੇ ਆਪਣੇ ਆਪ ਨੂੰ ਸਦਾ ਹੀ ਸਭ ਤੋਂ ਚੰਗੀ ਮੰਡੀ ਵਿੱਚ ਵੇਚਿਆ। ਇਸ ਐਡਮੰਡ ਬਰਕ ਦਾ ਬਹੁਤ ਵਧੀਆ ਚਿੱਤਰ, ਜਿਨ੍ਹੀਂ ਦਿਨੀਂ ਉਹ ਉਦਾਰਵਾਦੀ ਸੀ, ਰੇਵਰੰਡ ਟੱਕਰ ਦੀਆਂ ਲਿਖਤਾਂ ਵਿੱਚੋਂ ਮਿਲਦਾ ਹੈ। ਟੱਕਰ ਇੱਕ ਪਾਦਰੀ ਸੀ ਅਤੇ ਇੱਕ ਟੋਰੀ, ਪਰ ਜਿੱਥੋਂ ਤੱਕ ਬਾਕੀ ਗੱਲਾਂ ਦਾ ਸਵਾਲ ਹੈ, ਉਹ ਇੱਕ ਆਦਰਯੋਗ ਬੰਦਾ ਅਤੇ ਸਮਰਥ ਰਾਜਨੀਤਕ ਅਰਥ-ਸ਼ਾਸਤਰੀ ਸੀ। ਅੱਜ ਜਿਵੇਂ ਚਲਣ ਦੀ ਬਦਨਾਮ ਬੁਜ਼ਦਿਲੀ ਦਾ ਬੋਲਬਾਲਾ ਹੈ, ਅਤੇ "ਵਣਜ ਦੇ ਕਨੂੰਨਾਂ" ਉੱਤੇ ਜਿਸ ਦਾ ਅਟੁੱਟ ਵਿਸ਼ਵਾਸ ਹੈ, ਸਾਰਾ ਇਹ ਫਰਜ਼ ਬਣਦਾ ਹੈ ਕਿ ਅਸੀਂ ਬਰਕ ਵਰਗਿਆਂ ਦੀ ਅਸਲੀਅਤ ਮੁੜ ਮੁੜ ਖੋਹਲੀਏ, ਜਿਹੜੇ ਆਪਣੇ ਜਾਨਸ਼ੀਨਾਂ ਤੋਂ ਇੱਕੋ ਗੱਲੇ – ਪ੍ਰਤਿਭਾ –

ਪੈਦਾਵਾਰ ਵਿੱਚ ਬਦਲਣ ਲਈ, ਇਹ ਕਸ਼ਟ ਤੇ ਦੁੱਖ ਸਹਿਣਾ ਜ਼ਰੂਰੀ ਸੀ। ਓਜੀਏ* ਅਨੁਸਾਰ, ਜੇ ਮੁਦਰਾ "ਆਪਣੀ ਗੱਲ੍ਹ ਉੱਤੇ ਜਨਮ-ਜਾਤ ਦੇ ਲਹੂ ਦਾ ਦਾਗ਼ ਲੈ ਕੇ ਸੰਸਾਰ ਵਿੱਚ ਆਉਂਦਾ ਹੈ", ਤਾਂ ਪੂੰਜੀ ਸਿਰ ਤੋਂ ਪੈਰਾਂ ਤੱਕ, ਰੋਮ ਰੋਮ ਲਹੂ ਤੇ ਗੰਦਗੀ ਵਿੱਚ ਲਥਪਥ ਹੁੰਦੀ ਹੈ।**

---

⇨ ਵਿੱਚ ਵਖਰੇ ਹਨ।

* *Marie Augier.* «Du Crédit Public», Paris, 1842

** «Quarterly Reviewer» ਨੇ ਕਿਹਾ ਹੈ ਕਿ ਪੂੰਜੀ ਅਸ਼ਾਂਤੀ ਅਤੇ ਸੰਘਰਸ਼ ਤੋਂ ਭੱਜਦੀ ਹੈ, ਅਤੇ ਯਰਕੂ ਹੁੰਦੀ ਹੈ। ਇਹ ਗੱਲ ਠੀਕ ਹੈ, ਪਰ ਇਹ ਸਵਾਲ ਨੂੰ ਅਧੂਰਾ ਬਿਆਨ ਕਰਨਾ ਹੈ। ਜਿਵੇਂ ਪਹਿਲਾਂ ਕਿਹਾ ਜਾਂਦਾ ਸੀ ਕਿ ਕੁਦਰਤ ਖਲਾਅ ਨੂੰ ਘ੍ਰਿਣਾ ਕਰਦੀ ਹੈ, ਇਸੇ ਤਰ੍ਹਾਂ ਹੀ ਪੂੰਜੀ ਨੂੰ ਇਹ ਪਸੰਦ ਨਹੀਂ ਕਿ ਮੁਨਾਫ਼ਾ ਨਾ ਹੋਵੇ, ਜਾਂ ਬਹੁਤ ਥੋੜ੍ਹਾ ਹੋਵੇ। ਕਾਫ਼ੀ ਮੁਨਾਫ਼ਾ ਹੋਵੇ, ਤਾਂ ਪੂੰਜੀ ਦਲੇਰ ਹੁੰਦੀ ਹੈ। ਜੇ 10 ਫ਼ੀਸਦੀ ਮੁਨਾਫ਼ਾ ਮਿਲੇ ਤਾਂ ਪੂੰਜੀ ਕਿਤੇ ਵੀ ਲਾਈ ਜਾ ਸਕਦੀ ਹੈ; 20 ਫ਼ੀਸਦੀ ਦੀ ਆਸ ਹੋਵੇ, ਤਾਂ ਪੂੰਜੀ ਨਿਸ਼ਚੇ ਹੀ ਉਤਸੁਕਤਾ ਦਰਸਾਉਂਦੀ ਹੈ, 50 ਫ਼ੀਸਦੀ ਹੋਵੇ ਤਾਂ ਪੂੰਜੀ ਪ੍ਰਤੱਖ ਦਲੇਰ ਹੋ ਜਾਂਦੀ ਹੈ; 100 ਫ਼ੀਸਦੀ ਮੁਨਾਫ਼ੇ ਦੀ ਆਸ ਨਾਲ਼ ਇਹ ਕੁਲ ਮਨੁੱਖੀ ਕਨੂੰਨਾਂ ਨੂੰ ਲਿਤੜਨ ਲਈ ਤਿਆਰ ਹੋ ਜਾਇਗੀ; ਜੇਕਰ 300 ਫ਼ੀਸਦੀ ਮੁਨਾਫ਼ੇ ਦੀ ਆਸ ਹੋਵੇ, ਤਾਂ ਕੋਈ ਐਸਾ ਜੁਰਮ ਨਹੀਂ ਜਿਸ ਨੂੰ ਕਰਨੋਂ ਸੰਕੋਚ ਕਰੇ, ਕੋਈ ਖਤਰਾ ਨਹੀਂ ਜਿਸ ਨੂੰ ਸਹੇੜਨ ਲਈ ਤਿਆਰ ਨਾ ਹੋਵੇ, ਇੱਥੋਂ ਤੱਕ ਕਿ ਜੇ ਪੂੰਜੀ ਦੇ ਮਾਲਕ ਨੂੰ ਫਾਹੇ ਲਾਏ ਜਾਣ ਦਾ ਖਤਰਾ ਵੀ ਹੋਵੇ ਤਾਂ ਇਹ ਉਹਦੇ ਲਈ ਵੀ ਤਿਆਰ ਹੋਵੇਗੀ। ਜੇ ਅਸ਼ਾਂਤੀ ਅਤੇ ਝਗੜੇ ਨਾਲ਼ ਮੁਨਾਫ਼ਾ ਆਉਂਦਾ ਦਿਸੇ ਤਾਂ ਇਹ ਦੋਵਾਂ ਨੂੰ ਰੱਜ ਕੇ ਪ੍ਰੇਰਨਾ ਦੇਵੇਗੀ। ਇੱਥੇ ਜੋ ਕੁਝ ਆਖਿਆ ਗਿਆ ਹੈ, ਸਮੱਗਲਿੰਗ ਅਤੇ ਗ਼ੁਲਾਮ-ਵਪਾਰ ਤੋਂ ਇਹ ਪੂਰੀ ਤਰ੍ਹਾਂ ਸਿੱਧ ਹੁੰਦਾ ਹੈ।" (*T. J. Dunning.* «Trade Unions and Strikes», London, 1860, pp. 35,36)

# ਪੂੰਜੀਵਾਦੀ ਇਕੱਤਰੀਕਰਨ ਦੀ ਇਤਿਹਾਸਕ ਪ੍ਰਵਿਰਤੀ

ਪੂੰਜੀ ਦੇ ਆਰੰਭਕ ਇਕੱਤਰੀਕਰਨ ਦਾ, ਭਾਵ, ਇਸ ਦੀ ਇਤਿਹਾਸਕ ਉਤਪਤੀ ਦਾ ਆਖਰ ਕੀ ਮਤਲਬ ਹੁੰਦਾ ਹੈ ? ਜਿੱਥੋਂ ਤੱਕ ਗ਼ੁਲਾਮਾਂ ਅਤੇ ਭੂਮੀ-ਗ਼ੁਲਾਮਾਂ ਦੀ ਉਜਰਤੀ-ਮਜ਼ਦੂਰਾਂ ਵਿੱਚ ਤੁਰੰਤ ਤਬਦੀਲੀ ਨਹੀਂ ਹੁੰਦੀ, ਅਤੇ ਇਸ ਪ੍ਰਕਾਰ ਰੂਪ ਦੀ ਤਬਦੀਲੀ ਨਹੀਂ ਹੁੰਦੀ, ਇਸ ਦਾ ਮਤਲਬ ਪ੍ਰਤੱਖ ਉਤਪਾਦਕਾਂ ਦੀ ਸੰਪਤੀ-ਖੋਹਣਾ ਹੁੰਦਾ ਹੈ, ਭਾਵ, ਆਪਣੀ ਹੀ ਕਿਰਤ ਉੱਤੇ ਅਧਾਰਤ ਨਿੱਜੀ ਜਾਇਦਾਦ ਨੂੰ ਨਸ਼ਟ ਕਰਨਾ ਹੁੰਦਾ ਹੈ।

ਸਮਾਜਿਕ, ਸਮੂਹਕ ਜਾਇਦਾਦ ਦੀ ਵਿਰੋਧੀ, ਨਿੱਜੀ ਜਾਇਦਾਦ ਦਾ ਵਜੂਦ ਕੇਵਲ ਉੱਥੇ ਹੀ ਹੁੰਦਾ ਹੈ ਜਿੱਥੇ ਕਿਰਤ ਦੇ ਸਾਧਨ ਅਤੇ ਕਿਰਤ ਕਰਨ ਦੀਆਂ ਬਾਹਰੀ ਹਾਲਤਾਂ ਵਿਅਕਤੀਆਂ ਦੀ ਨਿੱਜੀ ਮਲਕੀਅਤ ਹੁੰਦੀਆਂ ਹਨ। ਪਰ ਇਹ ਨਿੱਜੀ ਵਿਅਕਤੀ ਮਜ਼ਦੂਰ ਹਨ ਜਾਂ ਨਹੀਂ ਹਨ, ਇਹਦੇ ਅਨੁਸਾਰ ਨਿੱਜੀ ਜਾਇਦਾਦ ਦਾ ਚਲਣ ਵੀ ਵੱਖਰਾ ਹੁੰਦਾ ਹੈ। ਪੂੰਜੀ ਦੀਆਂ ਅਣਗਿਣਤ ਸ਼ਕਲਾਂ ਜੋ ਪਹਿਲੀ ਨਜ਼ਰੇ ਦ੍ਰਿਸ਼ਟੀਗੋਚਰ ਆਉਂਦੀਆਂ ਹਨ ਉਹ ਇਹਨਾਂ ਦੋ ਅਤਿ-ਸੀਮਾਵਾਂ ਦੇ ਵਿਚਕਾਰਲੇ ਪੜਾਵਾਂ ਦੇ ਅਨੁਸਾਰ ਹੁੰਦੀਆਂ ਹਨ।

ਪੈਦਾਵਾਰ ਦੇ ਸਾਧਨਾਂ ਦੇ ਰੂਪ ਵਿੱਚ ਕਿਰਤੀ ਦੀ ਨਿੱਜੀ ਜਾਇਦਾਦ ਛੋਟੀ ਸਨਅਤ ਦੀ ਬੁਨਿਆਦ ਹੁੰਦੀ ਹੈ; ਭਾਵੇਂ ਇਹ ਜ਼ਰਾਇਤ ਸਬੰਧੀ ਹੋਵੇ ਜਾਂ ਕਾਰਖਾਨੇਦਾਰੀ ਸਬੰਧੀ ਜਾਂ ਦੋਹਾਂ ਸਬੰਧੀ; ਫੇਰ ਅੱਗੋ, ਛੋਟੀ ਸਨਅਤ ਸਮਾਜੀ ਉਪਜ ਦੇ ਅਤੇ ਖੁਦ ਕਿਰਤੀ ਦੇ ਸੁਤੰਤਰ ਵਿਅਕਤੀਤਵ ਦੇ ਵਿਕਾਸ ਦੀ ਇੱਕ ਲਾਜ਼ਮੀ ਸ਼ਰਤ ਹੁੰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਤਪਾਦਨ ਦੀ ਇਹ ਛੋਟੀ ਪ੍ਰਣਾਲੀ ਗ਼ੁਲਾਮੀ, ਭੂਮੀ-ਗ਼ੁਲਾਮੀ, ਅਤੇ ਦਾਸਤਾ ਦੀਆਂ ਦੂਜੀਆਂ ਸਥਿਤੀਆਂ ਅਧੀਨ ਵੀ ਮੌਜੂਦ ਰਹਿੰਦੀ ਹੈ। ਪਰ ਇਹ ਉਸ ਹਾਲਤ ਵਿੱਚ ਹੀ ਪ੍ਰਫੁੱਲਤ ਹੁੰਦੀ ਹੈ, ਆਪਣੀ ਪੂਰੀ ਸ਼ਕਤੀ ਨੂੰ ਵਰਤੋਂ ਵਿੱਚ ਲਿਆਉਂਦੀ ਹੈ ਅਤੇ ਆਪਣਾ ਯੋਗ ਪ੍ਰਮਾਣਿਕ ਰੂਪ ਧਾਰਨ ਕਰਦੀ ਹੈ ਜਦੋਂ ਕਿਰਤੀ ਕਿਰਤ ਦੇ ਉਹਨਾਂ ਸਾਧਨਾਂ ਦਾ, ਜਿਹੜੇ ਉਸ ਨੇ ਵਰਤੋਂ ਵਿੱਚ ਲਿਆਉਣੇ ਹੁੰਦੇ ਹਨ, ਆਪ ਮਾਲਕ ਹੁੰਦਾ ਹੈ: ਭਾਵ ਕਿਸਾਨ ਉਸ ਜ਼ਮੀਨ ਦਾ ਜਿਸ ਉੱਤੇ ਉਹ ਕਾਸ਼ਤ ਕਰਦਾ ਹੈ, ਕਾਰੀਗਰ ਉਹਨਾਂ ਸੰਦਾਂ ਦਾ ਜਿਨ੍ਹਾਂ ਦੀ ਉਹ ਮਾਹਰ ਵਜੋਂ ਵਰਤੋਂ ਕਰਦਾ ਹੈ।

ਉਤਪਾਦਨ ਦੀ ਉਹ ਪ੍ਰਣਾਲੀ ਪਹਿਲਾਂ ਹੀ ਇਹ ਗੱਲ ਮਿਥ ਦੇਂਦੀ ਹੈ ਕਿ ਜ਼ਮੀਨ ਛੋਟੇ ਛੋਟੇ ਟੁਕੜਿਆਂ ਵਿੱਚ ਵੰਡੀ ਹੋਏ ਅਤੇ ਪੈਦਾਵਾਰ ਦੇ ਦੂਜੇ ਸਾਧਨ ਖਿੰਡੇ ਹੋਏ ਹੋਣ। ਜਿਵੇਂ ਇਹ ਉਤਪਾਦਨ ਦੇ ਇਹਨਾਂ ਸਾਧਨਾਂ ਦਾ ਕੇਂਦਰੀਕਰਨ ਨਹੀਂ ਮੰਗਦੀ, ਇਸੇ ਤਰ੍ਹਾਂ ਇਹ ਗੱਲ ਵੀ ਰੱਦ ਕਰਦੀ ਹੈ ਕਿ ਇਸ ਅਧੀਨ ਸਹਿਕਾਰਤਾ, ਪੈਦਾਵਾਰ ਦੇ ਹਰ ਵੱਖਰੇ ਅਮਲ ਵਿੱਚ ਕਿਰਤ ਦੀ ਵੰਡ, ਕੁਦਰਤ ਦੀਆਂ ਸ਼ਕਤੀਆਂ ਉੱਤੇ ਸਮਾਜ ਦਾ ਕੰਟਰੋਲ ਅਤੇ ਸਮਾਜ ਵੱਲੋਂ ਇਹਨਾਂ ਦੀ ਉਪਜਾਊ ਵਰਤੋਂ, ਅਤੇ ਸਮਾਜਿਕ ਉਪਜਾਊ ਸ਼ਕਤੀਆਂ ਦਾ ਸੁਤੰਤਰ ਵਿਕਾਸ

ਹੋਵੇ। ਇਹ ਪ੍ਰਣਾਲੀ ਉਤਪਾਦਨ ਦੇ ਅਜਿਹੇ ਪ੍ਰਬੰਧ ਅਤੇ ਇੱਕ ਐਸੇ ਸਮਾਜ ਨਾਲ਼ ਹੀ ਮੇਲ ਖਾਂਦੀ ਹੈ ਜਿਹੜਾ ਸੌੜੀਆਂ ਅਤੇ ਘੱਟ ਜਾਂ ਵੱਧ ਆਰੰਭਕ ਸੀਮਾਵਾਂ ਵਿੱਚ ਹੀ ਗਤੀਮਾਨ ਹੁੰਦਾ ਹੈ। ਜਿਵੇਂ ਕਿ ਪੈਕਵੇਅਰ ਨੇ ਠੀਕ ਹੀ ਆਖਿਆ ਹੈ ਇਸ ਨੂੰ ਸਥਾਈ ਬਣਾ ਦੇਣਾ "ਸਰਬਲੌਕਿਕ ਸਧਾਰਨਤਾ ਦਾ ਫਰਮਾਨ ਜਾਰੀ" ਕਰਨਾ ਹੋਵੇਗਾ। ਵਿਕਾਸ ਦੇ ਇੱਕ ਨਿਸ਼ਚਿਤ ਪੜਾਅ ਉੱਤੇ ਇਹ ਆਪਣੇ ਖਾਤਮੇ ਲਈ ਪਦਾਰਥਕ ਸਾਧਨ ਪੈਦਾ ਕਰ ਦੇਂਦੀ ਹੈ। ਉਸ ਘੜੀ ਤੋਂ ਸਮਾਜ ਦੀ ਤਹਿ ਵਿੱਚ ਨਵੀਆਂ ਸ਼ਕਤੀਆਂ ਅਤੇ ਨਵੇਂ ਜਜ਼ਬੇ ਕਰਵਟ ਲੈ ਉਠਦੇ ਹਨ; ਪਰ ਪੁਰਾਣਾ ਸਮਾਜਿਕ ਸੰਗਠਨ ਉਹਨਾਂ ਨੂੰ ਜੋੜੀ ਰੱਖਦਾ ਅਤੇ ਨੱਪੀ ਰਖਦਾ ਹੈ। ਇਸ ਸੰਗਠਨ ਦਾ ਵਿਨਾਸ਼ ਲਾਜ਼ਮੀ ਹੁੰਦਾ ਹੈ, ਅਤੇ ਇਸ ਦਾ ਵਿਨਾਸ਼ ਹੁੰਦਾ ਹੈ। ਇਸ ਦਾ ਵਿਨਾਸ਼, ਪੈਦਾਵਾਰ ਦੇ ਵਿਅਕਤੀਗਤ ਅੱਤ ਅਤੇ ਖਿੰਡੇ-ਪੁੰਡੇ ਸਾਧਨਾਂ ਦੀ ਸਮਾਜਿਕ ਰੂਪ ਵਿੱਚ ਕੇਂਦਰਿਤ ਸਾਧਨਾਂ ਵਿੱਚ ਤਬਦੀਲੀ, ਬਹੁਤ ਸਾਰਿਆਂ ਦੀ ਥੋੜ੍ਹੀ ਥੋੜ੍ਹੀ ਜਾਇਦਾਦ ਦਾ ਥੋੜ੍ਹਿਆਂ ਦੀ ਬਹੁਤੀ ਜਾਇਦਾਦ ਬਣਨਾ, ਲੋਕਾਂ ਦੇ ਮਹਾਨ ਜਨਸਮੂਹ ਨੂੰ, ਜ਼ਮੀਨ ਤੋਂ, ਉਪਜੀਵਕਾ ਦੇ ਸਾਧਨਾਂ ਤੋਂ, ਅਤੇ ਕਿਰਤ ਦੇ ਸਾਧਨਾਂ ਤੋਂ ਵਾਂਝਿਆਂ ਕਰ ਦੇਣਾ, ਜਨਸਮੂਹ ਦੀ ਇਹ ਭਿਆਨਕ ਅਤੇ ਦਰਦਨਾਕ ਜਾਇਦਾਦ-ਖੁਹਾਈ ਪੂੰਜੀ ਦੇ ਇਤਿਹਾਸ ਦੀ ਉਥਾਨਕਾ ਦਾ ਰੂਪ ਹੁੰਦੀ ਹੈ। ਇਸ ਕੰਮ ਲਈ ਕਈ ਜ਼ਬਰੀ ਢੰਗ ਤਰੀਕੇ ਵਰਤੇ ਜਾਂਦੇ ਹਨ ਜਿਨ੍ਹਾਂ ਵਿਚੋਂ ਅਸਾਂ ਕੇਵਲ ਉਹਨਾਂ ਦਾ ਹੀ ਜਿਕਰ ਕੀਤਾ ਹੈ ਜਿਹੜੇ ਪੂੰਜੀ ਦੇ ਆਰੰਭਕ ਇਕੱਤਰੀਕਰਨ ਦੇ ਢੰਗਾਂ ਵਜੋਂ ਯੁਗ-ਪਲਟਾਊ ਹਨ। ਪ੍ਰਤੱਖ ਉਤਪਾਦਕਾਂ ਦੀ ਜਾਇਦਾਦ-ਖੋਹਣ ਦਾ ਕੰਮ ਬੇਰਹਿਮ ਤਬਾਹਕਾਰੀ ਨਾਲ਼, ਅਤਿ ਬਦੂ, ਅਤਿ ਚੰਦਰੀਆਂ, ਤੁਛਤਮ, ਅਤਿ ਕਮੀਨੀਆਂ ਘ੍ਰਿਣਾਮਈ ਭਾਵਨਾਵਾਂ ਨਾਲ਼ ਸਿਰੇ ਚਾੜ੍ਹਿਆ ਜਾਂਦਾ ਹੈ। ਆਪ ਕਮਾਈ ਨਿੱਜੀ ਜਾਇਦਾਦ ਦੀ ਥਾਂ, ਜਿਹੜੀ ਸਮਝੋ ਕਿ, ਵੱਖ ਵੱਖ, ਸਵੈਧੀਨ ਮਿਹਨਤੀ-ਵਿਅਕਤੀਆਂ ਦੇ ਆਪਣੀ ਕਿਰਤ ਦੀਆਂ ਹਾਲਤਾਂ ਨਾਲ਼ ਇਕਮਿਕ ਹੋ ਜਾਣ ਉੱਤੇ ਆਧਾਰਤ ਹੁੰਦੀ ਹੈ, ਪੂੰਜੀਵਾਦੀ ਨਿੱਜੀ ਜਾਇਦਾਦ ਲੈ ਲੈਂਦੀ ਹੈ ਜਿਹੜੀ ਦੂਜਿਆਂ ਦੀ, ਨਾਮ ਮਾਤਰ ਲਈ ਸੁਤੰਤਰ ਕਿਰਤ - ਭਾਵ, ਉਜਰਤੀ ਕਿਰਤ ਦੀ ਲੁੱਟ ਉੱਤੇ ਅਧਾਰਤ ਹੁੰਦੀ ਹੈ।*

ਜਿਵੇਂ ਹੀ ਕਾਇਆ-ਪਲਟ ਦਾ ਇਹ ਅਮਲ ਪੁਰਾਣੇ ਸਮਾਜ ਦਾ ਹੇਠਾਂ ਤੋਂ ਲੈ ਕੇ ਉੱਪਰ ਤੱਕ ਚੋਖੀ ਹੱਦ ਤੱਕ ਅੰਗ-ਨਿਖੇੜ ਕਰ ਦੇਂਦਾ ਹੈ, ਜਿਵੇਂ ਹੀ ਕਿਰਤੀ ਪ੍ਰੋਲੇਤਾਰੀ ਦਾ ਅਤੇ ਉਹਨਾਂ ਦੇ ਕਿਰਤ ਦੇ ਸਾਧਨ ਪੂੰਜੀ ਦਾ ਰੂਪ ਲੈ ਲੈਂਦੇ ਹਨ, ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਜਿਵੇਂ ਹੀ ਆਪਣੇ ਪੈਰਾਂ ਉੱਤੇ ਖੜ੍ਹੀ ਹੋ ਜਾਂਦੀ ਹੈ, ਤਿਵੇਂ ਹੀ ਕਿਰਤ ਦਾ ਹੋਰ ਅੱਗੋਂ ਸਮਾਜੀਕਰਨ ਅਤੇ ਭੂਮੀ ਅਤੇ ਪੈਦਾਵਾਰ ਦੇ ਦੂਜੇ ਸਾਧਨਾਂ ਦੀ ਸਮਾਜੀ ਰੂਪ ਵਿੱਚ ਵਰਤੋਂ ਵਿੱਚ ਆਉਣ ਵਾਲੇ ਅਤੇ ਇਸ ਤਰ੍ਹਾਂ ਪੈਦਾਵਾਰ ਦੇ ਸਾਂਝੇ ਸਾਧਨਾਂ ਵਿੱਚ ਹੋਰ ਅੱਗੋਂ ਤਬਦੀਲੀ

---

* "ਅਸੀਂ ਇਸ ਵੇਲੇ ਪੂਰੀ ਤਰ੍ਹਾਂ ਵੱਖਰੇ ਸਮਾਜਿਕ ਹਾਲਾਤ ਵਿੱਚ ਰਹਿ ਰਹੇ ਹਾਂ... ਸਾਡੀ ਪ੍ਰਵਿਰਤੀ ਇਹ ਹੈ ਕਿ ਅਸੀਂ ਹਰ ਤਰ੍ਹਾਂ ਦੀ ਜਾਇਦਾਦ ਦਾ ਸਬੰਧ ਹਰ ਤਰ੍ਹਾਂ ਦੀ ਕਿਰਤ ਨਾਲੋਂ ਤੋੜ ਦੇਣਾ ਚਾਹੁੰਦੇ ਹਾਂ।" *Sismondi*, «Nouveaux Principes de l'Economie Politique», v. II [Paris, 1827], p. 434.

ਅਤੇ ਨਿੱਜੀ ਮਾਲਕਾਂ ਦੀ ਹੋਰ ਅੱਗੋਂ ਜਾਇਦਾਦ ਖੋਹਣ ਦਾ ਕੰਮ ਇੱਕ ਨਵਾਂ ਰੂਪ ਲੈ ਲੈਂਦਾ ਹੈ। ਹੁਣ ਜਿਸ ਦੀ ਜਾਇਦਾਦ ਜ਼ਬਤੀ ਕਰਨੀ ਹੁੰਦੀ ਹੈ ਉਹ ਆਪਣੇ ਲਈ ਕੰਮ ਕਰਨ ਵਾਲਾ ਕਿਰਤੀ ਨਹੀਂ, ਸਗੋਂ ਇੱਕ ਪੂੰਜੀਪਤੀ ਹੈ ਜਿਹੜਾ ਬਹੁਤ ਸਾਰੇ ਕਿਰਤੀਆਂ ਦੀ ਲੁਟ-ਚੋਂਘ ਕਰਦਾ ਹੈ। ਇਹ ਜਾਇਦਾਦ ਜ਼ਬਤੀ ਖੁਦ ਪੂੰਜੀਵਾਦੀ ਉਤਪਾਦਨ ਦੇ ਅੰਦਰਲੇ ਨੇਮਾਂ ਦੇ ਅਮਲ ਵਿੱਚ ਆਉਣ ਨਾਲ਼, ਪੂੰਜੀ ਦੇ ਕੇਂਦਰੀਕਰਨ ਨਾਲ਼ ਹੁੰਦੀ ਹੈ। ਇੱਕ ਪੂੰਜੀਪਤੀ ਸਦਾ ਹੀ ਬਹੁਤ ਸਾਰੇ ਪੂੰਜੀਪਤੀਆਂ ਦੀ ਹੱਤਿਆ ਕਰਦਾ ਹੈ। ਇਸ ਕੇਂਦਰੀਕਰਨ ਦੇ ਨਾਲ਼, ਜਾਂ ਥੋੜੇ ਪੂੰਜੀਪਤੀਆਂ ਵੱਲੋਂ ਬਹੁਤੇ ਪੂੰਜੀਪਤੀਆਂ ਦੀ ਇਸ ਜਾਇਦਾਦ-ਜ਼ਬਤੀ ਦੇ ਨਾਲ਼ ਨਾਲ਼, ਸਦਾ ਵਿਸ਼ਾਲ ਹੁੰਦੇ ਜਾਂਦੇ ਪੈਮਾਨੇ ਉੱਤੇ, ਕਿਰਤ-ਅਮਲ ਦੇ ਸਹਿਕਾਰੀ ਰੂਪਾਂ ਦਾ, ਵਿਗਿਆਨ ਦੀ ਚੇਤੰਨ ਤਕਨੀਕੀ ਵਰਤੋਂ ਦਾ, ਜ਼ਮੀਨ ਦੀ ਵਿਧੀ-ਵਿਗਿਆਨਕ ਢੰਗ ਨਾਲ਼ ਵਹਾਈ-ਬਿਜਾਈ ਦਾ, ਕਿਰਤ ਦੇ ਔਜ਼ਾਰਾਂ ਦੀ ਕੇਵਲ ਸਾਂਝੇ ਤੌਰ 'ਤੇ ਵਰਤੋਂ ਵਿਚ ਲਿਆਂਦੇ ਜਾਣ ਯੋਗ ਕਿਰਤ ਦੇ ਔਜ਼ਾਰਾਂ ਦੀ ਤਬਦੀਲੀ ਦਾ, ਸਾਂਝੀ, ਸਮਾਜੀ ਕੀਤੀ ਕਿਰਤ ਦੇ ਉਤਪਾਦਨ ਸਾਧਨਾਂ ਵਜੋਂ ਵਰਤੋਂ ਕਰਕੇ ਪੈਦਾਵਾਰ ਦੇ ਕੁੱਲ ਸਾਧਨਾਂ ਦੀ ਬੱਚਤ ਕਰਨ ਦਾ, ਸਭਨਾਂ ਕੌਮਾਂ ਦਾ ਇੱਕ ਸੰਸਾਰ-ਮੰਡੀ ਦੇ ਜਾਲ ਵਿੱਚ ਫਸਣ ਅਤੇ ਇਹਦੇ ਨਾਲ਼, ਪੂੰਜੀਵਾਦੀ ਹਕੂਮਤ ਦੇ ਕੌਮਾਂਤਰੀ ਚਲਣ ਦਾ ਵਿਕਾਸ ਹੁੰਦਾ ਹੈ। ਪੂੰਜੀ ਦੇ ਸਵਾਮੀਆਂ ਦੀ ਗਿਣਤੀ ਲਗਾਤਾਰ ਘਟਣ ਦੇ ਨਾਲ਼ ਨਾਲ਼, ਜਿਹੜੇ ਤਬਦੀਲੀ ਦੇ ਇਸ ਅਮਲ ਦੇ ਸਾਰੇ ਲਾਭਾਂ ਉੱਤੇ ਧੱਕੇ ਨਾਲ਼ ਕਬਜ਼ਾ ਕਰਦੇ ਅਤੇ ਅਜਾਰੇਦਾਰੀ ਹਾਸਲ ਕਰਦੇ ਹਨ, ਗਰੀਬੀ, ਜ਼ਬਰ, ਗ਼ੁਲਾਮੀ, ਪਤਨ ਅਤੇ ਲੁੱਟ-ਖਸੁੱਟ ਵਿੱਚ ਵਿਸ਼ਾਲ ਵਾਧਾ ਹੁੰਦਾ ਹੈ। ਪਰ ਇਸ ਦੇ ਨਾਲ਼ ਹੀ ਮਜ਼ਦੂਰ ਜਮਾਤ ਦੀ ਬਗ਼ਾਵਤ ਤਿੱਖੀ ਹੁੰਦੀ ਹੈ, ਐਸੀ ਜਮਾਤ ਦੀ ਬਗ਼ਾਵਤ ਜੋ ਗਿਣਤੀ ਵਿੱਚ ਸਦਾ ਹੀ ਵਧਦੀ ਰਹਿੰਦੀ ਹੈ, ਅਤੇ ਜਿਹੜੀ ਖੁਦ ਪੂੰਜੀਵਾਦੀ ਉਤਪਾਦਨ ਦੇ ਅਮਲ ਦੀ ਮੇਕਾਨੀਅਤ ਨਾਲ਼ ਹੀ ਬੰਧੇਜ ਵਿੱਚ, ਇੱਕਮੁੱਠ ਅਤੇ ਸੰਗਠਤ ਹੁੰਦੀ ਜਾਂਦੀ ਹੈ। ਪੂੰਜੀ ਦੀ ਅਜਾਰੇਦਾਰੀ ਉਤਪਾਦਨ ਦੀ ਇਸ ਪ੍ਰਣਾਲੀ ਲਈ ਇੱਕ ਜਕੜ ਬਣ ਜਾਂਦੀ ਹੈ ਜਿਹੜੀ ਇਸ ਦੇ ਨਾਲ਼ ਹੀ, ਅਤੇ ਇਸ ਦੇ ਅਧੀਨ ਹੀ ਜਨਮੀ ਤੇ ਪ੍ਰਫੁੱਲਤ ਹੋਈ। ਉਤਪਾਦਨ ਦੇ ਸਾਧਨਾਂ ਦਾ ਕੇਂਦਰੀਕਰਨ ਅਤੇ ਕਿਰਤ ਦਾ ਸਮਾਜੀਕਰਨ ਆਖਰ ਨੂੰ ਇੱਕ ਐਸੇ ਬਿੰਦੂ ਉੱਤੇ ਪੁੱਜਦੇ ਹਨ ਜਿੱਥੇ ਜਾ ਕੇ ਉਹ ਆਪਣੇ ਪੂੰਜੀਵਾਦੀ ਖੋਲ ਵਿੱਚ ਨਹੀਂ ਰਹਿ ਸਕਦੇ। ਇਸ ਖੋਲ ਨੂੰ ਫਾੜ ਕੇ ਲੀਰ ਲੀਰ ਕਰ ਦਿੱਤਾ ਜਾਂਦਾ ਹੈ। ਪੂੰਜੀਵਾਦੀ ਨਿੱਜੀ ਜਾਇਦਾਦ ਦੀ ਮੌਤ ਦੀ ਘੰਟੀ ਵੱਜ ਜਾਂਦੀ ਹੈ। ਜਾਇਦਾਦ-ਜ਼ਬਤ ਕਰਨ ਵਾਲਿਆਂ ਦੀ ਜਾਇਦਾਦ-ਜ਼ਬਤੀ ਹੋ ਜਾਂਦੀ ਹੈ।

ਹਥਿਆਉਣ ਦੀ ਪੂੰਜੀਵਾਦੀ ਪ੍ਰਣਾਲੀ, ਜੋ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦਾ ਫਲ਼ ਹੁੰਦੀ ਹੈ ਪੂੰਜੀਵਾਦੀ ਨਿੱਜੀ ਜਾਇਦਾਦ ਨੂੰ ਜਨਮ ਦੇਂਦੀ ਹੈ। ਮਾਲਕ ਦੀ ਕਿਰਤ ਉੱਤੇ ਅਧਾਰਤ ਵਿਅਕਤੀਗਤ ਨਿੱਜੀ ਜਾਇਦਾਦ ਦਾ ਪਹਿਲਾ ਨਿਖੇਧ ਹੰਦਾ ਹੈ। ਪਰ ਪੂੰਜੀਵਾਦੀ ਉਤਪਾਦਨ, ਕੁਦਰਤ ਦੇ ਨੇਮ ਦੀ ਕਠੋਰਤਾ ਨਾਲ਼, ਆਪ ਹੀ ਆਪਣਾ ਨਿਖੇਧ ਕਰਦਾ ਹੈ। ਇਹ ਨਿਖੇਧ ਦਾ ਨਿਖੇਧ ਹੁੰਦਾ ਹੈ। ਇਹ ਉਤਪਾਦਕ ਲਈ ਨਿੱਜੀ ਜਾਇਦਾਦ ਨੂੰ ਪੁਨਰ-ਸਥਾਪਤ ਨਹੀਂ ਕਰਦਾ, ਸਗੋਂ ਉਸ ਨੂੰ ਪੂੰਜੀਵਾਦੀ ਯੁਗ ਦੀਆਂ ਪ੍ਰਾਪਤੀਆਂ ਉਤੇ

ਅਧਾਰਤ – ਭਾਵ, ਸਹਿਕਾਰਤਾ ਅਤੇ ਜ਼ਮੀਨ ਅਤੇ ਪੈਦਾਵਾਰ ਦੇ ਸਾਧਨਾਂ ਦੀ ਸਾਂਝੀ ਮਾਲਕੀ ਉੱਤੇ ਅਧਾਰਤ – ਵਿਅਕਤੀਗਤ ਜਾਇਦਾਦ ਦੇਂਦਾ ਹੈ।

ਵਿਅਕਤੀਗਤ ਕਿਰਤ ਤੋਂ ਪੈਦਾ ਹੋਣ ਵਾਲੀ ਖਿੰਡੀ-ਪੁੰਡੀ ਨਿੱਜੀ ਜਾਇਦਾਦ ਦੀ ਪੂੰਜੀਵਾਦੀ ਨਿੱਜੀ ਜਾਇਦਾਦ ਵਿੱਚ ਤਬਦੀਲੀ ਦਾ ਅਮਲ ਕੁਦਰਤੀ ਹੀ ਸਮਾਜੀ ਕੀਤੇ ਉਤਪਾਦਨ ਉੱਤੇ ਪਹਿਲਾਂ ਤੋਂ ਹੀ ਅਮਲੀ ਤੌਰ 'ਤੇ ਅਧਾਰਤ ਪੂੰਜੀਵਾਦੀ ਨਿੱਜੀ ਜਾਇਦਾਦ ਦੀ ਸਮਾਜੀ ਕੀਤੀ ਜਾਇਦਾਦ ਵਿੱਚ ਤਬਦੀਲੀ ਦੇ ਮੁਕਾਬਲੇ ਬਹੁਤ ਵਧੇਰੇ ਲੰਮੇਰਾ, ਹਿੰਸਕ ਅਤੇ ਕਠਿਨ ਹੈ। ਪਹਿਲੀ ਹਾਲਤ ਵਿੱਚ ਜ਼ਬਰਦਸਤੀ ਅਧਿਕਾਰ ਕਰਨ ਵਾਲੇ ਕੁਝ ਕੁ ਬੰਦਿਆਂ ਨੇ ਜਨਤਾ ਦੀ ਜਾਇਦਾਦ ਜ਼ਬਤ ਕੀਤੀ ਸੀ; ਦੂਜੀ ਹਾਲਤ ਵਿੱਚ ਜਨਤਾ ਜ਼ਬਰਦਸਤੀ ਅਧਿਕਾਰ ਕਰਨ ਵਾਲੇ ਕੁਝ ਬੰਦਿਆਂ ਦੀ ਜਾਇਦਾਦ-ਜ਼ਬਤੀ ਕਰਦੀ ਹੈ।*

---

* "ਸਨਅਤ ਦੀ ਉੱਨਤੀ, ਬੁਰਜੂਆਜ਼ੀ ਜਿਸ ਦਾ ਨਾ ਚਾਹੁੰਦਿਆਂ ਵੀ ਵਾਧਾ ਕਰਦੀ ਹੈ, ਮੁਕਾਬਲੇ ਸਦਕੇ ਕਿਰਤੀਆਂ ਦੇ ਨਿਖੇੜੇ ਦੀ ਥਾਂ, ਸੰਮੇਲ ਦੇ ਸਦਕਾ ਉਹਨਾਂ ਦਾ ਇਨਕਲਾਬੀ ਸੰਗਠਨ ਪੈਦਾ ਕਰਦੀ ਹੈ। ਇਸ ਲਈ, ਆਧੁਨਿਕ ਸਨਅਤ ਦਾ ਵਿਕਾਸ ਬੁਰਜੂਆਜ਼ੀ ਦੇ ਪੈਰਾਂ ਹੇਠੋਂ ਉਹ ਅਧਾਰ ਹੀ ਕੱਢ ਲੈਂਦਾ ਹੈ ਜਿਸ ਉੱਤੇ ਬੁਰਜੂਆਜ਼ੀ ਪੈਦਾ ਕਰਦੀ ਹੈ ਅਤੇ ਪੈਦਾਵਾਰ ਨੂੰ ਹਥਿਆਉਂਦੀ ਹੈ। ਇਸ ਪ੍ਰਕਾਰ, ਬੁਰਜੂਆਜ਼ੀ ਸਭ ਤੋਂ ਪਹਿਲਾਂ ਜਿਨ੍ਹਾਂ ਨੂੰ ਪੈਦਾ ਕਰਦੀ ਹੈ ਉਹ ਹਨ ਇਸ ਦੀ ਕਬਰ ਪੁੱਟਣ ਵਾਲੇ। ਇਸ ਦੀ ਹਾਰ ਅਤੇ ਪ੍ਰੋਲੇਤਾਰੀ ਦੀ ਫ਼ਤਿਹ ਇੱਕੋ ਜਿੰਨੀਆਂ ਅਟੱਲ ਗੱਲਾਂ ਹਨ...। ਉਹਨਾਂ ਸਭਨਾਂ ਜਮਾਤਾਂ ਵਿੱਚ, ਜਿਹੜੀਆਂ ਅੱਜ ਬੁਰਜੂਆਜ਼ੀ ਦੇ ਸਨਮੁੱਖ ਖੜੀਆਂ ਹਨ, ਇਕੱਲੀ ਪ੍ਰੋਲੇਤਾਰੀ ਜਮਾਤ ਹੀ ਅਸਲ ਵਿੱਚ ਇਨਕਲਾਬੀ ਜਮਾਤ ਹੈ। ਆਧੁਨਿਕ ਸਨਅਤ ਦੇ ਸਨਮੁੱਖ ਦੂਜੀਆਂ ਜਮਾਤਾਂ ਖਤਮ ਹੋ ਜਾਂਦੀਆਂ ਤੇ ਲੋਪ ਹੋ ਜਾਂਦੀਆਂ ਹਨ, ਪ੍ਰੋਲੇਤਾਰੀ ਇਸ ਦੀ ਵਿਸ਼ੇਸ਼ ਅਤੇ ਲਾਜ਼ਮੀ ਉਪਜ ਹੈ...। ਹੇਠਲੇ ਮੱਧ-ਵਰਗ, ਛੋਟੇ ਕਾਰਖਾਨੇਦਾਰ, ਦੁਕਾਨਦਾਰ, ਕਾਰੀਗਰ, ਕਿਸਾਨ, ਇਹ ਸਭ ਦਰਮਿਆਨੀ ਜਮਾਤ ਦੇ ਹਿੱਸਿਆਂ ਵਜੋਂ ਆਪਣੀ ਹੋਂਦ ਨੂੰ ਤਬਾਹ ਹੋਣੋਂ ਬਚਾਉਣ ਲਈ ਬੁਰਜੂਆਜ਼ੀ ਦੇ ਵਿਰੁੱਧ ਜੂਝਦੇ ਹਨ... ਇਹ ਪਿਛਾਂਹਖਿੱਚੂ ਹਨ, ਕਿਉਂਕਿ ਇਹ ਇਤਿਹਾਸ ਦੇ ਪਹੀਏ ਨੂੰ ਪਿੱਛੇ ਘੁਮਾਉਣ ਦਾ ਯਤਨ ਕਰਦੇ ਹਨ।" (ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼, "ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ' ਲੰਡਨ, 1848, ਪੰਨੇ 9, 11)।

# ਬਸਤੀਆਂ ਬਣਾਉਣ ਦਾ ਆਧੁਨਿਕ ਸਿਧਾਂਤ*

ਰਾਜਨੀਤਕ ਆਰਥਕਤਾ ਨਿੱਜੀ ਜਾਇਦਾਦ ਦੇ ਦੋ ਵੱਖ ਵੱਖ ਪ੍ਰਕਾਰਾਂ ਨੂੰ ਸਿਧਾਂਤ ਵਿੱਚ ਗੜਬੜਾ ਦੇਂਦੀ ਹੈ, ਜਿਨ੍ਹਾਂ ਵਿਚੋਂ ਇੱਕ ਤਾਂ ਉਤਪਾਦਕ ਦੀ ਆਪਣੀ ਕਿਰਤ ਉੱਤੇ ਅਧਾਰਤ ਹੁੰਦੀ ਹੈ ਅਤੇ ਦੂਸਰੀ ਦੂਜਿਆਂ ਦੀ ਕਿਰਤ ਨੂੰ ਕੰਮ ਵਿੱਚ ਲਿਆਉਣ ਉੱਤੇ ਅਧਾਰਿਤ। ਅਰਥ-ਸ਼ਾਸਤਰ ਭੁੱਲ ਜਾਂਦਾ ਹੈ ਕਿ ਦੂਸਰੀ ਪ੍ਰਕਾਰ ਪਹਿਲੀ ਦਾ ਕੇਵਲ ਸਿੱਧਾ ਪ੍ਰਤੀਪੱਖ ਹੀ ਨਹੀਂ, ਸਗੋਂ ਇਹ ਉੱਕਾ ਹੀ ਉਸ ਦੀ ਕਬਰ ਉੱਤੇ ਪ੍ਰਫੁੱਲਤ ਹੁੰਦਾ ਹੈ।

ਪੱਛਮੀ ਯੂਰਪ ਵਿੱਚ, ਜੋ ਰਾਜਨੀਤਕ ਆਰਥਕਤਾ ਦਾ ਘਰ ਹੈ, ਆਰੰਭਕ ਇਕੱਤਰੀਕਰਨ ਦਾ ਅਮਲ ਘੱਟ ਜਾਂ ਵੱਧ ਪੂਰਾ ਹੋ ਚੁੱਕਾ ਹੈ। ਇੱਥੇ ਪੂੰਜੀਵਾਦੀ ਸ਼ਾਸਨ ਦੇ ਜਾਂ ਤਾਂ ਸਿੱਧੇ ਤੌਰ ’ਤੇ ਕੌਮੀ ਉਤਪਾਦਨ ਦੇ ਪੂਰੇ ਖੇਤਰ ਉੱਤੇ ਫਤਿਹ ਪਾ ਲਈ ਹੈ, ਜਾਂ ਜਿਥੇ ਆਰਥਕ ਹਾਲਤਾਂ ਘੱਟ ਵਿਕਸਤ ਹਨ, ਇਸ ਨੇ ਘੱਟੋ ਘੱਟ, ਅਪ੍ਰਤੱਖ ਰੂਪ ਵਿੱਚ ਸਮਾਜ ਦੀਆਂ ਉਹਨਾਂ ਪਰਤਾਂ ਉੱਤੇ ਕਾਬੂ ਪਾ ਲਿਆ ਹੈ, ਜਿਹੜੀਆਂ, ਭਾਵੇਂ ਉਤਪਾਦਨ ਦੀ ਪ੍ਰਾਚੀਨ ਪ੍ਰਣਾਲੀ ਨਾਲ਼ ਸਬੰਧਤ ਹਨ, ਇਸ ਦੇ ਨਾਲ਼ ਹੀ ਸਹਿਜੇ ਸਹਿਜੇ ਪਤਨ ਦੀ ਅਵਸਥਾ ਵਿੱਚ ਹਾਲੇ ਮੌਜੂਦ ਹਨ। ਪੂੰਜੀ ਦੇ ਇਸ ਬਣੇ-ਬਣਾਏ ਸੰਸਾਰ ਉੱਤੇ, ਰਾਜਨੀਤਕ ਅਰਥ-ਵਿਗਿਆਨੀ ਕਾਨੂੰਨ ਅਤੇ ਜਾਇਦਾਦ ਦੇ ਉਹ ਸੰਕਲਪ ਲਾਗੂ ਕਰਦਾ ਹੈ ਜਿਹੜੇ ਉਸ ਨੂੰ ਪੂਰਵ-ਪੂੰਜੀਵਾਦੀ ਸੰਸਾਰ ਤੋਂ ਵਿਰਸੇ ਵਿੱਚ ਮਿਲੇ ਹਨ, ਅਤੇ ਹਕੀਕਤਾਂ ਜਿੰਨੇ ਜ਼ੋਰ ਨਾਲ਼ ਉਸ ਦੀ ਵਿਚਾਰਧਾਰਾ ਦਾ ਖੰਡਨ ਕਰਦੀਆਂ ਹਨ, ਉਨੇ ਹੀ ਵਧੇਰੇ ਉਤਸ਼ਾਹੀ ਜ਼ੋਰ ਅਤੇ ਉਨੇ ਹੀ ਵਧੇਰੇ ਪਖੰਡ ਦਾ ਉਹ ਪ੍ਰਦਰਸ਼ਨ ਕਰਦਾ ਹੈ।

ਬਸਤੀਆਂ ਵਿੱਚ ਹਾਲਤ ਦੂਸਰੀ ਹੈ। ਉਥੇ ਹਰ ਥਾਂ ਪੂੰਜੀਵਾਦੀ ਸ਼ਾਸਨ ਨੂੰ ਉਤਪਾਦਕ ਦੇ ਵਿਰੋਧ ਨਾਲ਼ ਟਕਰਾਉਣਾ ਪੈਂਦਾ ਹੈ, ਜਿਹੜਾ, ਕਿਰਤ ਦੀਆਂ ਆਪਣੀਆਂ ਹਾਲਤਾਂ ਦਾ ਮਾਲਕ ਹੋਣ ਦੇ ਨਾਤੇ, ਉਸ ਕਿਰਤ ਦੇ ਪੂੰਜੀਪਤੀ ਨੂੰ ਅਮੀਰ ਬਣਾਉਣ ਦੀ ਥਾਂ ਆਪਣੇ ਆਪ ਨੂੰ ਧਨੀ ਬਣਾਉਣ ਲਈ ਵਰਤੋਂ ਕਰਦਾ ਹੈ। ਇਹਨਾਂ ਦੋ ਬੁਨਿਆਦੀ ਤੌਰ ’ਤੇ ਵਿਰੋਧੀ ਆਰਥਕ ਪ੍ਰਬੰਧਾਂ ਦਾ ਟਾਕਰਾ ਆਪਣੇ ਆਪ ਨੂੰ ਅਮਲੀ ਰੂਪ ਵਿੱਚ ਇਹਨਾਂ ਵਿਚਾਲੇ ਸੰਘਰਸ਼ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਜਿੱਥੇ ਕਿਤੇ ਪੂੰਜੀਪਤੀ ਨੂੰ ਆਪਣੀ ਜਨਮ ਭੂਮੀ ਦੀ ਸੱਤਾ ਤੋਂ ਸਹਾਇਤਾ ਮਿਲਦੀ ਹੈ, ਉਹ ਬਲ ਦੀ ਵਰਤੋਂ ਕਰਕੇ ਉਤਪਾਦਕ ਦੀ ਸਵੈਧੀਨ ਕਿਰਤ ਉੱਤੇ ਆਧਾਰਤ ਪੈਦਾਵਾਰ ਅਤੇ ਹਥਿਆਉਣ ਦੀਆਂ ਪ੍ਰਣਾਲੀਆਂ ਨੂੰ ਆਪਣੇ ਰਾਹ

* ਇੱਥੇ ਅਸੀਂ ਅਸਲ ਬਸਤੀਆਂ ਦੀ, ਅਛੂਤੀਆਂ ਧਰਤੀਆਂ ਦੀ ਚਰਚਾ ਕਰਦੇ ਹਾਂ ਜਿਨ੍ਹਾਂ ਨੂੰ ਸੁਤੰਤਰ ਆਵਾਸੀਆਂ ਨੇ ਅਬਾਦ ਕੀਤਾ ਸੀ, ਅਮਰੀਕਾ, ਆਰਥਕ ਦ੍ਰਿਸ਼ਟੀ ਤੋਂ, ਹਾਲੇ ਤੱਕ ਯੂਰਪ ਦੀ ਇੱਕ ਬਸਤੀ ਹੀ ਹੈ। ਇਸ ਤੋਂ ਇਲਾਵਾ, ਅਜਿਹੇ ਪੁਰਾਣੇ ਬਾਗ ਵੀ ਇਸੇ ਹੀ ਗਿਣਤੀ ਵਿੱਚ ਆਉਂਦੇ ਹਨ ਜਿਨ੍ਹਾਂ ਵਿੱਚ ਗ਼ੁਲਾਮੀ ਦੇ ਖਾਤਮੇ ਨੇ ਪਹਿਲੀਆਂ ਹਾਲਤਾਂ ਪੂਰਨ ਰੂਪ ਵਿੱਚ ਬਦਲ ਦਿੱਤੀਆਂ ਹਨ।

ਵਿੱਚੋਂ ਹਟਾਉਣ ਦਾ ਯਤਨ ਕਰਦਾ ਹੈ। ਜਿਹੜਾ ਸਵਾਰਥ, ਪੂੰਜੀ ਦੇ ਚਾਪਲੂਸ, ਰਾਜਨੀਤਕ ਅਰਥ-ਸ਼ਾਸਤਰੀ ਨੂੰ, ਆਪਣੇ ਦੇਸ਼ ਵਿੱਚ ਇਹ ਐਲਾਨ ਕਰਨ ਲਈ ਮਜਬੂਰ ਕਰਦਾ ਹੈ ਕਿ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਆਪਣੀ ਵਿਰੋਧੀ ਪ੍ਰਣਾਲੀ ਨਾਲ਼ ਸਿਧਾਂਤਕ ਤੌਰ 'ਤੇ ਮਿਲਦੀ ਹੈ, ਉਹੀ ਸੁਆਰਥ ਬਸਤੀਆਂ ਵਿੱਚ ਉਸ ਨੂੰ ਸੱਚੀ ਗੱਲ ਆਖਣ «to make a clean breast of it» ਅਤੇ ਇਹ ਘੋਸ਼ਣਾ ਕਰਨ ਲਈ ਮਜਬੂਰ ਕਰਦਾ ਹੈ ਕਿ ਉਹ ਉਤਪਾਦਨ ਦੀਆਂ ਦੋਵਾਂ ਪ੍ਰਣਾਲੀਆਂ ਦੇ ਵਿਰੋਧ ਨੂੰ ਸਵੀਕਾਰ ਕਰੇ। ਇਸ ਮਨੋਰਥ ਲਈ ਉਹ ਇਹ ਸਿੱਧ ਕਰਦਾ ਹੈ ਕਿ ਕਿਰਤ ਦੀ ਸਮਾਜੀ ਉਪਜਾਊ ਸ਼ਕਤੀ ਦਾ ਵਿਕਾਸ, ਸਹਿਕਾਰਤਾ, ਕਿਰਤ ਦੀ ਵੰਡ, ਵੱਡੇ ਪੈਮਾਨੇ ਉੱਤੇ ਮਸ਼ੀਨਰੀ ਦੀ ਵਰਤੋਂ ਕਿਰਤੀਆਂ ਦੀ ਜਾਇਦਾਦ-ਜ਼ਬਤੀ ਤੋਂ ਬਿਨਾਂ, ਅਤੇ ਇਸ ਦੇ ਅਨੁਸਾਰ ਹੀ ਪੈਦਾਵਾਰ ਦੇ ਸਾਧਨਾਂ ਦੀ ਪੂੰਜੀ ਵਿੱਚ ਕਾਇਆਪਲਟ ਬਿਨਾਂ ਕਿਵੇਂ ਅਸੰਭਵ ਹੈ। ਅਖੌਤੀ ਕੌਮੀ ਧਨ ਦੇ ਹਿੱਤ ਵਿੱਚ ਉਹ ਲੋਕਾਂ ਦੀ ਗਰੀਬੀ ਦੀ ਜ਼ਾਮਨੀ ਦੇਣ ਲਈ ਬਣਾਉਟੀ ਸਾਧਨਾਂ ਦੀ ਖੋਜ ਕਰਦਾ ਹੈ। ਇੱਥੇ ਆ ਕੇ ਉਸ ਦੇ ਤਰਕ-ਪੂਰਨ ਪੱਖ-ਸਮਰਥਨ ਦਾ ਕਵੱਜ ਥੋੜ੍ਹਾ ਥੋੜ੍ਹਾ ਕਰਕੇ ਗਲੀ-ਸੜੀ ਲੱਕੜ ਵਾਂਗ ਭੁਰਨਾ ਤੇ ਖਿਲਰਨਾ ਸ਼ੁਰੂ ਕਰ ਦੇਂਦਾ ਹੈ।

ਈ. ਜੀ. ਵੇਕਫ਼ੀਲਡ ਦੇ ਸਿਰ ਇਸ ਗੱਲ ਦਾ ਨਹੀਂ, ਕਿ ਉਸ ਨੇ ਬਸਤੀਆਂ* ਬਾਰੇ ਕੋਈ ਨਵੀਂ ਗੱਲ ਲੱਭੀ ਹੈ, ਸਗੋਂ ਇਸ ਗੱਲ ਦਾ ਸਿਹਰਾ ਹੈ ਕਿ ਉਸ ਨੇ ਬਸਤੀਆਂ ਵਿੱਚ ਇਸ ਸੱਚ ਦੀ ਭਾਲ ਕੀਤੀ ਹੈ ਕਿ ਮਾਤ-ਭੂਮੀ ਵਿੱਚ ਪੂੰਜੀਵਾਦੀ ਉਤਪਾਦਨ ਦੀਆਂ ਪ੍ਰਸਥਿਤੀਆਂ ਕੀ ਹਨ। ਜਿਵੇਂ ਸੁਰੱਖਿਆ ਦੇ ਪ੍ਰਬੰਧ ਨੇ ਆਪਣੇ ਜਨਮ ਸਮੇਂ** ਮਾਤਭੂਮੀ ਵਿੱਚ ਬਣਾਉਟੀ ਤੌਰ 'ਤੇ ਪੂੰਜੀਪਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ ਤਿਵੇਂ ਹੀ ਵੇਕਫ਼ੀਲਡ ਦੇ ਬਸਤੀਆਂ ਬਣਾਉਣ ਦੇ ਸਿਧਾਂਤ ਨੇ, ਜਿਸ ਨੂੰ ਇੰਗਲੈਂਡ ਨੇ ਕੁੱਝ ਸਮੇਂ ਲਈ ਪਾਰਲੀਮੈਂਟ ਦੇ ਕਾਨੂੰਨਾਂ ਰਾਹੀਂ ਲਾਗੂ ਕਰਨ ਦਾ ਯਤਨ ਕੀਤਾ, ਬਸਤੀਆਂ ਵਿੱਚ ਉਜਰਤੀ-ਮਜ਼ਦੂਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਨੂੰ ਉਹ "ਸਿਲਸਿਲੇਵਾਰ ਬਸਤੀਕਰਨ" («systematic colonization») ਦਾ ਨਾਂ ਦੇਂਦਾ ਹੈ।

ਸਭ ਤੋਂ ਪਹਿਲਾਂ, ਵੇਕਫ਼ੀਲਡ ਨੇ ਇਹ ਪਤਾ ਲਾਇਆ ਕਿ ਬਸਤੀਆਂ ਵਿੱਚ, ਮੁਦਰਾ, ਉਪਜੀਵਕਾਂ ਦੇ ਸਾਧਨਾਂ, ਮਸ਼ੀਨਾਂ, ਅਤੇ ਉਤਪਾਦਨ ਦੇ ਦੂਜੇ ਸਾਧਨਾਂ ਦੇ ਰੂਪ ਵਿੱਚ ਸੰਪਤੀ ਇੱਕ ਮਨੁੱਖ ਉੱਤੇ ਪੂੰਜੀਪਤੀ ਹੋਣ ਦੀ ਮੋਹਰ ਓਨਾ ਚਿਰ ਨਹੀਂ ਲਾ ਦੇਂਦੀ ਜਿੰਨਾਂ ਚਿਰ ਉਸ ਨਾਲ਼ ਪਰਸਪਰ ਸਬੰਧਤ ਦੂਜੇ ਮਨੁੱਖ ਦੀ, ਉਜਰਤੀ-ਮਜ਼ਦੂਰ ਦੀ ਅਣਹੋਂਦ ਰਹਿੰਦੀ ਹੈ ਜਿਹੜਾ ਆਪਣੀ ਹੀ ਇੱਛਾ ਨਾਲ਼ ਆਪਣੇ ਆਪ ਨੂੰ ਵੇਚਣ ਲਈ ਮਜਬੂਰ ਹੁੰਦਾ ਹੈ। ਉਸ ਨੇ

---

* ਵੇਕਫ਼ੀਲਡ ਨੇ ਆਧੁਨਿਕ ਬਸਤੀਆਂ ਬਣਾਉਣ ਦੇ ਵਿਸ਼ੇ ਉੱਤੇ ਜੋ ਕੁਝ ਗੱਲਾਂ ਆਖੀਆਂ ਹਨ ਉਹ ਮਿਰਾਬੋ (ਵੱਡੇ), ਫਿਜ਼ੀਓਕੇਰਟ, ਨੇ ਪੂਰੀ ਤਰ੍ਹਾਂ ਅਗਾਊਂ ਵੇਖ ਲਈਆਂ ਸਨ, ਸਗੋਂ ਉਸ ਤੋਂ ਵੀ ਪਹਿਲਾਂ ਅੰਗਰੇਜ਼ ਅਰਥ-ਸ਼ਾਸਤਰੀਆਂ ਨੇ ਕਹਿ ਦਿੱਤੀਆਂ ਸਨ।

** ਮਗਰੋਂ, ਇਹ ਕੌਮਾਂਤਰੀ ਮੁਕਾਬਲੇ ਦੇ ਸੰਘਰਸ਼ ਵਿੱਚ ਇੱਕ ਆਰਜ਼ੀ ਲੋੜ ਬਣ ਗਈ। ਪਰ, ਇਸ ਦਾ ਮੰਤਵ ਭਾਵੇਂ ਕੋਈ ਵੀ ਹੋਵੇ, ਨਤੀਜੇ ਇੱਕੋ ਹੀ ਰਹਿੰਦੇ ਹਨ।

ਪਤਾ ਲਾਇਆ ਕਿ ਪੂੰਜੀ ਕੋਈ ਵਸਤੂ ਨਹੀਂ, ਸਗੋਂ ਵਿਅਕਤੀਆਂ ਵਿਚਕਾਰ ਸਮਾਜੀ ਸਬੰਧ ਹੈ ਜਿਹੜਾ ਵਸਤਾਂ ਦੇ ਮਾਧਿਅਮ ਦੁਆਰਾ ਸਥਾਪਤ ਹੁੰਦਾ ਹੈ।* ਉਹ ਇਸ ਗੱਲ ਉੱਤੇ ਰੋਂਦਾ ਹੈ ਕਿ ਮਿ. ਪੀਲ ਇੰਗਲੈਂਡ ਤੋਂ ਪੱਛਮੀ ਆਸਟਰੇਲੀਆ ਦੇ ਸਵਾਨ ਦਰਿਆ ਨਾਮੀ ਥਾਂ ਨੂੰ ਜਾਂਦਿਆਂ 50,000 ਪੌਂਡ ਮੁੱਲ ਦੇ ਉਪਜੀਵਕਾ ਅਤੇ ਉਤਪਾਦਨ ਦੇ ਸਾਧਨ ਨਾਲ਼ ਲੈ ਗਿਆ। ਮਿ. ਪੀਲ ਨੇ ਇਹ ਦੂਰ-ਦਰਸ਼ਤਾ ਵੀ ਦਰਸਾਈ ਕਿ ਉਹ ਇਸ ਤੋਂ ਇਲਾਵਾ ਮਜ਼ਦੂਰ-ਜਮਾਤ ਦੇ 3,000 ਬੰਦੇ – ਮਰਦ, ਔਰਤਾਂ ਤੇ ਬੱਚੇ – ਆਪਣੇ ਨਾਲ਼ ਲੈ ਗਿਆ। ਪਰ ਇੱਕ ਵਾਰੀ ਮੰਜ਼ਲ ਉੱਤੇ ਪੁੱਜਣ ਦੀ ਦੇਰ ਸੀ ਕਿ "ਮਿਸਟਰ ਪੀਲ ਕੋਲ ਇੱਕ ਵੀ ਨੌਕਰ ਨਹੀਂ ਸੀ ਜਿਹੜਾ ਉਸ ਦਾ ਬਿਸਤਰਾ ਵਿਛਾ ਦੇਵੇ ਜਾਂ ਦਰਿਆ ਤੋਂ ਉਹਦੇ ਲਈ ਪਾਣੀ ਲੈ ਆਵੇ।** ਵਿਚਾਰਾ ਮਿਸਟਰ ਪੀਲ ! ਜਿਹੜਾ ਇੰਗਲੈਂਡ ਦੀ ਉਤਪਾਦਨ ਪ੍ਰਣਾਲੀ ਤੋਂ ਸਿਵਾਏ ਹੋਰ ਸਭ ਕੁਝ ਸਵਾਨ ਨਦੀ 'ਤੇ ਲੈ ਆਇਆ ਸੀ।

ਵੇਕਫ਼ੀਲਡ ਦੀਆਂ ਨਿਮਨ-ਲਿਖਤ ਲਭਤਾਂ ਨੂੰ ਸਮਝਣ ਤੋਂ ਪਹਿਲਾਂ ਇੱਕ-ਦੋ ਮੁੱਢਲੀਆਂ ਗੱਲਾਂ ਕਹਿਣਾ ਜ਼ਰੂਰੀ ਹੈ। ਅਸੀਂ ਜਾਣਦੇ ਹਾਂ ਕਿ ਉਤਪਾਦਨ ਅਤੇ ਉਪਜੀਵਕਾ ਦੇ ਸਾਧਨ, ਜਿੰਨਾਂ ਚਿਰ ਤੱਕ ਉਹ ਪ੍ਰੱਤਖ ਉਤਪਾਦਕ ਦੀ ਸੰਪਤੀ ਰਹਿੰਦੇ ਹਨ, ਪੂੰਜੀ ਨਹੀਂ ਹੁੰਦੇ। ਉਹ ਕੇਵਲ ਉਹਨਾਂ ਪ੍ਰਸਥਿਤੀਆਂ ਵਿੱਚ ਹੀ ਪੂੰਜੀ ਬਣਦੇ ਹਨ ਜਿਨ੍ਹਾਂ ਵਿੱਚ ਉਹ ਕਿਰਤੀ ਦੀ ਲੁਟ-ਚੋਂਘ ਅਤੇ ਉਸ ਦੀ ਗ਼ੁਲਾਮੀ ਦੇ ਸਾਧਨ ਦਾ ਵੀ ਕੰਮ ਦੇਂਦੇ ਹਨ। ਪਰ ਉਹਨਾਂ ਦੀ ਇਹ ਪੂੰਜੀਵਾਦੀ ਆਤਮਾ, ਰਾਜਨੀਤਕ ਅਰਥ-ਸ਼ਾਸਤਰੀ ਦੇ ਦਿਮਾਗ ਵਿੱਚ, ਉਹਨਾਂ ਦੇ ਪਦਾਰਥਕ ਸਾਰਤੱਤ ਨਾਲ਼ ਇੰਨੀ ਨੇੜਿਉਂ ਜੁੜੀ ਹੋਈ ਹੈ ਕਿ ਉਹ ਉਹਨਾਂ ਨੂੰ ਹਰ ਹਾਲਤ ਵਿੱਚ ਹੀ ਪੂੰਜੀ ਦਾ ਨਾਂ ਦੇਂਦਾ ਹੈ। ਉਦੋਂ ਵੀ ਜਦੋਂ ਉਹ ਪੂੰਜੀ ਦੀ ਵਿਰੋਧੀ ਅਵਸਥਾ ਵਿੱਚ ਹੁੰਦੇ ਹਨ। ਵੇਕਫ਼ੀਲਡ ਵੀ ਇਹੋ ਗਲਤੀ ਕਰਦਾ ਹੈ। ਫੇਰਃ ਪੈਦਾਵਾਰ ਦੇ ਸਾਧਨਾਂ ਨੂੰ ਆਪਣੇ ਹੀ ਵਾਸਤੇ ਕੰਮ ਕਰਨ ਵਾਲੇ ਬਹੁਤ ਸਾਰੇ ਸਵੈਧੀਨ ਕਿਰਤੀਆਂ ਦੀ ਵਿਅਕਤੀਗਤ ਜਾਇਦਾਦ ਵਿੱਚ ਵੰਡ ਦਿੱਤੇ ਜਾਣ ਨੂੰ ਉਹ ਪੂੰਜੀ ਦੀ ਸਮਾਨ ਵੰਡ ਕਹਿੰਦਾ ਹੈ। ਇਸ ਤਰ੍ਹਾਂ ਰਾਜਨੀਤਕ ਅਰਥ-ਸ਼ਾਤਰੀ ਉਹੀ ਕੰਮ ਕਰਦਾ ਹੈ ਜਿਹੜਾ ਸਾਮੰਤੀ ਕਾਨੂੰਨਦਾਨ ਨੇ ਕੀਤਾ ਸੀ। ਕਾਨੂੰਨਦਾਨ ਨੇ ਸਾਮੰਤੀ ਕਾਨੂੰਨ ਦੁਆਰਾ ਸਪਲਾਈ ਕੀਤੇ ਗਏ ਲੇਬਲ ਸ਼ੁੱਧ ਮੁਦਰਾ ਰਿਸ਼ਤਿਆਂ ਉਤੇ ਚਿਪਕਾ ਦਿੱਤੇ ਸਨ।

ਵੇਕਫ਼ੀਲਡ ਨੇ ਲਿਖਿਆ ਹੈ, "ਜੇ ਇਹ ਮੰਨ ਲਿਆ ਜਾਵੇ ਕਿ ਸਮਾਜ

---

* "ਇਕ ਹਬਸ਼ੀ (ਨੀਗਰੋ) ਹਬਸ਼ੀ ਹੁੰਦਾ ਹੈ। ਕੁਝ ਖਾਸ ਹਾਲਾਤ ਵਿੱਚ ਉਹ ਗ਼ੁਲਾਮ ਬਣ ਜਾਂਦਾ ਹੈ। ਮਿਊਲ ਰੂੰ ਕੱਤਣ ਦੀ ਇੱਕ ਮਸ਼ੀਨ ਹੁੰਦੀ ਹੈ। ਕੇਵਲ ਕੁਝ ਖਾਸ ਹਾਲਾਤ ਵਿੱਚ ਹੀ ਇਹ ਪੂੰਜੀ ਬਣਦੀ ਹੈ। ਇਹਨਾਂ ਹਾਲਾਤਾਂ ਤੋਂ ਬਾਹਰ ਇਹ ਪੂੰਜੀ ਨਹੀਂ ਹੁੰਦੇ ਜਿਵੇਂ ਸੋਨਾ ਆਪਣੇ ਆਪ ਵਿੱਚ ਮੁਦਰਾ ਨਹੀਂ ਹੁੰਦਾ, ਜਾਂ ਚੀਨੀ ਆਪਣੇ ਆਪ ਚੀਨੀ ਦੀ ਕੀਮਤ ਨਹੀਂ ਹੁੰਦੀ...। ਪੂੰਜੀ ਪੈਦਾਵਾਰ ਦਾ ਇੱਕ ਸਮਾਜੀ ਸਬੰਧ ਹੈ। ਇਹ ਪੈਦਾਵਾਰ ਦਾ ਇੱਕ ਇਤਿਹਾਸਕ ਸਬੰਧ ਹੈ।" (*Karl Marx.* «Lohnarbeit und Kapital», N. Rh. Z. No. 266, April 7, 1849)

** *E. G. Wakefield.* «England and America» London, 1833, v. II, p. 18.

ਦੇ ਸਭਨਾਂ ਮੈਂਬਰਾਂ ਕੋਲ ਇੱਕੋ ਨਿਸਬਤ ਵਿੱਚ ਪੂੰਜੀ ਹੈ... ਤਾਂ ਕੋਈ ਵੀ ਆਦਮੀ ਉਸ ਤੋਂ ਵਧੇਰੇ ਪੂੰਜੀ ਇਕੱਤਰਿਤ ਕਰਨ ਦੀ ਇੱਛਾ ਨਹੀਂ ਕਰੇਗਾ ਜਿਤਨੀ ਉਹ ਖੁਦ ਆਪਣੇ ਹੱਥਾਂ ਨਾਲ਼ ਵਰਤੋਂ ਵਿੱਚ ਲਿਆ ਸਕਦਾ ਹੈ। ਨਵੀਆਂ ਅਮਰੀਕਨ ਬਸਤੀਆਂ ਦੀ ਹਾਲਤ ਕੁਝ ਇਸ ਤਰ੍ਹਾਂ ਹੀ ਹੈ, ਜਿੱਥੇ ਜ਼ਮੀਨ ਦੇ ਮਾਲਕ ਹੋਣ ਦੇ ਜਜ਼ਬੇ ਨੇ ਦਿਹਾੜੀ ਉੱਤੇ ਕੰਮ ਕਰਨ ਵਾਲੇ ਕਿਰਤੀ ਵਰਗ ਦੀ ਹੋਂਦ ਨੂੰ ਰੋਕਿਆ ਹੈ।''*

ਇਸ ਲਈ ਜਿਨਾਂ ਚਿਰ ਤੱਕ ਕਿਰਤੀ ਆਪਣੇ ਲਈ ਪੂੰਜੀ ਦਾ ਇਕੱਤਰੀਕਰਨ ਕਰ ਸਕਦਾ ਹੈ – ਅਤੇ ਇਹ ਉਹ ਓਨਾ ਚਿਰ ਕਰ ਸਕਦਾ ਹੈ ਜਿੰਨਾਂ ਚਿਰ ਉਤਪਾਦਨ ਦੇ ਆਪਣੇ ਸਾਧਨਾਂ ਦਾ ਆਪ ਮਾਲਕ ਰਹਿੰਦਾ ਹੈ – ਪੂੰਜੀਵਾਦੀ ਇਕੱਤਰੀਕਰਨ ਅਤੇ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦਾ ਹੋਣਾ ਅਸੰਭਵ ਹੁੰਦਾ ਹੈ। ਇਹਨਾਂ ਲਈ ਲਾਜ਼ਮੀ, ਉਜਰਤੀ ਕਿਰਤੀਆਂ ਦੀ ਜਮਾਤ ਦੀ ਅਣਹੋਂਦ ਰਹਿੰਦੀ ਹੈ। ਤਾਂ ਫੇਰ ਪੁਰਾਣੇ ਯੂਰਪ ਵਿੱਚ, ਕਿਰਤੀ ਦੀ ਕਿਰਤ ਸਬੰਧੀ ਉਸ ਦੇ ਸਾਧਨਾਂ ਤੋਂ ਜਾਇਦਾਦ ਜ਼ਬਤੀ ਕਿਵੇਂ ਹੋਈ, ਭਾਵ, ਪੂੰਜੀ ਅਤੇ ਉਜਰਤੀ–ਕਿਰਤ ਦੀ ਸਹਿ ਹੋਂਦ ਕਿਵੇਂ ਕਾਇਮ ਕੀਤੀ ਗਈ ? ਇਕ ਬਿਲਕੁਲ ਹੀ ਮੌਲਿਕ ਢੰਗ ਦੇ contrat social (ਸਮਾਜਿਕ ਇਕਰਾਰ) ਦੁਆਰਾ। "ਪੂੰਜੀ ਦੇ ਇਕੱਤਰੀਕਰਨ ਨੂੰ ਉਤਸ਼ਾਹਤ ਕਰਨ ਲਈ ਮਨੁੱਖਤਾ ਨੇ... ਇਕ ਸਰਲ ਜਿਹਾ ਤਰੀਕਾ ਵਰਤਿਆ ਹੈ," ਜਿਹੜਾ, ਨਿਰਸੰਦੇਹ, ਆਦਮ ਦੇ ਸਮੇਂ ਤੋਂ ਹੀ ਉਸ ਦੀ ਹੋਂਦ ਦੇ ਇੱਕੋ ਇੱਕ ਅਤੇ ਅੰਤਮ ਉਦੇਸ਼ ਦੇ ਰੂਪ ਵਿੱਚ ਮਨੁੱਖਜਾਤੀ ਦੇ ਕਲਪਨਾ–ਲੋਕ ਵਿੱਚ ਮੰਡਰਾ ਰਿਹਾ ਸੀ: "ਉਹਨਾਂ ਨੇ ਆਪਣੇ ਆਪ ਨੂੰ ਪੂੰਜੀ ਦੇ ਮਾਲਕਾਂ ਅਤੇ ਕਿਰਤ ਦੇ ਮਾਲਕਾਂ ਵਿੱਚ ਵੰਡ ਲਿਆ ਹੈ... ਇਹ ਵੰਡ ਸੰਮਤੀ ਅਤੇ ਸੰਜੋਗ ਦਾ ਨਤੀਜਾ ਸੀ।** ਸੰਖੇਪ ਵਿੱਚ: "ਪੂੰਜੀ ਦੇ ਇਕੱਤਰੀਕਰਨ" ਦੇ ਸਨਮਾਨ ਵਿੱਚ ਮਨੁੱਖਤਾ ਦੇ ਵੱਡੇ ਭਾਗ ਨੇ ਆਪਣੀ ਜਾਇਦਾਦ ਖੁਹਾਈ। ਹੁਣ, ਕੋਈ ਵੀ ਸੋਚੇਗਾ, ਕਿ ਆਤਮ–ਤਿਆਗ ਦੀ ਕੱਟੜਤਾ ਦੀ ਇਹ ਭਾਵਨਾ ਖਾਸ ਕਰਕੇ ਬਸਤੀਆਂ ਵਿੱਚ ਪੂਰੀ ਤਰ੍ਹਾਂ ਖੁਲ੍ਹ ਕੇ ਸਾਹਮਣੇ ਆਵੇਗੀ, ਕਿਉਂਕਿ ਸਿਰਫ਼ ਉਥੇ ਹੀ ਐਸੇ ਮਨੁੱਖਾਂ ਅਤੇ ਅਜਿਹੇ ਹਾਲਾਤ ਦੀ ਹੋਂਦ ਹੈ ਜਿਹੜੇ ਇੱਕ contrat social (ਸਮਾਜਿਕ ਇਕਰਾਰ) ਨੂੰ ਸੁਪਨੇ ਤੋਂ ਯਥਾਰਥ ਦਾ ਰੂਪ ਦੇ ਸਕਦੇ ਹਨ। ਪਰ ਫੇਰ "ਸਿਲਸਿਲੇਵਾਰ ਬਸਤੀਕਰਨ" ਤੋਂ ਇਸ ਦੇ ਵਿਰੋਧੀ, ਆਪ ਮੁਹਾਰੇ, ਅਨੇਮਬੱਧ ਬਸਤੀਕਰਨ ਦੀ ਥਾਂ ਲੈਣ ਦੀ ਆਸ ਕਿਉਂ ਕੀਤੀ ਜਾਏ ? ਪਰ – ਪਰ–

"ਅਮਰੀਕੀ ਯੂਨੀਅਨ ਦੇ ਉੱਤਰੀ ਰਾਜਾਂ ਵਿੱਚ, ਇਸ ਗੱਲ ਦਾ ਸੰਦੇਹ ਹੈ, ਕਿ ਲੋਕਾਂ ਦਾ ਦਸਵਾਂ ਹਿੱਸਾ ਵੀ ਮਜ਼ਦੂਰੀ ਉੱਤੇ ਕੰਮ ਕਰਨ ਵਾਲੇ ਕਿਰਤੀਆਂ ਦੀ ਮੱਦ ਹੇਠ ਆਇਗਾ...। ਇੰਗਲੈਂਡ ਵਿੱਚ... ਕਿਰਤੀ ਜਮਾਤ ਵਸੋਂ ਦੀ ਵੱਡੀ ਬਹੁ–ਗਿਣਤੀ ਹੈ।"***

* ਉਪ. ਪੁ, ਪੰਨਾ 17.

** ਉਪ. ਪੁ, ਸੈਂਚੀ 1, ਪੰਨਾ 18.

*** ਉਪ. ਪੁ, ਪੰਨੇ 42, 43, 44.

ਨਹੀਂ, ਪੂੰਜੀ ਦੇ ਗੌਰਵ ਲਈ, ਕਿਰਤੀ ਮਨੁੱਖਤਾ ਵਿੱਚ ਆਤਮ–ਸੰਪਤੀ ਅਪਹਰਣ ਦੀ ਭਾਵਨਾ ਇਤਨੀ ਥੋੜ੍ਹੀ ਹੈ ਕਿ ਖੁਦ ਵੇਕਫ਼ੀਲਡ ਅਨੁਸਾਰ ਬਸਤੀਵਾਦੀ ਦੌਲਤ ਦਾ ਇੱਕੋ ਇੱਕ ਕੁਦਰਤੀ ਆਧਾਰ ਗੁਲਾਮੀ ਦੀ ਪ੍ਰਥਾ ਹੈ। ਉਸ ਦਾ ਸਿਲਸਿਲੇਵਾਰ ਬਸਤੀਕਰਨ ਮਹਿਜ਼ pis aller ਅਟੱਲ ਬੁਰਾਈ ਹੈ, ਕਿਉਂਕਿ ਬਦਕਿਸਮਤੀ ਨਾਲ਼ ਉਸ ਦਾ ਵਾਹ ਗ਼ੁਲਾਮਾਂ ਨਾਲ਼ ਨਹੀਂ, ਸੁਤੰਤਰ ਮਨੁੱਖਾਂ ਨਾਲ਼ ਹੈ।

> ਸੇਂਟ ਡੋਮਿੰਗੋ ਵਿੱਚ ਪਹਿਲਾਂ ਜਾ ਕੇ ਟਿਕਣ ਵਾਲੇ ਸਪੇਨੀਆਂ ਨੇ ਆਪਣੇ ਨਾਲ਼ ਸਪੇਨ ਤੋਂ ਕਿਰਤੀ ਨਹੀਂ ਖੜੇ ਸਨ। ਪਰ, ਕਿਰਤੀਆਂ ਬਿਨਾਂ, ਉਹਨਾਂ ਦੀ ਪੂੰਜੀ ਜ਼ਰੂਰ ਤਬਾਹ ਹੋ ਗਈ ਹੋਵੇਗੀ ਜਾਂ, ਘੱਟੋ ਘੱਟ, ਇਤਨੀ ਨਗੂਣੀ ਮਾਤਰਾ ਤੱਕ ਘਟ ਗਈ ਹੋਵੇਗੀ ਜਿਸ ਨੂੰ ਹਰ ਵਿਅਕਤੀ ਆਪਣੇ ਹੱਥਾਂ ਨਾਲ਼ ਹੀ ਵਰਤੋਂ ਵਿੱਚ ਲਿਆ ਸਕਦਾ ਹੋਵੇ। ਅੰਗਰੇਜ਼ਾਂ ਦੀ ਕਾਇਮ ਕੀਤੀ ਆਖਰੀ ਬਸਤੀ – ਸਵਾਨ ਦਰਿਆ ਦੀ ਬਸਤੀ – ਵਿੱਚ ਵਾਸਤਵ ਵਿੱਚ ਇਸ ਤਰ੍ਹਾਂ ਹੀ ਹੋਇਆ ਜਿੱਥੇ ਪੂੰਜੀ, ਬੀਜਾਂ, ਸੰਦਾਂ, ਔਜ਼ਾਰਾਂ ਅਤੇ ਪਸ਼ੂਆਂ ਦੀ ਵੱਡੀ ਮਾਤਰਾ ਇਸ ਨੂੰ ਵਰਤ ਸਕਣ ਵਾਲੇ ਕਿਰਤੀਆਂ ਦੀ ਅਣਹੋਂਦ ਸਦਕਾ ਤਬਾਹ ਹੋ ਗਈ, ਅਤੇ ਜਿੱਥੇ ਵਸੇ ਹੋਏ ਕਿਸੇ ਵੀ ਵਿਅਕਤੀ ਕੋਲ, ਜਿੰਨੀ ਪੂੰਜੀ ਦੀ ਉਹ ਆਪਣੇ ਹੱਥੀਂ ਵਰਤੋਂ ਕਰ ਸਕਦਾ ਸੀ, ਉਸ ਤੋਂ ਵਧੇਰੇ ਪੂੰਜੀ ਨਹੀਂ ਸੀ।"*

ਅਸੀਂ ਇਹ ਦੇਖ ਚੁੱਕੇ ਹਾਂ ਕਿ ਲੋਕਾਂ ਦੇ ਵਿਸ਼ਾਲ ਜਨਸਮੂਹ ਦੀ ਜ਼ਮੀਨ ਦੀ ਜ਼ਬਤੀ ਹੀ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਦਾ ਆਧਾਰ ਹੈ। ਇਸ ਦੇ ਉਲਟ, ਇੱਕ ਸੁਤੰਤਰ ਬਸਤੀ ਦਾ ਸਾਰ–ਤੱਤ ਇਸ ਗੱਲ ਵਿੱਚ ਹੈ – ਕਿ ਜ਼ਮੀਨ ਦਾ ਵੱਡਾ ਹਿੱਸਾ ਹਾਲੇ ਜਨਤਾ ਦੀ ਜਾਇਦਾਦ ਹੁੰਦਾ ਹੈ, ਅਤੇ ਇਸ ਲਈ ਇੱਥੇ ਵਸਣ ਵਾਲਾ ਹਰ ਵਿਅਕਤੀ ਇਸ ਦੇ ਇੱਕ ਹਿੱਸੇ ਨੂੰ ਆਪਣੀ ਨਿੱਜੀ ਜਾਇਦਾਦ ਅਤੇ ਉਤਪਾਦਨ ਦੇ ਵਿਅਕਤੀਗਤ ਸਾਧਨ ਬਣਾ ਸਕਦਾ ਹੈ। ਅਤੇ ਉਹ ਅਜਿਹਾ ਇਸੇ ਹੀ ਅਮਲ ਵਿੱਚੋਂ** ਪਿੱਛੋਂ ਆ ਕੇ ਵਸਣ ਵਾਲਿਆਂ ਦੇ ਰਾਹ ਦੀ ਰੁਕਾਵਟ ਬਣੇ ਬਿਨਾਂ ਹੀ ਕਰ ਸਕਦਾ ਹੈ। ਬਸਤੀਆਂ ਦੀ ਖੁਸ਼ਹਾਲੀ ਦਾ ਅਤੇ ਉਹਨਾਂ ਦੇ ਸਭ ਤੋਂ ਵੱਡੇ ਔਗੁਣ ਦਾ – ਪੂੰਜੀ ਦੀ ਸਥਾਪਤੀ ਦਾ ਵਿਰੋਧ – ਦੋਹਾਂ ਦਾ ਇਹੋ ਹੀ ਰਹੱਸ ਹੈ।

> ਜਿੱਥੇ ਜ਼ਮੀਨ ਬੜੀ ਸਸਤੀ ਹੁੰਦੀ ਹੈ ਅਤੇ ਸਾਰੇ ਮਨੁੱਖ ਸੁਤੰਤਰ ਹੁੰਦੇ ਹਨ, ਜਿੱਥੇ ਹਰ ਕੋਈ, ਜੇ ਉਹ ਚਾਹੇ, ਆਪਣੇ ਲਈ ਆਸਾਨੀ ਨਾਲ਼ ਹੀ ਜ਼ਮੀਨ ਦਾ ਟੁਕੜਾ ਹਾਸਲ ਕਰ ਸਕਦਾ ਹੈ, ਉੱਥੇ, ਉਪਜ ਵਿੱਚ ਕਿਰਤੀ ਦੇ ਹਿੱਸੇ ਦੇ ਪੱਖ ਤੋਂ, ਸਿਰਫ ਕਿਰਤ ਬਹੁਤ ਮਹਿੰਗੀ ਹੀ ਨਹੀਂ ਹੁੰਦੀ, ਸਗੋਂ ਕਿਸੇ ਵੀ ਕੀਮਤ ਉੱਤੇ

---

* ਉਪ.ਪੁ, ਸੈਂਚੀ 2, ਪੰਨਾ 5.

** "ਬਸਤੀਕਰਨ ਦਾ ਤੱਤ ਬਣਨ ਲਈ, ਭੂਮੀ ਲਈ ਕੇਵਲ ਵਿਹਲੀ ਪਈ ਹੋਣਾ ਹੀ ਜ਼ਰੂਰੀ ਨਹੀਂ, ਸਗੋਂ ਜਨਤਕ ਜਾਇਦਾਦ ਹੋਣਾ ਵੀ ਜ਼ਰੂਰੀ ਹੈ। ਜਿਸ ਨੂੰ ਨਿੱਜੀ ਸੰਪਤੀ ਵਿੱਚ ਬਦਲਿਆ ਜਾ ਸਕੇ।" (ਉਪ.ਪੁ, ਸੈਂਚੀ 11, ਪੰਨਾ 125)

ਸੰਯੁਕਤ ਕਿਰਤ ਪ੍ਰਾਪਤ ਕਰ ਸਕਣਾ ਔਖਾ ਹੁੰਦਾ ਹੈ।"*

ਜਿਵੇਂ ਬਸਤੀਆਂ ਵਿੱਚ ਕਿਰਤ ਦੀਆਂ ਹਾਲਤਾਂ ਤੋਂ ਅਤੇ ਉਹਨਾਂ ਦੀ ਜੜ੍ਹ ਧਰਤੀ – ਤੋਂ ਕਿਰਤੀ ਦਾ ਸਬੰਧ ਟੁੱਟਾ ਨਹੀਂ ਹੁੰਦਾ, ਜਾਂ ਕੇਵਲ ਕਿਤੇ–ਕਿਤੇ ਹੀ ਟੁੱਟਾ ਹੁੰਦਾ ਹੈ, ਜਾਂ ਬੜੇ ਸੀਮਤ ਪੈਮਾਨੇ ਉੱਤੇ ਟੁੱਟਾ ਹੁੰਦਾ ਹੈ, ਤਿਵੇਂ ਹੀ ਜ਼ਰਾਇਤ ਦਾ ਸਬੰਧ ਸਨਅਤ ਨਾਲੋਂ ਨਹੀਂ ਟੁੱਟਾ ਹੁੰਦਾ, ਅਤੇ ਨਾ ਹੀ ਕਿਸਾਨੀ ਦੀ ਘਰੇਲੂ ਸਨਅਤ ਦੀ ਤਬਾਹੀ ਹੋਈ ਹੁੰਦੀ ਹੈ। ਤਾਂ ਫੇਰ ਪੂੰਜੀ ਲਈ ਅੰਦਰੂਨੀ ਮੰਡੀ ਕਿਵੇਂ ਬਣੇ ?

> ਸਿਵਾਏ ਗ਼ੁਲਾਮਾਂ ਅਤੇ ਉਹਨਾਂ ਦੇ ਮਾਲਕਾਂ ਦੇ ਜਿਹੜੇ ਵਿਸ਼ੇਸ਼ ਕੰਮਾਂ ਵਿੱਚ ਪੂੰਜੀ ਤੇ ਕਿਰਤ ਨੂੰ ਇਕੱਠਾ ਕਰਦੇ ਹਨ, ਅਮਰੀਕਾ ਦੀ ਵਸੋਂ ਦਾ ਕੋਈ ਹਿੱਸਾ ਨਿਰੋਲ ਖੇਤੀ ਉੱਤੇ ਆਸਰਿਤ ਨਹੀਂ ਹੈ। ਉਹ ਸੁਤੰਤਰ ਅਮਰੀਕੀ, ਜਿਹੜੇ ਧਰਤੀ ਵਾਹੁੰਦੇ ਬੀਜਦੇ ਹਨ; ਕਈ ਹੋਰ ਕੰਮ ਧੰਦੇ ਕਰਦੇ ਹਨ। ਉਸ ਫਰਨੀਚਰ ਦਾ ਅਤੇ ਉਹਨਾਂ ਸੰਦਾਂ ਦਾ ਕੁਝ ਹਿੱਸਾ ਉਹ ਆਪ ਤਿਆਰ ਕਰਦੇ ਹਨ ਜਿਨ੍ਹਾਂ ਦੀ ਉਹ ਰਲਕੇ ਵਰਤੋਂ ਕਰਦੇ ਹਨ। ਉਹ ਅਕਸਰ ਆਪਣੇ ਮਕਾਨ ਆਪ ਉਸਾਰਦੇ ਹਨ ਅਤੇ ਆਪਣੀ ਸਨਅਤ ਦੀ ਉਪਜ ਨੂੰ ਮੰਡੀ ਲੈ ਕੇ ਜਾਂਦੇ ਹਨ ਭਾਵੇਂ ਮੰਡੀ ਕਿੰਨੀ ਵੀ ਦੂਰ ਕਿਉਂ ਨਾ ਹੋਵੇ। ਉਹ ਕਾਤੇ ਹਨ, ਬੋਣੇ ਹਨ; ਉਹ ਆਪਣੀ ਵਰਤੋਂ ਲਈ ਆਪ ਹੀ ਸਾਬਣ ਤੇ ਮੋਮਬੱਤੀਆਂ ਅਤੇ ਕਈ ਵਾਰੀ, ਜੁੱਤੀਆਂ ਤੇ ਕੱਪੜਾ ਤਿਆਰ ਕਰਦੇ ਹਨ। ਅਮਰੀਕਾ ਵਿੱਚ ਜ਼ਮੀਨ ਦੀ ਕਾਸ਼ਤ ਕਰਨਾ ਕਿਸੇ ਲੁਹਾਰ ਦਾ, ਕਿਸੇ ਚੱਕੀ ਵਾਲੇ ਦਾ ਜਾਂ ਕਿਸੇ ਦੁਕਾਨਦਾਰ ਦਾ ਆਮ ਕਰਕੇ ਦੂਸਰਾ ਧੰਦਾ ਹੈ।**

ਅਜਿਹੇ ਅਜੀਬ ਲੋਕਾਂ ਦੇ ਹੁੰਦਿਆਂ ਪੂੰਜੀਪਤੀਆਂ ਲਈ "ਬੰਧੇਜ ਦਾ ਖੇਤਰ" ਕਿਹੜਾ ਹੈ ?

ਪੂੰਜੀਵਾਦੀ ਉਤਪਾਦਨ ਦੀ ਵੱਡੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ – ਕਿ ਇਹ ਨਾ ਕੇਵਲ ਉਜਰਤੀ ਕਾਮੇ ਦਾ ਉਜਰਤੀ ਕਾਮੇ ਦੇ ਰੂਪ ਵਿੱਚ ਲਗਾਤਾਰ ਪੁਨਰ–ਉਤਪਾਦਨ ਕਰਦਾ ਹੈ, ਸਗੋਂ ਸਦਾ ਹੀ, ਪੂੰਜੀ ਦੇ ਇਕੱਤਰੀਕਰਨ ਦੀ ਨਿਸਬਤ ਵਿੱਚ, ਉਜਰਤੀ–ਕਾਮਿਆਂ ਦੀ ਇੱਕ ਸਾਪੇਖਕ ਵਾਧੂ–ਵਸੋਂ ਵੀ ਪੈਦਾ ਕਰਦਾ ਹੈ। ਇਸ ਪ੍ਰਕਾਰ ਕਿਰਤ ਦੀ ਪੂਰਤੀ ਅਤੇ ਮੰਗ ਦਾ ਨੇਮ ਇੱਕ ਠੀਕ ਲੀਹ ਉੱਤੇ ਚਲਦਾ ਜਾਂਦਾ ਹੈ, ਉਜਰਤਾਂ ਦਾ ਉਤਾਰ–ਚੜ੍ਹਾਅ ਪੂੰਜੀਵਾਦੀ ਲੁਟ–ਚੋਂਘ ਦੇ ਸੰਤੋਖ ਦੀਆਂ ਸੀਮਾਵਾਂ ਵਿੱਚ ਹੀ ਰਹਿੰਦਾ ਹੈ, ਅਤੇ ਆਖਰੀ ਗੱਲ, ਪੂੰਜੀਪਤੀ ਉੱਤੇ ਕਿਰਤੀ ਦੀ ਸਮਾਜਿਕ ਨਿਰਭਰਤਾ, ਜੋ ਇੱਕ ਲਾਜ਼ਮੀ ਸ਼ਰਤ ਹੈ, ਦੀ ਜ਼ਾਮਨੀ ਹੁੰਦੀ ਹੈ; ਨਿਰਭਰਤਾ ਦੇ ਇਸ ਪ੍ਰਤੱਖ ਸਬੰਧ ਨੂੰ, ਮੀਸਣੇ ਰਾਜਨੀਤਕ ਅਰਥ–ਸ਼ਾਸਤਰੀ, ਸੁਦੇਸ਼ ਵਿੱਚ, ਮਾਤ–ਭੂਮੀ ਵਿੱਚ, ਵਿਕਰੇਤਾ ਤੇ ਖਰੀਦਦਾਰ ਵਿਚਕਾਰ, ਜਿਣਸਾਂ ਦੇ ਸਮਾਨ ਰੂਪ ਵਿੱਚ ਸਵੈਧੀਨ ਮਾਲਕਾਂ ਵਿਚਕਾਰ, ਪੂੰਜੀ ਰੂਪ ਜਿਣਸ ਦੇ ਮਾਲਕ ਅਤੇ

---

* ਉਪ. ਪੁ, ਸੈਂਚੀ 1, ਪੰਨਾ 247

** ਉਪ. ਪੁ, ਪੰਨੇ 21, 22

ਕਿਰਤ-ਰੂਪ ਜਿਣਸ ਦੇ ਮਾਲਕ ਵਿਚਕਾਰ ਇੱਕ ਸੁਤੰਤਰ ਇਕਰਾਰ ਦੇ ਰੂਪ ਵਿੱਚ ਵੀ ਪੇਸ਼ ਕਰ ਸਕਦਾ ਹੈ। ਪਰੰਤੂ ਬਸਤੀਆਂ ਵਿੱਚ ਇਹ ਸੁੰਦਰ ਕਲਪਨਾ ਤੁਰੰਤ ਹੀ ਚਕਨਾਚੂਰ ਹੋ ਜਾਂਦੀ ਹੈ। ਇੱਥੇ ਸ਼ਾਸਕ ਦੇਸ਼ ਦੇ ਮੁਕਾਬਲੇ ਨਿਰਪੇਖ ਵਸੋਂ ਵਧੇਰੇ ਤੇਜ਼ੀ ਨਾਲ਼ ਵਧਦੀ ਹੈ, ਕਿਉਂਕਿ ਬਹੁਤ ਸਾਰੇ ਕਿਰਤੀ ਇਸ ਸੰਸਾਰ ਵਿੱਚ ਪਲੇ-ਪਲਾਏ ਬਾਲਗਾਂ ਦੇ ਰੂਪ ਵਿੱਚ ਪੈਰ ਧਰਦੇ ਹਨ, ਪਰ ਫਿਰ ਵੀ ਕਿਰਤ ਦੀ ਮੰਡੀ ਵਿੱਚ ਕਿਰਤ ਦੀ ਸਦਾ ਥੁੜ ਰਹਿੰਦੀ ਹੈ। ਕਿਰਤ ਦੀ ਪੂਰਤੀ ਅਤੇ ਮੰਗ ਦਾ ਕਾਨੂੰਨ ਟੁਕੜੇ ਟੁਕੜੇ ਹੋ ਜਾਂਦਾ ਹੈ। ਇਕ ਪਾਸੇ, ਪੁਰਾਣੀ ਦੁਨੀਆਂ ਲੁਟ-ਚੋਂਘ ਅਤੇ "ਬੰਧੇਜ" ਦੀ ਭੁੱਖ ਵਿੱਚ ਅੰਨ੍ਹੇਵਾਹ ਪੂੰਜੀ ਝੋਕੀ ਜਾਂਦੀ ਹੈ; ਦੂਜੇ ਪਾਸੇ, ਉਜਰਤੀ ਕਿਰਤੀ ਦਾ ਉਜਰਤੀ ਕਿਰਤੀ ਦੇ ਰੂਪ ਵਿੱਚ ਬਾਕਾਇਦਾ ਪੁਨਰ-ਉਤਪਾਦਨ ਅਤਿ ਕਠੋਰ ਅਤੇ ਅੰਸ਼ਕ ਰੂਪ ਵਿੱਚ ਅਜਿੱਤ ਰੁਕਾਵਟਾਂ ਨਾਲ਼ ਟਕਰਾਉਂਦਾ ਹੈ। ਅਜਿਹੀ ਹਾਲਤ ਵਿੱਚ ਪੂੰਜੀ ਦੇ ਇਕੱਤਰੀਕਰਨ ਦੀ ਨਿਸਬਤ ਵਧੇਰੇ ਮਜ਼ਦੂਰੀ ਉੱਤੇ ਕੰਮ ਕਰਨ ਵਾਲੇ ਉਜਰਤੀ-ਕਿਰਤੀਆਂ ਦੇ ਉਤਪਾਦਨ ਦਾ ਕੀ ਬਣਦਾ ਹੈ ? ਅੱਜ ਦਾ ਉਜਰਤੀ-ਕਾਮਾ ਭਲਕੇ ਆਪਣੇ ਲਈ ਕੰਮ ਕਰਨ ਵਾਲਾ ਇੱਕ ਸਵੈਧੀਨ ਕਿਸਾਨ, ਜਾਂ ਕਾਰੀਗਰ ਬਣ ਜਾਂਦਾ ਹੈ।ਉਹ ਕਿਰਤ-ਮੰਡੀ ਵਿੱਚੋਂ ਗਾਇਬ ਹੋ ਜਾਂਦਾ ਹੈ, ਪਰ ਮੁਹਤਾਜਖਾਨੇ ਵਿੱਚ ਨਹੀਂ ਪਹੁੰਚਦਾ। ਉਜਰਤੀ-ਕਿਰਤੀਆਂ ਦੀ ਐਸੇ ਸਵੈਧੀਨ ਉਤਪਾਦਕਾਂ ਵਿੱਚ ਇਸ ਨਿਰੰਤਰ ਕਾਇਆਪਲਟ ਦਾ, ਜਿਹੜੇ ਪੂੰਜੀ ਦੀ ਥਾਂ ਆਪਣੇ ਲਈ ਕੰਮ ਕਰਦੇ ਹਨ, ਅਤੇ ਪੂੰਜੀਪਤੀ ਭੱਦਰ-ਪੁਰਖਾਂ ਦੀ ਥਾਂ ਆਪਣਾ ਧਨ ਵਧਾਉਂਦੇ ਹਨ, ਕਿਰਤ-ਮੰਡੀ ਦੀਆਂ ਹਾਲਤਾਂ ਉੱਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ। ਨਾ ਕੇਵਲ ਉਜਰਤੀ-ਕਿਰਤੀਆਂ ਦੀ ਲੁਟ-ਚੋਂਘ ਦੀ ਮਾਤਰਾ ਅਨੁਚਿਤ ਹੱਦ ਤੱਕ ਨੀਵੀਂ ਰਹਿੰਦੀ ਹੈ, ਸਗੋਂ, ਉਜਰਤੀ-ਕਿਰਤੀ ਦੀ, ਪ੍ਰਾਧੀਨਤਾ ਦੇ ਸਬੰਧ ਦੇ ਨਾਲ਼ ਹੀ, ਸੰਜਮੀ ਪੂੰਜੀਪਤੀ ਉੱਤੇ ਨਿਰਭਰ ਰਹਿਣ ਦੀ ਭਾਵਨਾ ਵੀ ਮਿਟ ਜਾਂਦੀ ਹੈ। ਇਸ ਤੋਂ ਹੀ ਉਹ ਸਾਰੀਆਂ ਔਖਿਆਈਆਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਦਾ ਈ. ਜੀ. ਵੇਕਫ਼ੀਲਡ ਨੇ ਇੰਨੀ ਹਿੰਮਤ ਨਾਲ਼, ਇੰਨੀ ਸੁਹਣੀ ਬੋਲੀ ਵਿੱਚ, ਇਤਨੇ ਦਰਦਨਾਕ ਢੰਗ ਨਾਲ਼ ਜ਼ਿਕਰ ਕੀਤਾ ਹੈ।

ਉਹ ਸ਼ਿਕਾਇਤ ਕਰਦਾ ਹੈ ਕਿ ਉਜਰਤੀ-ਕਿਰਤੀ ਦੀ ਸਪਲਾਈ ਨਾ ਨਿਰੰਤਰ ਹੈ, ਨਾ ਬਾਕਾਇਦਾ ਅਤੇ ਨਾ ਹੀ ਕਾਫੀ। "ਕਿਰਤ ਦੀ ਪੂਰਤੀ ਸਦਾ ਹੀ, ਨਾ ਕੇਵਲ ਥੋੜ੍ਹੀ, ਸਗੋਂ ਅਨਿਸ਼ਚਿਤ ਰਹਿੰਦੀ ਹੈ।"*

> ਭਾਵੇਂ ਪੂੰਜੀਪਤੀ ਅਤੇ ਕਿਰਤੀ ਵਿਚਕਾਰ ਵੰਡੀ ਜਾਂਦੀ ਪੈਦਾਵਾਰ ਬਹੁਤ ਜ਼ਿਆਦਾ ਹੈ, ਤਾਂ ਵੀ ਉਸ ਵਿੱਚੋਂ ਕਿਰਤੀ ਇਤਨਾ ਵੱਡਾ ਹਿੱਸਾ ਲੈ ਜਾਂਦਾ ਹੈ ਕਿ ਉਹ ਛੇਤੀ ਹੀ ਇੱਕ ਪੂੰਜੀਪਤੀ ਬਣ ਜਾਂਦਾ ਹੈ...। ਜਿਹੜੇ ਅਸਾਧਾਰਨ ਰੂਪ ਵਿੱਚ ਲੰਮਾ ਜੀਵਨ ਜਿਊਂਦੇ ਹਨ, ਉਹਨਾਂ ਵਿੱਚੋਂ ਵੀ ਬਹੁਤ ਥੋੜ੍ਹੇ ਲੋਕ ਧਨ ਦੀ ਕੋਈ ਵੱਡੀ ਮਾਤਰਾ ਇਕੱਤਰ ਕਰ ਸਕਦੇ ਹਨ।"**

---

* ਉਪ. ਪੁ, ਸੈਂਚੀ 2, ਪੰਨਾ 116

** ਉਪ. ਪੁ, ਸੈਂਚੀ 2, ਪੰਨਾ 131

ਕਿਰਤੀ ਅਤਿਅੰਤ ਸਪਸ਼ਟ ਰੂਪ ਵਿੱਚ ਪੂੰਜੀਪਤੀ ਨੂੰ ਇਹ ਆਗਿਆ ਦੇਣ ਤੋਂ ਇਨਕਾਰ ਕਰਦੇ ਹਨ ਕਿ ਉਹ ਉਹਨਾਂ ਦੀ ਕਿਰਤ ਦੇ ਵਡੇਰੇ ਹਿੱਸੇ ਦੇ ਭੁਗਤਾਨ ਲਈ ਵੀ ਕੋਈ "ਸੰਜਮ" ਦਿਖਾਵੇ। ਜੇ ਉਹ ਇੰਨੀ ਚਤੁਰਾਈ ਦਿਖਾਉਂਦਾ ਹੈ ਕਿ ਆਪਣੀ ਪੂੰਜੀ ਦੇ ਨਾਲ਼ ਹੀ, ਯੂਰਪ ਤੋਂ, ਆਪਣੇ ਉਜਰਤ–ਕਾਮੇ ਵੀ ਦਰਾਮਦ ਕਰਦਾ ਹੈ ਤਾਂ ਇਸ ਦਾ ਵੀ ਕੋਈ ਫਾਇਦਾ ਨਹੀਂ ਹੁੰਦਾ।

> ਉਹ ਜਲਦੀ ਹੀ "ਦਿਹਾੜੀ ਉੱਤੇ ਕੰਮ ਕਰਨ ਵਾਲੇ ਕਿਰਤੀ... ਨਹੀਂ ਰਹਿੰਦੇ; ਉਹ... ਜੇ ਕਿਰਤ–ਮੰਡੀ ਵਿੱਚ ਆਪਣੇ ਸਾਬਕਾ ਮਾਲਕਾਂ ਨਾਲ਼ ਮੁਕਾਬਲੇ ਵਿੱਚ ਆਉਣ ਵਾਲੇ ਨਹੀਂ, ਤਾਂ ਸਵੈਧੀਨ ਭੂਮੀ ਮਾਲਕ ਜ਼ਰੂਰ ਬਣ ਜਾਂਦੇ ਹਨ।"*

ਰੱਤਾ, ਸਥਿਤੀ ਦੀ ਭਿਅੰਕਰਤਾ ਵੱਲ ਵੇਖੋ! ਵਿਚਾਰਾ ਪੂੰਜੀਪਤੀ ਆਪਣੀ ਗਾੜ੍ਹੀ ਕਮਾਈ ਦਾ ਪੈਸਾ ਖਰਚ ਕੇ ਯੂਰਪ ਤੋਂ ਕੁਝ ਲੋਕਾਂ ਨੂੰ ਨਾਲ਼ ਲਿਆਉਂਦਾ ਹੈ, ਜਿਹੜੇ ਉੱਥੇ ਆ ਕੇ ਉਸ ਦੇ ਸ਼ਰੀਕ ਬਣ ਜਾਂਦੇ ਹਨ। ਦੁਨੀਆਂ ਦਾ ਅੰਤ ਆ ਗਿਆ ਹੈ! ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵੇਕਫ਼ੀਲਡ ਬਸਤੀਆਂ ਵਿੱਚ ਉਜਰਤੀ–ਕਾਮਿਆਂ ਦੀ ਕੁਲ ਗ਼ੁਲਾਮੀ ਅਤੇ ਗ਼ੁਲਾਮੀ ਦੀ ਕੁਲ ਭਾਵਨਾ ਦੀ ਅਣਹੋਂਦ ਉੱਤੇ ਅੱਥਰੂ ਕੇਰਦਾ ਹੈ।

> ਉਸ ਦਾ ਸ਼ਗਿਰਦ, ਮੇਰੀਵੇਲ, ਕਹਿੰਦਾ ਹੈ ਕਿ ਉੱਚੀਆਂ ਉਜਰਤਾਂ ਕਾਰਨ "ਬਸਤੀਆਂ ਵਿੱਚ ਵਧੇਰੇ ਸਸਤੇ ਅਤੇ ਵਧੇਰੇ ਆਗਿਆਕਾਰੀ ਕਿਰਤੀਆਂ ਦੀ ਫੌਰੀ ਇੱਛਾ ਹੈ – ਇਕ ਐਸੀ ਜਮਾਤ ਲਈ ਇੱਛਾ ਜਿਸ ਉਤੇ ਪੂੰਜੀਪਤੀ, ਬਜਾਏ ਇਸ ਦੇ ਕਿ ਆਪ ਉਸ ਦੇ ਹੁਕਮ ਵਿੱਚ ਰਹੇ, ਹੁਕਮ ਚਲਾ ਸਕੇ...। ਪ੍ਰਾਚੀਨ ਸੱਭਿਅ ਦੇਸ਼ਾਂ ਵਿੱਚ ਕਿਰਤੀ, ਭਾਵੇਂ ਸੁਤੰਤਰ ਹੀ, ਕੁਦਰਤ ਦੇ ਨੇਮ ਅਨੁਸਾਰ ਪੂੰਜੀਪਤੀ ਦੇ ਅਧੀਨ ਹੁੰਦਾ ਹੈ; ਬਸਤੀਆਂ ਵਿੱਚ ਇਹ ਅਧੀਨਤਾ ਬਣਾਉਟੀ ਢੰਗਾਂ ਨਾਲ਼ ਪੈਦਾ ਕੀਤੀ ਜਾਣੀ ਜ਼ਰੂਰੀ ਹੈ।"**

---

* ਉਪ. ਪੁ, ਸੈਂਚੀ 2, ਪੰਨਾ 5

** *Merivale*. «Lectures on Colonization and Colonies». London, 1841-1842, v. II, p. 235-314, passim.ਵਿੱਚੋਂ। ਇੱਥੋਂ ਤੱਕ ਕਿ ਸੁਤੰਤਰ ਵਪਾਰ ਦੇ ਹਲੀਮ ਸਮਰਥਕ, ਉਜੱਡ ਅਰਥ–ਸ਼ਾਸਤਰੀ, ਮੋਲੀਨਾਰੀ ਨੇ ਲਿਖਿਆ ਹੈ: "ਜਿਨ੍ਹਾਂ ਬਸਤੀਆਂ ਵਿੱਚ ਗ਼ੁਲਾਮ–ਪ੍ਰਥਾ ਖਤਮ ਕਰ ਦਿੱਤੀ ਗਈ ਹੈ, ਪਰ ਵਗਾਰ ਦੀ ਥਾਂ ਸੁਤੰਤਰ–ਕਿਰਤ ਓਨੀ ਮਾਤਰਾ ਨਹੀਂ ਗ੍ਰਹਿਣ ਕਰ ਸਕੀ ਉਥੇ, ਜੋ ਕੁਝ ਰੋਜ਼ ਅਸੀਂ ਆਪਣੀ ਅੱਖੀਂ ਦੇਖਦੇ ਹਾਂ, ਉਸਦੇ ਬਿਲਕੁਲ ਉਲਟ ਹੁੰਦਾ ਹੈ। ਉਥੇ ਸਧਾਰਨ ਮਜ਼ਦੂਰ ਉਦਯੋਗਪਤੀਆਂ ਦੀ ਲੁਟ–ਚੋਂਘ ਕਰਨ ਲੱਗਦੇ ਹਨ, ਤੇ ਪੈਦਾਵਾਰ ਦਾ ਜਿੰਨਾ ਹਿੱਸਾ ਉਹਨਾਂ ਨੂੰ ਮਿਲਣਾ ਚਾਹੀਦਾ ਹੈ, ਉਸ ਤੋਂ ਵਧੇਰੇ ਮੰਗਣ ਲਗਦੇ ਹਨ। ਬਾਗਾਂ ਦੇ ਮਾਲਕ ਕਿਉਂਕਿ ਆਪਣੀ ਚੀਨੀ ਉੱਚੀ ਕੀਮਤ ਉੱਤੇ ਨਹੀਂ ਵੇਚ ਸਕਦੇ ਜਿਸ ਨਾਲ਼ ਵਧੀ ਹੋਈ ਮਜ਼ਦੂਰੀ ਦੀ ਕਸਰ ਪੂਰੀ ਹੋ ਸਕੇ, ਇਸ ਲਈ ਉਹਨਾਂ ਨੂੰ ਮਜਬੂਰਨ ਪਹਿਲਾਂ ਆਪਣੇ ਮੁਨਾਫ਼ੇ ਵਿੱਚੋਂ ਅਤੇ ਫੇਰ ਆਪਣੀ ਪੂੰਜੀ ਤੱਕ ਵਿੱਚੋਂ ਇਸ ਨੂੰ ਪੂਰਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਬਾਗਾਂ ਦੇ ਕਈ ਮਾਲਕ ਬਰਬਾਦ ਹੋ ਗਏ ਹਨ ਅਤੇ ਕਈਆਂ ਨੇ ਇਸ ਮਾਰ ਤੋਂ ਬਚਣ ਲਈ ਚੀਨੀ ਬਣਾਉਣ ਦੇ ⇨

ਵੇਕਫ਼ੀਲਡ ਅਨੁਸਾਰ, ਬਸਤੀਆਂ ਵਿੱਚ ਪੈਦਾ ਹੋਈ ਇਸ ਅਭਾਗੀ ਸਥਿਤੀ ਦਾ ਫੇਰ ਕੀ ਨਤੀਜਾ ਹੁੰਦਾ ਹੈ? ਉਤਪਾਦਕਾਂ ਅਤੇ ਕੌਮੀ ਧਨ ਦੇ "ਬਿਖ਼ਰ ਜਾਣ ਦੀ ਇੱਕ ਬਰਬਰੀ ਪੈਦੀ ਕਰਦੀ ਪ੍ਰਵਿਰਤੀ।"* ਆਪਣੇ ਹੀ ਤੌਰ 'ਤੇ ਕੰਮ ਕਰਨ ਵਾਲੇ ਅਣਗਿਣਤ ਮਾਲਕਾਂ ਵਿਚਕਾਰ ਉਤਪਾਦਨ ਦੇ ਸਾਧਨਾਂ ਦੇ ਵੰਡੇ ਜਾਣ ਨਾਲ਼, ਪੂੰਜੀ ਦੇ ਕੇਂਦਰੀ ਕਰਨ ਦੇ ਨਾਲ਼ ਹੀ, ਸੰਯੁਕਤ ਕਿਰਤ ਦੀਆਂ ਸਭ ਬੁਨਿਆਦਾਂ ਉੱਖੜ ਜਾਂਦੀਆਂ ਹਨ। ਹੁਣ ਕੋਈ ਅਜਿਹਾ ਕਾਰੋਬਾਰ ਨਹੀਂ ਹੋ ਸਕਦਾ, ਜਿਸ ਦੇ ਪੂਰਾ ਹੋਣ ਵਿੱਚ ਕਈ ਵਰ੍ਹੇ ਲੱਗ ਸਕਦੇ ਹੋਣ ਅਤੇ ਜਿਸ ਵਿੱਚ ਸਥਾਈ ਜਾਂ ਅਚੱਲ ਪੂੰਜੀ ਲਾਉਣ ਦੀ ਜ਼ਰੂਰਤ ਪੈਂਦੀ ਹੋਵੇ। ਯੂਰਪ ਵਿੱਚ, ਪੂੰਜੀਪਤੀ ਇੱਕ ਪਲ ਦੀ ਝਿਜਕ ਤੋਂ ਬਿਨਾਂ ਪੂੰਜੀ ਲਾਉਂਦੇ ਹਨ, ਕਿਉਂਕਿ ਉੱਥੇ ਮਜ਼ਦੂਰ-ਜਮਾਤ ਇਸ ਦਾ ਜੀਵੰਤ ਉਪ-ਅੰਗ ਹੈ, ਜਿਸ ਦੀ ਸਦਾ ਹੀ ਬਹੁਤਾਤ ਰਹਿੰਦੀ ਹੈ ਅਤੇ ਜੋ ਸਦਾ ਇਸ ਦੀ ਆਗਿਆ ਪਾਲਣ ਲਈ ਤਿਆਰ ਰਹਿੰਦੀ ਹੈ। ਪਰ ਬਸਤੀਆਂ ਦੀ ਕੀ ਸਥਿਤੀ ਹੈ! ਵੇਕਫ਼ੀਲਡ ਇਸ ਬਾਰੇ ਸਾਨੂੰ ਇੱਕ ਬਹੁਤ ਦੁਖਦਾਈ ਕਹਾਣੀ ਸੁਣਾਉਂਦਾ ਹੈ। ਉਹ ਕਨੇਡਾ ਅਤੇ ਨਿਊਯਾਰਕ ਰਾਜ ਦੇ ਕੁਝ ਪੂੰਜੀਪਤੀਆਂ ਨਾਲ਼, ਜਿੱਥੇ ਆਵਾਸੀਆਂ ਦਾ ਪਰਵਾਹ ਅਕਸਰ ਰੁਕ ਜਾਂਦਾ ਹੈ ਅਤੇ "ਫਾਲਤੂ" ਕਿਰਤੀਆਂ ਦਾ ਫੋਗ ਛੱਡ ਜਾਂਦਾ ਹੈ, ਗੱਲਬਾਤ ਕਰ ਰਿਹਾ ਸੀ।

ਇਸ ਭਾਵਕੁਤਾ ਭਰਪੂਰ ਨਾਟਕ ਦਾ ਇੱਕ ਪਾਤਰ ਕਹਿੰਦਾ ਹੈ। "ਸਾਡੀ ਪੂੰਜੀ ਅਜਿਹੇ ਕਈ ਕੰਮ ਸ਼ੁਰੂ ਕਰਨ ਲਈ ਤਿਆਰ ਸੀ ਜਿਨ੍ਹਾਂ ਦੀ ਸੰਪੂਰਨਤਾ ਲਈ ਚੋਖੇ ਲੰਮੇ ਸਮੇਂ ਦੀ ਲੋੜ ਹੁੰਦੀ ਹੈ; ਪਰ ਅਸੀਂ ਅਜਿਹੇ ਕੰਮ ਐਸੇ ਕਿਰਤੀਆਂ

---

ਕਾਰਖਾਨੇ ਬੰਦ ਕਰ ਦਿੱਤੇ ਹਨ...। ਨਿਰਸੰਦੇਹ, ਮਨੁੱਖਾਂ ਦੀਆਂ ਕਈ ਪੀੜ੍ਹੀਆਂ ਬਰਬਾਦ ਹੋ ਜਾਣ ਨਾਲੋਂ ਚੰਗਾ ਹੈ ਕਿ ਇਕੱਤਰਿਤ ਪੂੰਜੀ ਜ਼ਾਇਆ ਹੋ ਜਾਏ।" (ਵਾਹ, ਮਿ. ਮੋਲੀਨਾਰੀ ਨੇ ਇੱਥੇ ਕਿੰਨੀ ਉਦਾਰਤਾ ਦਿਖਾਈ ਹੈ!) "ਪਰ ਇਸ ਨਾਲੋਂ ਕੀ ਇਹ ਚੰਗਾ ਨਾ ਹੁੰਦਾ ਕਿ ਪੂੰਜੀ ਵੀ ਜਿਵੇਂ ਦੀ ਤਿਵੇਂ ਹੀ ਰਹਿੰਦੀ ਅਤੇ ਆਦਮੀ ਵੀ ਜਿਊਂਦੇ ਰਹਿੰਦੇ?"(*Molinari, G.* «Etudes économiques», Paris, 1846, p. 51, 52.) ਮਿ. ਮੋਲੀਨਾਰੀ, ਮਿ. ਮੋਲੀਨਾਰੀ! ਜੇਕਰ ਯੂਰਪ ਵਿੱਚ ਉਦਯੋਗਪਤੀ ਕਿਰਤੀ ਨੂੰ ਉਸ ਦੇ ਕਨੂੰਨੀ ਹਿੱਸੇ ਤੋਂ ਵੰਚਿਤ ਕਰ ਦਿੰਦਾ ਹੈ ਅਤੇ ਵੈਸਟ-ਇੰਡੀਜ਼ ਵਿੱਚ ਕਿਰਤੀ ਉਦਯੋਗਪਤੀ ਦਾ ਕਨੂੰਨੀ ਹਿੱਸਾ ਉਸ ਨੂੰ ਨਹੀਂ ਦੇਂਦਾ, ਤਾਂ ਦਸ ਹਜ਼ੂਰੀ ਹੁਕਮਾਂ ਦਾ, ਮੂਸਾ ਅਤੇ ਦੂਜੇ ਪੈਗੰਬਰਾਂ ਦਾ, ਪੂਰਤੀ ਅਤੇ ਮੰਗ ਦੇ ਕਨੂੰਨ ਦਾ ਕੀ ਬਣੇਗਾ? ਅਤੇ ਇਹ ਦੱਸਣ ਦੀ ਕਿਰਪਾ ਤਾਂ ਕਰਨਾ ਕਿ ਇਹ "ਕਾਨੂੰਨੀ ਹਿਸਾ" ਹੈ ਕੀ, ਜਿਸ ਨੂੰ ਖੁਦ ਤੁਹਾਡੇ ਅਨੁਸਾਰ ਯੂਰਪ ਵਿੱਚ ਪੂੰਜੀਪਤੀ ਰੋਜ਼ਾਨਾ ਦੇਣੋਂ ਇਨਕਾਰ ਕਰ ਦੇਂਦਾ ਹੈ? ਮਿ. ਮੋਲੀਨਾਰੀ ਇਸ ਗੱਲ ਲਈ ਉਤਸੁਕ ਹੈ ਕਿ ਹੋਰਨੀਂ ਥਾਈਂ ਪੂਰਤੀ ਅਤੇ ਮੰਗ ਦਾ ਜਿਹੜਾ ਕਨੂੰਨ ਆਪਣੇ ਆਪ ਹੀ ਕੰਮ ਕਰੀ ਜਾਂਦਾ ਹੈ, ਉਸ ਨੂੰ ਉਹਨਾਂ ਥਾਵਾਂ ਤੋਂ ਦੂਰ, ਬਸਤੀਆਂ ਵਿੱਚ, ਜਿੱਥੇ ਕਿਰਤੀ ਇਤਨੇ "ਸਿੱਧੇ ਸਾਦੇ" ਹਨ ਕਿ ਉਹ ਪੂੰਜੀਪਤੀ ਦੀ "ਲੁੱਟ-ਚੋਂਘ" ਕਰਨ ਲਗ ਜਾਂਦੇ ਹਨ, ਪੁਲਸ ਦੀ ਮਦਦ ਨਾਲ਼ ਠੀਕ ਰਾਹ ਪਾਇਆ ਜਾਵੇ।

* *Wakefield.* ਉਪ. ਪੁ, ਸੈਂਚੀ 11, ਪੰਨਾ 52.

ਨਾਲ਼ ਸ਼ੁਰੂ ਨਹੀਂ ਸਾਂ ਕਰ ਸਕਦੇ ਜਿਹੜੇ, ਅਸੀਂ ਜਾਣਦੇ ਸਾਂ, ਛੇਤੀ ਹੀ ਸਾਨੂੰ ਛੱਡ ਜਾਣਗੇ। ਜੇ ਸਾਨੂੰ ਅਜਿਹੇ ਆਵਾਸੀਆਂ ਦੀ ਕਿਰਤ ਨੂੰ ਰੋਕ ਲੈਣ ਦਾ ਯਕੀਨ ਹੁੰਦਾ, ਤਾਂ ਸਾਨੂੰ ਇਸ ਨੂੰ ਤੁਰੰਤ ਹੀ ਕੰਮ ਉੱਤੇ ਲਾ ਕੇ ਬੜੀ ਖੁਸ਼ੀ ਹੁੰਦੀ ਅਤੇ ਕੰਮ ਉੱਤੇ ਚੰਗੀ ਕੀਮਤ ਦੇ ਕੇ ਲਾ ਲੈਂਦੇ। ਅਤੇ ਇਸ ਨੂੰ ਕੰਮ ਉੱਤੇ ਇਸ ਹਾਲਤ ਵਿੱਚ ਵੀ ਲਾ ਲੈਂਦੇ, ਜੇ ਸਾਨੂੰ ਇਸ ਗੱਲ ਦਾ ਯਕੀਨ ਹੋ ਜਾਂਦਾ ਕਿ ਇਹ ਸਾਨੂੰ ਛੱਡ ਜਾਏਗਾ, ਬਸ਼ਰਤੇ ਕਿ ਸਾਨੂੰ ਇਸ ਗੱਲ ਦਾ ਵੀ ਯਕੀਨ ਹੁੰਦਾ ਕਿ ਜਦੋਂ ਵੀ ਲੋੜ ਪਵੇਗੀ ਸਾਨੂੰ ਨਵੇਂ ਕਿਰਤੀ ਮਿਲ ਜਾਣਗੇ।"*

ਇੰਗਲੈਂਡ ਦੀ ਪੂੰਜੀਵਾਦੀ ਜ਼ਰਾਇਤ ਅਤੇ ਇਸ ਦੀ "ਸੰਯੁਕਤ" ਕਿਰਤ ਦਾ ਅਮਰੀਕੀ ਕਿਸਾਨਾਂ ਦੀ ਖਿੰਡੀ-ਪੁੰਡੀ ਕਾਸ਼ਤ ਨਾਲ਼ ਮੁਕਾਬਲਾ ਕਰਨ ਤੋਂ ਪਿੱਛੋਂ ਵੇਕਫ਼ੀਲਡ ਅਣਜਾਣੇ ਵਿੱਚ ਹੀ ਸਾਨੂੰ ਤਸਵੀਰ ਦੇ ਉਲਟੇ ਪਾਸੇ ਉੱਤੇ ਝਾਤ ਵੀ ਪੁਆ ਦੇਂਦਾ ਹੈ। ਉਹ ਅਮਰੀਕੀ ਲੋਕਾਂ ਨੂੰ ਰੱਜੇ-ਪੁੱਜੇ, ਸਵੈਧੀਨ, ਉੱਦਮਸ਼ੀਲ ਅਤੇ ਮੁਕਾਬਲਤਨ ਸੱਭਿਅ ਚਿੱਤਰਿਤ ਕਰਦਾ ਹੈ ਅਤੇ

"ਇੰਗਲੈਂਡ ਦਾ ਜ਼ਰਾਇਤੀ ਕਿਰਤੀ ਦੁਖਿਆਰਾ, ਅਭਾਗਾ ਅਤੇ ਕੰਗਾਲ ਦਰਸਾਉਂਦਾ ਹੈ...। ਸਿਵਾਏ ਉੱਤਰੀ ਅਮਰੀਕਾ ਅਤੇ ਕੁਝ ਨਵੀਆਂ ਬਸਤੀਆਂ ਦੇ ਕਿਹੜਾ ਦੇਸ਼ ਹੈ ਜਿੱਥੇ ਜ਼ਰਾਇਤ ਵਿੱਚ ਕੰਮ ਕਰਦੀ ਸੁਤੰਤਰ ਕਿਰਤ ਦੀਆਂ ਉਜਰਤਾਂ ਕਿਰਤੀ ਲਈ ਮਹਿਜ਼ ਉਪਜੀਵਕਾ ਨਾਲੋਂ ਬਹੁਤ ਵਧੇਰੇ ਹੁੰਦੀਆਂ ਹਨ ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੰਗਲੈਂਡ ਵਿੱਚ ਫਾਰਮੀ-ਘੋੜਿਆਂ ਨੂੰ, ਇੱਕ ਵੱਡਮੁੱਲੀ ਸੰਪਤੀ ਹੋਣ ਕਾਰਨ, ਅੰਗਰੇਜ਼ ਕਿਸਾਨਾਂ ਦੇ ਮੁਕਾਬਲੇ ਖਾਣ ਨੂੰ ਕਿਤੇ ਚੰਗੇਰਾ ਮਿਲਦਾ ਹੈ।"**

ਪਰ, ਖ਼ੈਰ ਕੋਈ ਗੱਲ ਨਹੀਂ, ਇੱਕ ਵਾਰੀ ਫੇਰ ਕੌਮੀ ਧਨ, ਆਪਣੇ ਸੁਭਾਅ ਕਰਕੇ ਹੀ, ਲੋਕਾਂ ਦੀ ਗੁਰਬਤ ਨਾਲ਼ ਇੱਕ ਰੂਪ ਹੈ।

ਤਾਂ ਫੇਰ ਇਸ ਬਸਤੀਆਂ ਦੇ ਪੂੰਜੀਵਾਦੀ ਵਿਰੋਧੀ ਕੈਂਸਰ ਦਾ ਕੀ ਇਲਾਜ਼ ਕੀਤਾ ਜਾਵੇ ? ਜੇਕਰ ਲੋਕ ਇੱਕ ਹੀ ਝਟਕੇ ਨਾਲ਼ ਸਾਰੀ ਧਰਤੀ ਨੂੰ ਜਨਤਕ ਜਾਇਦਾਦ ਤੋਂ ਨਿੱਜੀ ਜਾਇਦਾਦ ਵਿੱਚ ਬਦਲ ਦੇਣ ਲਈ ਰਾਜ਼ੀ ਹੋ ਜਾਣ ਤਾਂ ਇਸ ਰੋਗ ਦੀ ਜੜ੍ਹ ਕੱਟੀ ਜਾਇਗੀ, ਪਰ ਨਾਲ਼ ਹੀ ਬਸਤੀਆਂ ਦੀ ਵੀ। ਤਰਕੀਬ ਇਹ ਸੋਚਣੀ ਹੈ ਕਿ ਇੱਕੋ ਤੀਰ ਨਾਲ਼ ਦੋ ਨਿਸ਼ਾਨੇ ਕਿਵੇਂ ਫੁੰਡੇ ਜਾ ਸਕਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੂਰਤੀ ਅਤੇ ਮੰਗ ਦੇ ਨੇਮ ਨੂੰ ਇੱਕ ਪਾਸੇ ਰੱਖ ਕੇ ਅਛੂਤੀ ਧਰਤੀ ਦੀ ਇੱਕ ਬਣਾਉਟੀ ਕੀਮਤ ਮਿੱਥ ਦੇਵੇ, ਕੀਮਤ ਵੀ ਉਹ ਹੋਵੇ ਜਿਹੜੀ ਆਵਾਸੀ ਨੂੰ ਇਸ ਗੱਲ ਲਈ ਮਜਬੂਰ ਕਰੇ ਕਿ ਉਹ ਜ਼ਮੀਨ ਖਰੀਦਣ ਲਈ ਚੋਖਾ ਰੁਪਿਆ ਕਮਾ ਸਕਣ, ਅਤੇ ਆਪਣੇ ਆਪ ਨੂੰ ਇੱਕ ਸਵੈਧੀਨ ਕਿਸਾਨ ਬਣਾ

---

*ਉਪ. ਪੁ, ਪੰਨੇ 191, 192.

**ਉਪ. ਪੁ, ਸੈਂਚੀ 1, ਪੰਨੇ 47, 246.

ਲੈਣ ਤੋਂ ਪਹਿਲਾਂ ਲੰਮਾ ਸਮਾਂ ਉਜਰਤਾਂ ਉੱਤੇ ਕੰਮ ਕਰੇ।* ਇਤਨੀ ਵਧੇਰੇ ਕੀਮਤ ਉੱਤੇ, ਜੋ ਉਜਰਤੀ-ਮਜ਼ਦੂਰਾਂ ਲਈ ਅਦਾ ਕਰਨੀ ਲਗਭਗ ਅਸੰਭਵ ਹੋਵੇ, ਜ਼ਮੀਨ ਵੇਚ ਕੇ, ਪੂਰਤੀ ਅਤੇ ਮੰਗ ਦੇ ਪਵਿੱਤਰ ਕਾਨੂੰਨ ਦੀ ਉਲੰਘਣਾ ਕਰਕੇ ਕਿਰਤ ਦੀਆਂ ਉਜਰਤਾਂ ਤੋਂ ਪ੍ਰਾਪਤ ਕੀਤੇ ਧੰਨ ਨਾਲ਼ ਜੋ ਫ਼ੰਡ ਬਣੇ, ਸਰਕਾਰ ਉਸ ਨੂੰ, ਦੂਜੇ ਪਾਸੇ, ਜਿਸ ਨਿਸਬਤ ਨਾਲ਼ ਇਹ ਵਧਦਾ ਜਾਂਦਾ ਹੈ, ਯੂਰਪ ਤੋਂ ਭੁੱਖੇ-ਨੰਗਿਆਂ ਨੂੰ ਬਸਤੀਆਂ ਵਿੱਚ ਲਿਆਉਣ, ਅਤੇ ਇਸ ਪ੍ਰਕਾਰ ਪੂੰਜੀਪਤੀਆਂ ਲਈ ਕਿਰਤ-ਮੰਡੀ ਨੂੰ ਭਰਪੂਰ ਰੱਖਣ ਲਈ ਵਰਤ ਸਕਦੀ ਹੈ। ਐਸੀ ਹਾਲਤ ਵਿੱਚ «tout sera pour le mieux dans le meilleur des mondes possibles» ("ਸਾਰੇ ਸੰਸਾਰਾਂ ਨਾਲ਼ੋਂ ਚੰਗੇ ਇਸ ਸੰਸਾਰ ਵਿੱਚ ਹਰ ਚੀਜ਼ ਭਲਾਈ ਲਈ ਹੋਵੇਗੀ।") ਇਹ "ਸਿਲਸਿਲੇਵਾਰ ਬਸਤੀਕਰਨ" ਦਾ ਵੱਡਾ ਰਾਜ਼ ਹੈ।

ਵੇਕਫ਼ੀਲਡ ਜਿੱਤ ਦੀ ਖੁਸ਼ੀ ਵਿੱਚ ਚੀਕ ਉੱਠਦਾ ਹੈ ਕਿ ਇਸ ਯੋਜਨਾ ਨਾਲ਼ "ਕਿਰਤੀ ਦੀ ਪੂਰਤੀ ਲਾਜ਼ਮੀ ਹੀ ਨਿਰੰਤਰ ਅਤੇ ਬਾਕਾਇਦਾ ਹੋ ਜਾਏਗੀ ਕਿਉਂਕਿ, ਪਹਿਲੀ ਗੱਲ, ਕੋਈ ਵੀ ਕਿਰਤੀ ਜਿੰਨਾਂ ਚਿਰ ਉਹ ਧੰਨ ਇਕੱਠਾ ਕਰਨ ਲਈ ਕੰਮ ਨਹੀਂ ਕਰ ਲੈਂਦਾ ਜ਼ਮੀਨ ਖਰੀਦਣ ਦੇ ਸਮਰਥ ਨਹੀਂ ਹੋ ਸਕੇਗਾ। ਅਤੇ ਸਾਰੇ ਹੀ ਆਵਾਸੀ ਲੰਮੇ ਸਮੇਂ ਤੱਕ ਮਿਲਕੇ ਕੰਮ ਕਰਦੇ ਹੋਏ ਵਧੇਰੇ ਕਿਰਤੀਆਂ ਨੂੰ ਨੌਕਰ ਰੱਖਣ ਲਈ ਪੂੰਜੀ ਪੈਦਾ ਕਰਨਗੇ; ਦੂਜੀ ਗੱਲ, ਹਰ ਉਹ ਮਜ਼ਦੂਰ ਜਿਹੜਾ ਉਜਰਤ ਲਈ ਕੰਮ ਕਰਨਾ ਬੰਦ ਕਰਕੇ ਖੁਦ ਭੂਮੀਪਤੀ ਬਣੇਗਾ, ਉਹ ਜ਼ਮੀਨ ਖਰੀਦ ਕੇ ਬਸਤੀ ਵਿੱਚ ਨਵੀਂ ਕਿਰਤ ਲਿਆਉਣ ਲਈ ਇੱਕ ਫੰਡ ਮੁਹੱਈਆ ਕਰੇਗਾ।"**

ਰਾਜ ਵੱਲੋਂ ਮਿਥੀ ਗਈ ਜ਼ਮੀਨ ਦੀ ਕੀਮਤ, ਨਿਰਸੰਦੇਹ, "ਚੋਖੀ ਕੀਮਤ" ਹੋਣੀ ਚਾਹੀਦੀ ਹੈ – ਭਾਵ, ਇੰਨੀ ਜ਼ਿਆਦਾ "ਕਿ ਕਿਰਤੀ ਉਨਾ ਚਿਰ ਸਵੈਧੀਨ ਭੂਮੀਪਤੀ ਨਾ ਬਣ ਸਕਣ ਜਿੰਨਾ ਚਿਰ ਉਹਨਾਂ ਦੀ ਥਾਂ ਲੈਣ ਲਈ ਨਵੇਂ ਨਾ ਆ ਜਾਣ।"*** ਇਹ

* Colins, ਉਪ. ਪੁ. ਖੰਡ 3, ਪੰਨੇ 267-271, ਵਿੱਚੋਂ। "ਤਾਂ ਤੁਸੀਂ ਇਹ ਕਹਿੰਦੇ ਹੋ ਕਿ ਜ਼ਮੀਨ ਅਤੇ ਪੂੰਜੀ ਕੁਝ ਵਿਅਕਤੀਆਂ ਦੀ ਨਿੱਜੀ ਮਲਕੀਅਤ ਹੋਣ ਦਾ ਹੀ ਨਤੀਜਾ ਹੈ ਕਿ ਜਿਸ ਬੰਦੇ ਕੋਲ ਆਪਣੇ ਹੱਥਾਂ ਤੋਂ ਸਿਵਾ ਕੁਝ ਨਹੀਂ, ਉਸ ਨੂੰ ਵੀ ਕੰਮ ਮਿਲ ਜਾਂਦਾ ਹੈ ਤੇ ਉਹ ਰੋਜ਼ੀ ਕਮਾ ਸਕਦਾ ਹੈ... ਮੈਂ ਕਹਿੰਦਾ ਹਾਂ ਕਿ ਗੱਲ ਇਸ ਦੇ ਉਲਟ ਹੈ। ਭੂਮੀ ਉੱਤੇ ਕੁਝ ਲੋਕਾਂ ਦੇ ਨਿੱਜੀ ਕਬਜ਼ੇ ਦਾ ਹੀ ਇਹ ਨਤੀਜਾ ਹੈ ਕਿ ਕੁਝ ਲੋਕ ਅਜਿਹੇ ਹਨ ਜਿਨ੍ਹਾਂ ਕੋਲ ਆਪਣੇ ਹੱਥਾਂ ਤੋਂ ਸਿਵਾਏ ਕੁਝ ਨਹੀਂ.... ਜਦੋਂ ਤੁਸੀਂ ਕਿਸੇ ਆਦਮੀ ਨੂੰ ਖਲਾਅ ਵਿੱਚ ਬੰਦ ਕਰ ਦੇਂਦੇ ਹੋ ਤਾਂ ਉਹਦੇ ਲਈ ਹਵਾ ਪ੍ਰਾਪਤੀ ਅਸੰਭਵ ਬਣਾ ਦੇਂਦੇ ਹੋ। ਜਦੋਂ ਤੁਸੀਂ ਜ਼ਮੀਨ ਉੱਤੇ ਕਬਜ਼ਾ ਕਰ ਲੈਂਦੇ ਹੋ ਤਾਂ ਵੀ ਤੁਸੀਂ ਇੰਝ ਹੀ ਕਰਦੇ ਹੋ.... ਤੁਸੀਂ ਬੰਦੇ ਨੂੰ ਇੱਕ ਖਲਾਅ ਵਿੱਚ ਬੰਦ ਕਰ ਦੇਂਦੇ ਹੋ ਜਿਥੇ ਭੋਰਾ ਵੀ ਧਨ ਨਹੀਂ ਰਹਿਣ ਦਿੱਤਾ ਗਿਆ ਤੇ ਇਹ ਤੁਸੀਂ ਇਸ ਲਈ ਕਰਦੇ ਹੋ ਕਿ ਆਦਮੀ ਸਦਾ ਤੁਹਾਡੀ ਇੱਛਾ ਦਾ ਦਾਸ ਰਹੇ।"

** ਵੇਕਫ਼ੀਲਡ, ਉਪ. ਪੁ. ਸੈਂਚੀ 11, ਪੰਨਾ 192.

*** ਉਪ. ਪੁ, ਪੰਨਾ 45.

"ਜ਼ਮੀਨ ਦੀ ਚੋਖੀ ਕੀਮਤ" ਉਸ ਤਾਵਾਨ ਲਈ ਇੱਕ ਸੁੰਦਰ-ਭਾਸ਼ਾ ਦੇ ਹੇਰ-ਫੇਰ ਤੋਂ ਬਿਨਾਂ ਕੁਝ ਵੀ ਨਹੀਂ ਜਿਹੜਾ ਕਿਰਤੀ ਪੂੰਜੀਪਤੀ ਨੂੰ ਇਸ ਲਈ ਅਦਾ ਕਰਦਾ ਹੈ ਕਿ ਉਜਰਤੀ ਕਿਰਤ ਦੀ ਮੰਡੀ ਵਿੱਚੋਂ ਛੁੱਟੀ ਪਾ ਕੇ ਜ਼ਮੀਨ ਉੱਤੇ ਖੇਤੀ ਕਰਨ ਲਗੇ। ਪਹਿਲਾਂ ਤਾਂ ਉਸ ਨੂੰ ਪੂੰਜੀਪਤੀ ਲਈ "ਪੂੰਜੀ" ਪੈਦਾ ਕਰਨੀ ਪੈਂਦੀ ਹੈ ਜਿਸ ਨਾਲ਼ ਉਹ ਵਧੇਰੇ ਕਿਰਤੀਆਂ ਦੀ ਲੁੱਟ-ਚੋਂਘ ਕਰ ਸਕਦਾ ਹੈ; ਫੇਰ ਉਸ ਨੂੰ ਆਪਣੇ ਹੀ ਖਰਚੇ ਉੱਤੇ ਕਿਰਤ ਦੀ ਮੰਡੀ ਵਿੱਚ ਆਪਣਾ ਬਦਲ ਲਿਆਉਣਾ ਪੈਂਦਾ ਹੈ ਜਿਸ ਨੂੰ ਸਰਕਾਰ ਉਸ ਦੇ ਪੁਰਾਣੇ ਮਾਲਕ - ਪੂੰਜੀਪਤੀ - ਦੇ ਲਾਭ ਹਿੱਤ, ਸਮੁੰਦਰੋਂ ਪਾਰ ਭੇਜਦੀ ਹੈ।

ਇਹ ਬੜੀ ਲਖਣਾਇਕ ਗੱਲ ਹੈ ਕਿ ਸਾਲਾਂ ਤੋਂ ਅੰਗਰੇਜ਼ ਸਰਕਾਰ "ਆਰੰਭਕ ਇਕੱਤਰੀਕਰਨ" ਦੀ ਉਸ ਵਿਧੀ ਨੂੰ ਅਮਲ ਵਿੱਚ ਲਿਆ ਰਹੀ ਹੈ ਜਿਹੜੀ ਮਿ. ਵੇਕਫ਼ੀਲਡ ਨੇ ਖ਼ਾਸ ਕਰਕੇ ਬਸਤੀਆਂ ਵਿੱਚ ਵਰਤਣ ਦਾ ਸੁਝਾਓ ਦਿੱਤਾ ਹੈ। ਨਿਰਸੰਦੇਹ, ਇਹ ਉਂਝ ਹੀ ਪੂਰੀ ਤਰ੍ਹਾਂ ਅਸਫ਼ਲ ਰਹੀ ਜਿਵੇਂ ਸਰ ਰੌਬਰਟ ਪੀਲ ਦਾ ਬੈਂਕ-ਕਾਨੂੰਨ ਅਸਫ਼ਲ ਰਿਹਾ ਸੀ।*

ਪਰਵਾਸੀਆਂ ਦੀ ਧਾਰਾ ਨੇ ਆਪਣਾ ਰੁਖ਼ ਬਰਤਾਨਵੀ ਬਸਤੀਆਂ ਵੱਲੋਂ ਹਟਾ ਕੇ ਸੰਯੁਕਤ ਰਾਜ ਅਮਰੀਕਾ ਵੱਲ ਕਰ ਲਿਆ। ਇਚਰ ਨੂੰ, ਯੂਰਪ ਵਿੱਚ ਪੂੰਜੀਵਾਦੀ ਉਤਪਾਦਨ ਦੀ ਉੱਨਤੀ ਅਤੇ ਵਧ ਰਹੇ ਸਰਕਾਰੀ ਦਬਾ ਨੇ ਵੇਕਫ਼ੀਲਡ ਦੇ ਨੁਸਖੇ ਨੂੰ ਗੈਰ-ਜ਼ਰੂਰੀ ਬਣਾ ਦਿੱਤਾ। ਇੱਕ ਪਾਸੇ, ਮਨੁੱਖਾਂ ਦੀ ਇੱਕ ਜ਼ਬਰਦਸਤ ਅਤੇ ਅਨੰਤ ਧਾਰਾ ਜੋ ਸਾਲ-ਹਾ-ਸਾਲ ਅਮਰੀਕਾ ਪਹੁੰਚ ਰਹੀ ਸੀ। ਸੰਯੁਕਤ ਰਾਜ ਅਮਰੀਕਾ ਦੇ ਪੂਰਬ ਵਿੱਚ ਇੱਕ ਸਥਾਈ ਤਲਛੱਟ ਛੱਡੀ ਜਾਂਦੀ ਸੀ, ਕਿਉਂਕਿ ਯੂਰਪ ਤੋਂ ਆਵਾਸੀਆਂ ਦੀ ਲਹਿਰ ਜਿੰਨੀ ਤੇਜ਼ੀ ਨਾਲ਼ ਮਨੁੱਖਾਂ ਨੂੰ ਲਿਆ ਕੇ ਉੱਥੇ ਕਿਰਤ-ਮੰਡੀ ਵਿੱਚ ਸੁੱਟੀ ਜਾਂਦੀ, ਉਨੀ ਤੇਜ਼ੀ ਨਾਲ਼ ਪੱਛਮ ਵੱਲ ਵਧਦੀ ਪਰਵਾਸੀਆਂ ਦੀ ਲਹਿਰ ਉਹਨਾਂ ਨੂੰ ਉਥੋਂ ਲਿਜਾ ਨਾ ਸਕਦੀ। ਦੂਜੇ ਪਾਸੇ, ਅਮਰੀਕਾ ਦੀ ਘਰੇਲੂ ਜੰਗ ਦੇ ਨਾਲ਼ ਹੀ ਦੇਵ-ਆਕਾਰ ਕੌਮੀ ਕਰਜ਼ਾ ਚੜ੍ਹਿਆ, ਟੈਕਸਾਂ ਦਾ ਭਾਰ ਵਧਿਆ,

---

* 1844 ਦੇ ਬੈਂਕ ਐਕਟ ਵੱਲ ਸੰਕੇਤ ਹੈ। ਬੈਂਕ ਨੋਟਾਂ ਦੇ ਸੋਨੇ ਨਾਲ਼ ਵਟਾਂਦਰੇ ਸਬੰਧੀ ਔਕੜਾਂ ਤੋਂ ਬਚਣ ਦੇ ਉਦਮ ਵਿੱਚ ਬਰਤਾਨੀਆਂ ਦੀ ਸਰਕਾਰ ਨੇ ਸਰ ਰੌਬਰਟ ਪੀਲ ਦੀ ਪਹਿਲਕਦਮੀ ਦਾ ਸਮਰਥਨ ਕੀਤਾ ਅਤੇ 1844 ਵਿੱਚ ਬੈਂਕ ਆਫ਼ ਇੰਗਲੈਂਡ ਦੇ ਸੁਧਾਰ ਲਈ ਇੱਕ ਕਨੂੰਨ ਬਣਾਇਆ। ਇਸ ਦੀ ਦੋ ਸੁਤੰਤਰ ਭਾਗਾਂ ਵਿੱਚ ਉਪ-ਵੰਡ ਕੀਤੀ ਗਈ: ਬੈਂਕ ਅਤੇ ਨੋਟ-ਨਿਕਾਸ; ਇਸ ਤੋਂ ਇਲਾਵਾ, ਸੋਨੇ ਤੋਂ ਬੈਂਕ ਨੋਟਾਂ ਦੇ ਵਟਾਂਦਰੇ ਦੀ ਇਕ ਨਿਸ਼ਚਿਤ ਨਿਸਬਤ ਬੰਨ੍ਹ ਦਿੱਤੀ ਗਈ। ਸੋਨੇ ਦੀ ਜ਼ਾਮਨੀ ਤੋਂ ਬਿਨਾਂ ਜਾਰੀ ਕੀਤੇ ਜਾਣ ਵਾਲੇ ਨੋਟਾਂ ਦੀ ਹੱਦ 1.4 ਕਰੋੜ ਪੌਂਡ ਸੀਮਤ ਕਰ ਦਿੱਤੀ ਗਈ। ਪਰੰਤੂ, ਬੈਂਕ ਦੇ ਕਾਨੂੰਨ ਦੀਆਂ ਵਿਵਸਥਾਵਾਂ ਦੇ ਬਾਵਜੂਦ, ਅਸਲ ਵਿੱਚ ਨੋਟਾਂ ਦੀ ਗਿਣਤੀ ਉਸ ਵੰਡ ਉੱਤੇ ਨਿਰਭਰ ਨਹੀਂ ਸੀ ਕਰਦੀ ਜਿਹੜਾ ਸੋਨੇ ਦੀ ਸ਼ਕਲ ਵਿੱਚ ਇਹਨਾਂ ਦੀ ਜ਼ਾਮਨੀ ਕਰਦਾ ਸੀ ਸਗੋਂ ਪਰਚਲਣ ਦੇ ਖੇਤਰ ਵਿੱਚ ਨੋਟਾਂ ਦੀ ਮੰਗ ਉੱਤੇ ਨਿਰਭਰ ਸੀ। ਆਰਥਕ ਸੰਕਟਾਂ ਦੌਰਾਨ, ਜਦੋਂ ਰੁਪੈ ਦੀ ਲੋੜ ਖ਼ਾਸ ਕਰਕੇ ਤੀਬਰ ਹੋਈ, ਬਰਤਾਨੀਆ ਦੀ ਸਰਕਾਰ ਨੇ 1844 ਦੇ ਐਕਟਾਂ ਨੂੰ ਆਰਜ਼ੀ ਤੌਰ 'ਤੇ ਰੱਦ ਕਰ ਦਿੱਤਾ ਅਤੇ ਨੋਟਾਂ ਦੀ ਗਿਣਤੀ ਵਧਾ ਦਿੱਤੀ ਜਿਨ੍ਹਾਂ ਨੂੰ ਸੋਨੇ ਦੀ ਜ਼ਾਮਨੀ ਨਹੀਂ ਸੀ। **—ਸੰਪਾ.**

ਨੀਚਤਮ ਮਾਲੀ ਅਮੀਰਸ਼ਾਹੀ ਵਿੱਚ ਵਾਧਾ ਹੋਇਆ, ਰੇਲਾਂ ਅਤੇ ਖਾਨਾਂ, ਆਦਿ ਤੋਂ ਮੁਨਾਫ਼ੇ ਕਮਾਉਣ ਲਈ ਜਨਤਕ ਭੂਮੀ ਦਾ ਇੱਕ ਬਹੁਤ ਵੱਡਾ ਹਿੱਸਾ ਇਸ ਮੰਤਵ ਲਈ ਕਾਇਮ ਸੱਟੇਬਾਜ਼ ਕੰਪਨੀਆਂ ਹਵਾਲੇ ਹੋ ਗਿਆ। ਮੁੱਕਦੀ ਗੱਲ, ਪੂੰਜੀ ਦਾ ਅਤਿਅੰਤ ਤੇਜ਼ੀ ਨਾਲ਼ ਕੇਂਦਰੀਕਰਨ ਹੋਇਆ। ਇਸ ਲਈ ਇਹ ਮਹਾਨ ਗਣਰਾਜ ਪਰਵਾਸੀ ਮਜ਼ਦੂਰਾਂ ਲਈ ਇਕਰਾਰ-ਭਰੀ ਧਰਤੀ ਨਾ ਰਹਿ ਗਿਆ। ਉਥੇ ਪੂੰਜੀਵਾਦੀ ਉਤਪਾਦਨ ਮ੍ਰਿਗ-ਛਾਲਾਂ ਮਾਰ ਅੱਗੇ ਵਧ ਰਿਹਾ ਹੈ, ਉਜਰਤੀ-ਕਾਮਿਆਂ ਦੀਆਂ ਉਜਰਤਾਂ ਘੱਟ ਕਰਕੇ ਅਤੇ ਉਹਨਾਂ ਦੀ ਗ਼ੁਲਾਮੀ ਨੂੰ ਵਧਾ ਕੇ ਹਾਲੇ ਸਾਧਾਰਨ ਯੂਰਪੀ ਪੱਧਰ ਤੱਕ ਨਹੀਂ ਪਹੁੰਚਾਇਆ ਜਾ ਸਕਿਆ। ਅਣਵਾਹੀ ਪਈ ਬਸਤੀਵਾਦੀ ਭੂਮੀ ਨੂੰ ਸਰਕਾਰ ਬੜੇ ਲੱਜਾਹੀਨ ਢੰਗ ਨਾਲ਼ ਅਮੀਰਾਂ-ਰਈਸਾਂ ਅਤੇ ਪੂੰਜੀਪਤੀਆਂ ਨੂੰ ਲੁਟਾ ਰਹੀ ਹੈ। ਇਸ ਦੀ ਵੇਕਫ਼ੀਲਡ ਨੇ ਬੜੀ ਖੁੱਲ੍ਹ ਕੇ ਨਿੰਦਾ ਕੀਤੀ ਹੈ। ਖਾਸ ਕਰਕੇ ਆਸਟਰੇਲੀਆ* ਵਿੱਚ ਇਸ ਗੱਲ ਨੇ, ਸੋਨੇ ਦੀਆਂ ਖਾਨਾਂ ਦੇ ਖਿੱਚੇ ਆਏ ਮਨੁੱਖਾਂ ਦੀ ਇੱਕ ਅਮੁੱਕ ਧਾਰਾ, ਅਤੇ ਉਸ ਮੁਕਾਬਲੇ ਨਾਲ਼ ਮਿਲ ਕੇ ਜਿਹੜਾ ਛੋਟੇ ਤੋਂ ਛੋਟੇ ਕਾਰੀਗਰ ਨੂੰ ਵੀ ਇੰਗਲੈਂਡ ਦੇ ਬਣੇ ਮਾਲ ਦੇ ਉੱਥੇ ਆਉਣ ਕਾਰਨ ਕਰਨਾ ਪੈਂਦਾ ਹੈ, ਇੱਕ ਚੋਖੀ "ਸਾਪੇਖਕ ਵਾਧੂ ਕਿਰਤੀ ਵਸੋਂ" ਪੈਦਾ ਕਰ ਦਿੱਤੀ ਹੈ। ਨਤੀਜੇ ਵਜੋਂ ਜਦੋਂ ਆਸਟਰੇਲੀਆ ਦੀ ਕਿਰਤ ਮੰਡੀ ਅੱਟੀ" ਪਈ ਹੈ, ਅਤੇ ਉੱਥੇ ਕਈ ਥਾਈਂ ਵੇਸ਼ਵਾਗਮਨ ਇੰਨਾ ਬੇਲਗਾਮ ਢੰਗ ਨਾਲ਼ ਫੈਲ ਰਿਹਾ ਹੈ ਜਿੰਨਾ ਲੰਡਨ ਦੀ ਹੇਮਾਰਕੀਟ ਵਿੱਚ ਫੈਲਿਆ ਹੋਇਆ ਹੈ।

ਪਰੰਤੂ, ਇੱਥੇ ਸਾਡਾ ਸਬੰਧ ਬਸਤੀਆਂ ਦੀ ਹਾਲਤ ਨਾਲ਼ ਨਹੀਂ ਹੈ। ਸਾਡੀ ਦਿਲਚਸਪੀ ਦੀ ਇੱਕੋ ਇੱਕ ਚੀਜ਼ ਕੇਵਲ ਉਹ ਰਹੱਸ ਹੈ ਜੋ ਪੁਰਾਣੀ ਦੁਨੀਆਂ ਦੇ ਰਾਜਨੀਤਕ-ਅਰਥ ਸ਼ਾਸਤਰੀਆਂ ਨੇ ਨਵੀਂ ਦੁਨੀਆਂ ਵਿੱਚ ਲੱਭਿਆ ਹੈ ਅਤੇ ਜਿਸ ਦਾ ਉਹ ਕੋਠੇ ਚੜ੍ਹ ਰੌਲਾ ਪਾ ਰਹੇ ਹਨ। ਉਹ ਇਹ ਹੈ ਕਿ ਉਤਪਾਦਨ ਦੀ ਪੂੰਜੀਵਾਦੀ ਪ੍ਰਣਾਲੀ ਅਤੇ ਇਕੱਤਰੀਕਰਨ, ਅਤੇ ਇਸ ਲਈ ਪੂੰਜੀਵਾਦੀ ਨਿੱਜੀ ਜਾਇਦਾਦ ਦੀ ਬੁਨਿਆਦੀ ਸ਼ਰਤ ਇਹ ਹੈ ਕਿ ਆਪ-ਕਮਾਈ ਨਿੱਜੀ-ਜਾਇਦਾਦ ਦਾ ਵਿਨਾਸ਼ ਕੀਤਾ ਜਾਏ, ਦੂਜੇ ਸ਼ਬਦਾਂ ਵਿੱਚ, ਕਿਰਤੀ ਦੀ ਜਾਇਦਾਦ ਖੋਹੀ ਜਾਏ।

•••

* ਜਦੋਂ ਆਸਟਰੇਲੀਆ ਆਪਣੇ ਲਈ ਆਪ ਕਨੂੰਨ ਬਣਾਉਣ ਲੱਗਾ, ਤਾਂ ਉਸ ਨੇ, ਜ਼ਾਹਰ ਹੈ, ਉੱਥੇ ਵਸੇ ਲੋਕਾਂ ਦੇ ਹੱਕ ਵਿੱਚ ਕਨੂੰਨ ਬਣਾਏ, ਪਰ ਅੰਗਰੇਜ਼ ਸਰਕਾਰ ਵਲੋਂ ਇਸ ਤੋਂ ਪਹਿਲਾਂ ਹੀ ਲੁਟਾਈ ਜਾ ਚੁੱਕੀ ਜ਼ਮੀਨ, ਉਸ ਦੇ ਰਸਤੇ ਦੀ ਰੁਕਾਵਟ ਬਣਦੀ ਹੈ।" 1862 ਦੇ ਨਵੇਂ ਭੂਮੀ ਕਨੂੰਨ ਦਾ ਪਹਿਲਾ ਤੇ ਮੁੱਖ ਨਿਸ਼ਾਨਾ ਲੋਕਾਂ ਦੇ ਵਧਾਉਣ ਲਈ ਪਹਿਲਾਂ ਤੋਂ ਵੱਧ ਸਹੂਲਤਾਂ ਦੇਣਾ ਹੈ।" («The Land Law of Victoria» by the Hon. G. Duffy, Minister of Public Lands. 1862)



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 45. ਰੁਪਏ